Watch
PUNJAB MAIL USA
TV Channel
On IP box, App, Website
For Advertisement
916-320-9444

A Voice of NRI's

ਸੈਕਰਾਮੈਂਟੋ ਤੋਂ ਪ੍ਰਕਾਸ਼ਤ ਹੋਣ ਵਾਲਾ ਪਹਿਲਾ ਪੰਜਾਬੀ ਅਖ਼ਬਾਰ

# ਪੰਜਾਬ ਮੇਲ

ਯੂ. ਐੱਸ. ਏ.

Chief Editor: Gurjatinder Singh Randhawa

Punjab Mail USA




Vol. 17, Issue- 745, 13 to 19 Apr. 2023, Ph: 916-320-9444, E-mail: punjabmailusa@yahoo.com, Web: punjabmailusa.com

## ਕੈਲੀਫੋਰਨੀਆ ਅਸੈਂਬਲੀ ਵੱਲੋਂ ਨਵੰਬਰ 1984 'ਚ ਭਾਰਤ ਵਿਚ ਹੋਈ

# ਸਿੱਖ ਨਸਲਕੁਸ਼ੀ ਦੇ ਖਿਲਾਫ ਮਤਾ ਪਾਸ

**ਸੈਕਰਾਮੈਂਟੋ, (ਪੰਜਾਬ ਮੇਲ)-** ਕੈਲੀਫੋਰਨੀਆ ਸਟੇਟ ਅਸੈਂਬਲੀ ਵੱਲੋਂ ਭਾਰਤ ਵਿਚ ਨਵੰਬਰ 1984 ਦੀ ਸਿੱਖ ਵਿਰੋਧੀ ਹਿੰਸਾ ਨੂੰ ਨਸਲਕੁਸ਼ੀ ਕਰਾਰ ਦੇਣ 'ਤੇ ਗਦਰੀ ਬਾਬਿਆਂ ਦੇ ਇਤਿਹਾਸਕ ਗੁਰਦੁਆਰਾ ਸਾਹਿਬ ਸਟਾਕਟਨ ਵਿਖੇ ਵੱਖ-ਵੱਖ ਸਿੱਖ ਆਗੂਆਂ ਨੂੰ ਸਨਮਾਨਿਤ ਕੀਤਾ ਗਿਆ, ਜਿਨ੍ਹਾਂ ਵਿਚ ਇਸ ਮਤੇ ਨੂੰ ਅਸੈਂਬਲੀ ਵਿਚ ਪੇਸ਼ ਕਰਨ ਵਾਲੀ ਪਹਿਲੀ ਸਿੱਖ ਬੀਬੀ ਜਸਮੀਤ ਕੌਰ ਬੈਂਸ, ਅਸੈਂਬਲੀ ਮੈਂਬਰ ਕਾਰਲੋਸ ਵਿਲਾਪੁਡੁਆ, ਕਾਉਂਟੀ ਸੁਪਰਵਾਈਜ਼ਰ ਮਨਮੀਤ ਸਿੰਘ ਗਰੇਵਾਲ, ਐਲਕ ਗਰੋਵ ਸ਼ਹਿਰ ਦੀ ਮੇਅਰ ਬੌਬੀ ਸਿੰਘ ਐਲਨ, ਸਿੱਖ ਕਾਕਸ ਕਮੇਟੀ ਦੇ ਸਾਬਕਾ ਕਾਰਜਕਾਰੀ ਡਾਇਰੈਕਟਰ ਹਰਪ੍ਰੀਤ ਸਿੰਘ ਸੰਧੂ ਸ਼ਾਮਲ ਸਨ। ਇਸ ਦੌਰਾਨ ਡਾ. ਪ੍ਰਿਤਪਾਲ ਸਿੰਘ ਨੇ ਅਸੈਂਬਲੀ ਮੈਂਬਰਾਂ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ।



ਗੁਰਦੁਆਰਾ ਸਾਹਿਬ ਸਟਾਕਟਨ ਵਿਖੇ ਅਸੈਂਬਲੀ ਮੈਂਬਰ ਬੀਬੀ ਜਸਮੀਤ ਕੌਰ ਬੈਂਸ ਅਤੇ ਅਸੈਂਬਲੀ ਮੈਂਬਰ ਕਾਰਲੋਸ ਵਿਲਾਪੁਡੁਆ ਨੂੰ ਸਨਮਾਨਿਤ ਕਰਦੀਆਂ ਹੋਈਆਂ ਸ਼ਖਸੀਅਤਾਂ।

ਜ਼ਿਕਰਯੋਗ ਹੈ ਕਿ ਅਮਰੀਕਾ ਦੀ ਕੈਲੀਫੋਰਨੀਆ ਸਟੇਟ ਅਸੈਂਬਲੀ ਵੱਲੋਂ ਭਾਰਤ ਵਿਚ ਨਵੰਬਰ 1984 ਦੌਰਾਨ ਸਿੱਖ ਵਿਰੋਧੀ ਹਿੰਸਾ ਨੂੰ ਨਸਲਕੁਸ਼ੀ ਕਰਾਰ ਦਿੰਦੇ ਹੋਏ ਇਕ ਮਤਾ ਪਾਸ ਕੀਤਾ ਗਿਆ ਹੈ। ਕੈਲੀਫੋਰਨੀਆ ਅਸੈਂਬਲੀ ਵਿਚ ਪਹਿਲੀ ਵਾਰ ਸਿੱਖ ਮੈਂਬਰ ਜਸਮੀਤ ਕੌਰ ਬੈਂਸ ਦੁਆਰਾ 22 ਮਾਰਚ, 2023 ਨੂੰ ਇਹ ਮਤਾ ਪੇਸ਼ ਕੀਤਾ ਗਿਆ ਸੀ, ਜੋ ਕਿ ਸਰਬਸੰਮਤੀ ਨਾਲ ਪਾਸ ਹੋ ਗਿਆ। ਇਸ ਨੂੰ ਅਸੈਂਬਲੀ ਮੈਂਬਰ ਕਾਰਲੋਸ ਵਿਲਾਪੁਡੁਆ ਵੱਲੋਂ ਸਹਿ-ਪ੍ਰਯੋਜਿਤ ਕੀਤਾ ਗਿਆ ਸੀ। ਇਕ ਹੋਰ ਹਿੰਦੂ ਅਸੈਂਬਲੀ ਮੈਂਬਰ ਐਸ਼ ਕਾਲੜਾ ਨੇ ਵੀ ਇਸ ਦੇ ਹੱਕ ਵਿਚ ਵੋਟ ਪਾਈ।

ਅਮਰੀਕਨ ਸਿੱਖ ਕਾਕਸ ਕਮੇਟੀ ਦੇ ਕੋਆਰਡੀਨੇਟਰ ਡਾ. ਪ੍ਰਿਤਪਾਲ ਸਿੰਘ ਅਤੇ ਹੋਰ ਅਮਰੀਕੀ ਸਿੱਖ ਸੰਸਥਾਵਾਂ ਨੇ ਇਹ ਮਤਾ ਪੇਸ਼ ਅਤੇ ਪਾਸ ਕਰਨ ਲਈ ਕੈਲੀਫੋਰਨੀਆ ਸਟੇਟ ਅਸੈਂਬਲੀ ਦੇ ਮੈਂਬਰਾਂ ਦਾ ਧੰਨਵਾਦ ਕੀਤਾ ਹੈ।

ਜ਼ਿਕਰਯੋਗ ਹੈ ਕਿ ਇਹੀ ਮਤਾ 6 ਜਨਵਰੀ, 2022 ਨੂੰ ਨਿਊਜਰਸੀ ਸਟੇਟ ਦੀ ਸੈਨੇਟ ਵੱਲੋਂ ਵੀ ਪਾਸ ਕੀਤਾ ਗਿਆ ਸੀ।

ਸਿੱਖ ਕਾਕਸ ਕਮੇਟੀ ਵੱਲੋਂ ਸੰਯੁਕਤ ਰਾਸ਼ਟਰ ਦੀ ਗਲੋਬਲ ਸਟੀਅਰਿੰਗ ਕਮੇਟੀ ਦੇ ਮੈਂਬਰ ਡਾ: ਇਕਤਿਦਾਰ ਚੀਮਾ ਦਾ ਵੀ ਧੰਨਵਾਦ ਕੀਤਾ ਗਿਆ ਹੈ। ਉਨ੍ਹਾਂ ਦੇ ਵਿਚਾਰ-ਵਟਾਂਦਰੇ ਅਤੇ ਸੰਯੁਕਤ ਰਾਸ਼ਟਰ ਪੱਧਰ 'ਤੇ ਇਨ੍ਹਾਂ ਮੁੱਦਿਆਂ ਨੂੰ ਉਠਾਉਣ ਲਈ ਹੈ।

ਇਸ ਮਤੇ ਵਿਚ ਇਹ ਨਵੰਬਰ 1984 'ਚ ਭਾਰਤ ਵਿਚ ਹੋਈ ਹਿੰਸਾ ਨੂੰ ਨਸਲਕੁਸ਼ੀ ਵਜੋਂ ਨਿੰਦਾ ਕੀਤੀ ਗਈ ਹੈ ਅਤੇ ਕੈਲੀਫੋਰਨੀਆ ਦੀ ਵਿਧਾਨ ਸਭਾ ਨੇ ਯੂਨਾਈਟਿਡ ਸਟੇਟਸ ਕਾਂਗਰਸ ਨੂੰ ਨਵੰਬਰ 1984 ਨੂੰ ਰਸਮੀ ਤੌਰ 'ਤੇ ਮਾਨਤਾ ਦੇਣ ਅਤੇ ਨਿੰਦਾ ਕਰਨ ਦੀ ਅਪੀਲ ਕੀਤੀ ਹੈ। ਇਸ ਦੇ ਨਾਲ ਹੀ ਇਸ ਮਤੇ ਵਿਚ ਭਾਰਤ ਵਿਚ ਸਿੱਖ ਵਿਰੋਧੀ ਹਿੰਸਾ ਨੂੰ ਨਸਲਕੁਸ਼ੀ ਵਜੋਂ ਦਰਸਾਇਆ ਗਿਆ ਹੈ।

ਇਸ ਮੌਕੇ ਕੁਲਜੀਤ ਨਿੱਝਰ, ਦਵਿੰਦਰ ਸਿੰਘ ਬੈਂਸ ਅਤੇ ਹੋਰ ਵੀ ਆਗੂ ਸ਼ਾਮਲ ਸਨ।

## ਰਾਜਨੀਤਿਕ ਪਾਰਟੀਆਂ ਲਈ ਵਕਾਰ ਦਾ ਸਵਾਲ ਬਣੀ

# ਜਲੰਧਰ ਲੋਕ ਸਭਾ ਹਲਕੇ ਦੀ ਜ਼ਿਮਨੀ ਚੋਣ

- **10 ਮਈ ਨੂੰ ਹੋਵੇਗੀ ਚੋਣ, 13 ਮਈ ਨੂੰ ਆਉਣਗੇ ਨਤੀਜੇ**



ਕਰਮਜੀਤ ਕੌਰ ਚੌਧਰੀ (ਕਾਂਗਰਸ) | ਸੁਸ਼ੀਲ ਕੁਮਾਰ ਰਿੰਕੂ (ਆਪ) | ਡਾ. ਸੁਖਵਿੰਦਰ ਕੁਮਾਰ ਸੁੱਖੀ (ਅਕਾਲੀ ਦਲ-ਬਸਪਾ) | ਗੁਰਜੰਟ ਸਿੰਘ ਕੱਟੂ (ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ))


**ਜਲੰਧਰ, (ਪੰਜਾਬ ਮੇਲ)-** ਕਾਂਗਰਸ ਦੇ ਐੱਮ.ਪੀ. ਚੌਧਰੀ ਸੰਤੋਖ ਸਿੰਘ ਦੀ ਮੌਤ ਤੋਂ ਬਾਅਦ ਜਲੰਧਰ ਰਾਖਵੀਂ ਲੋਕ ਸਭਾ ਦੀ ਖਾਲੀ ਹੋਈ ਸੀਟ ਲਈ ਜ਼ਿਮਨੀ ਚੋਣ 10 ਮਈ ਨੂੰ ਹੋਵੇਗੀ ਅਤੇ 13 ਮਈ ਨੂੰ ਵੋਟਾਂ ਦੀ ਗਿਣਤੀ ਹੋਣੀ ਹੈ। ਇਸ ਦੇ ਲਈ ਵੱਖ-ਵੱਖ ਰਾਜਨੀਤਿਕ ਪਾਰਟੀਆਂ ਨੇ ਆਪੋ-ਆਪਣੇ ਉਮੀਦਵਾਰ ਚੋਣ ਮੈਦਾਨ ਵਿਚ ਉਤਾਰਨੇ ਸ਼ੁਰੂ ਕਰ ਦਿੱਤੇ ਹਨ। ਹੁਣ ਤੱਕ ਐਲਾਨ ਕੀਤੇ ਗਏ ਉਮੀਦਵਾਰਾਂ ਵਿਚ ਕਾਂਗਰਸ ਵੱਲੋਂ ਮਰਹੂਮ ਚੌਧਰੀ ਸੰਤੋਖ ਸਿੰਘ ਦੀ ਧਰਮ ਪਤਨੀ ਕਰਮਜੀਤ ਕੌਰ ਚੌਧਰੀ, ਅਕਾਲੀ ਦਲ-ਬਸਪਾ ਗਠਜੋੜ ਵੱਲੋਂ ਬੰਗਾ ਹਲਕੇ ਦੇ ਮੌਜੂਦਾ ਵਿਧਾਇਕ ਡਾ. ਸੁਖਵਿੰਦਰ ਕੁਮਾਰ ਸੁੱਖੀ ਨੂੰ ਆਪਣਾ ਉਮੀਦਵਾਰ ਐਲਾਨਿਆ ਗਿਆ ਹੈ, ਜਦਕਿ ਪੰਜਾਬ ਵਿਚ ਸੱਤਾਧਾਰੀ ਆਮ ਆਦਮੀ ਪਾਰਟੀ ਨੇ ਸੁਸ਼ੀਲ ਕੁਮਾਰ ਰਿੰਕੂ ਨੂੰ ਚੋਣ ਮੈਦਾਨ ਵਿਚ ਉਤਾਰਿਆ ਹੈ। ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਗੁਰਜੰਟ ਸਿੰਘ ਕੱਟੂ ਨੂੰ ਆਪਣਾ ਉਮੀਦਵਾਰ ਐਲਾਨਿਆ ਹੈ। ਭਾਰਤੀ ਜਨਤਾ ਪਾਰਟੀ ਵੱਲੋਂ ਅਧਿਕਾਰਤ ਤੌਰ 'ਤੇ ਭਾਵੇਂ ਆਪਣੇ ਉਮੀਦਵਾਰ ਦਾ ਐਲਾਨ ਹਾਲੇ ਤੱਕ ਨਹੀਂ ਕੀਤਾ ਗਿਆ। ਪਰ ਸਾਬਕਾ ਆਈ.ਪੀ. ਐੱਸ. ਅਧਿਕਾਰੀ ਰਜਿੰਦਰ ਸਿੰਘ ਅਤੇ ਬੀ.ਜੇ.ਪੀ. ਦੇ ਜਨਰਲ ਸਕੱਤਰ ਰਾਜੇਸ਼ ਬੱਗਾ ਦਾ ਨਾਂ ਉੱਭਰ ਕੇ ਸਾਹਮਣੇ ਆ ਰਿਹਾ ਹੈ। ਇਸ ਤੋਂ ਇਲਾਵਾ ਹਾਲੇ ਕਿਸੇ ਹੋਰ ਪ੍ਰਾਂਤਕ ਜਾਂ ਰਾਸ਼ਟਰੀ ਪਾਰਟੀ ਵੱਲੋਂ ਕਿਸੇ ਉਮੀਦਵਾਰ ਦਾ ਨਾਂ ਉਜਾਗਰ ਨਹੀਂ ਕੀਤਾ ਗਿਆ।

ਜਲੰਧਰ ਲੋਕ ਸਭਾ ਹਲਕੇ ਤੋਂ 2019 'ਚ ਚੌਧਰੀ ਸੰਤੋਖ ਸਿੰਘ ਨੇ ਅਕਾਲੀ ਦਲ-ਬੀ.ਜੇ.ਪੀ. ਦੇ ਉਮੀਦਵਾਰ ਚਰਨਜੀਤ ਸਿੰਘ ਅਟਵਾਲ ਨੂੰ 19491 ਵੋਟਾਂ ਦੇ ਫਰਕ ਨਾਲ ਹਰਾਇਆ ਸੀ। ਇਥੋਂ ਬਸਪਾ ਦੇ ਉਮੀਦਵਾਰ 2 ਲੱਖ ਤੋਂ ਜ਼ਿਆਦਾ ਵੋਟਾਂ ਲੈ ਗਏ ਸਨ। ਪਰ ਹੁਣ ਸਮੀਕਰਨ ਬਦਲ ਗਏ ਹਨ। ਅਕਾਲੀ ਦਲ-ਬੀ.ਜੇ.ਪੀ. ਗਠਜੋੜ ਟੁੱਟ ਚੁੱਕਾ ਹੈ ਅਤੇ ਹੁਣ ਅਕਾਲੀ ਦਲ ਦਾ ਗਠਜੋੜ ਬਹੁਜਨ ਸਮਾਜ ਪਾਰਟੀ (ਬਸਪਾ) ਨਾਲ ਹੈ। ਇਸ ਲੋਕ ਸਭਾ ਹਲਕੇ ਵਿਚ 9 ਵਿਧਾਨ ਸਭਾ ਹਲਕੇ ਹਨ, ਜਿਨ੍ਹਾਂ ਵਿਚੋਂ 5 ਹਲਕਿਆਂ ਵਿਚ ਕਾਂਗਰਸ ਅਤੇ 4 'ਚ ਆਪ ਦੇ ਵਿਧਾਇਕ ਹਨ।

ਇਸ ਵਾਰ ਇਹ ਚੋਣਾਂ ਹਰ ਪਾਰਟੀ ਲਈ ਵਕਾਰ ਦਾ ਸਵਾਲ ਬਣੀ ਹੋਈ ਹੈ। ਪੰਜਾਬ ਦੀ ਮੌਜੂਦਾ ਆਪ ਸਰਕਾਰ ਵੱਲੋਂ ਪਹਿਲਾਂ ਹੀ ਸੰਗਰੂਰ ਹਲਕੇ ਦੀ ਚੋਣ ਹਾਰਨ ਤੋਂ ਬਾਅਦ ਹੁਣ ਜਲੰਧਰ ਦੀ ਜ਼ਿਮਨੀ ਚੋਣ ਕਾਫੀ ਮਹੱਤਵ ਰੱਖਦੀ ਹੈ। ਹਰ ਪਾਰਟੀ ਇਹ ਚੋਣ ਜਿੱਤਣ ਦੇ ਦਾਅਵੇ ਕਰ ਰਹੀ ਹੈ। ਪਰ ਇਸ ਬਾਰੇ 13 ਮਈ ਨੂੰ ਹੀ ਪਤਾ ਲੱਗੇਗਾ ਕਿ ਕਿਸ ਪਾਰਟੀ ਨੂੰ ਕਿੰਨੀਆਂ ਵੋਟਾਂ ਮਿਲੀਆਂ ਹਨ।

# ਪਪਲਪ੍ਰੀਤ ਸਿੰਘ ਨੂੰ ਡਿਬਰੂਗੜ੍ਹ ਜੇਲ੍ਹ ਭੇਜਿਆ

- **ਅੰਮ੍ਰਿਤਪਾਲ ਸਬੰਧੀ ਕੋਈ ਵੀ ਜਾਣਕਾਰੀ ਹੋਣ ਤੋਂ ਕੀਤਾ ਇਨਕਾਰ**
- **'ਕਲਸੀ ਨੂੰ ਢੁਕਵੀਂ ਕਾਨੂੰਨੀ ਪ੍ਰਕਿਰਿਆ ਤਹਿਤ ਹਿਰਾਸਤ 'ਚ ਲਿਆ'**



ਕੋਲਕਾਤਾ 'ਚ ਪਪਲਪ੍ਰੀਤ ਨੂੰ ਡਿਬਰੂਗੜ੍ਹ ਜੇਲ੍ਹ 'ਚ ਲਿਜਾਂਦੇ ਹੋਏ ਪੁਲਿਸ ਮੁਲਾਜ਼ਮ।

**ਅੰਮ੍ਰਿਤਸਰ, (ਪੰਜਾਬ ਮੇਲ)-** ਪੰਜਾਬ ਪੁਲਿਸ ਵੱਲੋਂ ਕੌਮੀ ਸੁਰੱਖਿਆ ਐਕਟ (ਐੱਨ.ਐੱਸ.ਏ.) ਤਹਿਤ ਗ੍ਰਿਫ਼ਤਾਰ ਪਪਲਪ੍ਰੀਤ ਸਿੰਘ ਨੂੰ ਆਸਾਮ ਦੀ ਡਿਬਰੂਗੜ੍ਹ ਜੇਲ੍ਹ ਵਿਚ ਭੇਜ ਦਿੱਤਾ ਗਿਆ ਹੈ, ਜਿੱਥੇ ਪਹਿਲਾਂ ਹੀ ਅੱਠ ਸਿੱਖ ਨੌਜਵਾਨ ਐੱਨ.ਐੱਸ.ਏ. ਤਹਿਤ ਬੰਦ ਹਨ।

ਪਪਲਪ੍ਰੀਤ ਸਿੰਘ 'ਵਾਰਿਸ ਪੰਜਾਬ ਦੇ' ਜਥੇਬੰਦੀ ਦੇ ਮੁਖੀ ਅੰਮ੍ਰਿਤਪਾਲ ਸਿੰਘ ਦਾ ਨੇੜਲਾ ਸਾਥੀ ਹੈ। ਉਹ 18 ਮਾਰਚ ਤੋਂ ਅੰਮ੍ਰਿਤਪਾਲ ਸਿੰਘ ਦੇ ਨਾਲ ਰੂਪੋਸ਼ ਸੀ ਅਤੇ ਦੋਵਾਂ ਦੀਆਂ ਤਸਵੀਰਾਂ ਵੀ ਵਾਇਰਲ ਹੋਈਆਂ ਸਨ। ਪੰਜਾਬ ਪੁਲਿਸ ਨੇ ਉਸ ਨੂੰ ਇੱਥੇ ਕੱਥੂਨੰਗਲ ਨੇੜਿਓਂ ਗ੍ਰਿਫ਼ਤਾਰ ਕੀਤਾ ਸੀ। ਇਸ ਤੋਂ ਬਾਅਦ ਉਸ ਨੂੰ ਇੱਥੇ ਅਦਾਲਤ ਵਿਚ ਪੇਸ਼ ਕੀਤਾ ਗਿਆ। ਪੰਜਾਬ ਪੁਲਿਸ ਦੀ ਟੀਮ ਉਸ ਨੂੰ ਹਵਾਈ ਜਹਾਜ਼ ਰਾਹੀਂ ਡਿਬਰੂਗੜ੍ਹ ਲਿਜਾਣ ਲਈ ਰਵਾਨਾ ਹੋਈ। ਉਨ੍ਹਾਂ ਨੇ ਇੱਥੋਂ ਦੇ ਸ੍ਰੀ ਗੁਰੂ ਰਾਮਦਾਸ ਕੌਮਾਂਤਰੀ ਹਵਾਈ ਅੱਡੇ ਤੋਂ ਉਡਾਣ ਭਰੀ।

ਇਸ ਦੌਰਾਨ ਮੀਡੀਆ ਨਾਲ ਸੰਖੇਪ ਗੱਲਬਾਤ ਦੌਰਾਨ ਪਪਲਪ੍ਰੀਤ ਨੇ ਦੱਸਿਆ ਕਿ ਅੰਮ੍ਰਿਤਪਾਲ ਤੇ ਉਹ 28 ਮਾਰਚ ਤੱਕ ਇਕੱਠੇ ਸਨ ਅਤੇ ਫਿਰ ਵੱਖ ਹੋ ਗਏ। ਅੰਮ੍ਰਿਤਪਾਲ ਦੀ ਮੌਜੂਦਾ ਸਥਿਤੀ ਬਾਰੇ ਉਸ ਨੂੰ ਕੋਈ ਜਾਣਕਾਰੀ ਨਹੀਂ ਹੈ। ਅੰਮ੍ਰਿਤਪਾਲ ਸਿੰਘ ਦੇ ਆਤਮ-ਸਮਰਪਣ ਬਾਰੇ ਪੁੱਛਣ 'ਤੇ ਪਪਲਪ੍ਰੀਤ ਨੇ ਕਿਹਾ ਕਿ ਇਹ ਉਸ 'ਤੇ ਨਿਰਭਰ ਹੈ, ਇਸ ਸਬੰਧੀ ਉਸ ਨਾਲ ਕੋਈ ਗੱਲ ਨਹੀਂ ਹੋਈ।

■ ਬਾਕੀ ਖਬਰ ਸਫਾ 24 'ਤੇ

# ਐੱਚ-2ਬੀ ਵੀਜ਼ਾ ਕਾਮਿਆਂ ਦੀ ਅਰਜ਼ੀ ਪ੍ਰਕਿਰਿਆ ਸ਼ੁਰੂ

- **ਐੱਚ-2ਬੀ ਗੈਰ-ਪ੍ਰਵਾਸੀ ਵੀਜ਼ਿਆਂ 'ਤੇ ਸਾਰੇ ਵਿੱਤੀ ਸਾਲ 2023 ਲਈ 64,716 ਵਾਧੂ ਵੀਜ਼ਿਆਂ ਤੱਕ ਦੀ ਸੀਮਾ ਵਧਾਈ ਗਈ**

**ਨਿਊਯਾਰਕ (ਪੰਜਾਬ ਮੇਲ)-** ਅਮਰੀਕਾ ਵਿੱਤੀ ਸਾਲ 2023 ਦੀ ਦੂਜੀ ਛਿਮਾਹੀ ਲਈ ਪੂਰਕ ਕੈਪ ਅਸਥਾਈ ਅੰਤਿਮ ਨਿਯਮ ਦੇ ਤਹਿਤ ਐੱਚ-2ਬੀ ਵੀਜ਼ਾ ਕਾਮਿਆਂ ਲਈ ਪਟੀਸ਼ਨਾਂ ਨੂੰ ਸਵੀਕਾਰ ਕਰਨਾ ਸ਼ੁਰੂ ਕਰ ਦੇਵੇਗਾ। ਇਮੀਗ੍ਰੇਸ਼ਨ ਸੇਵਾਵਾਂ ਦੀ ਸੰਘੀ ਏਜੰਸੀ ਨੇ ਇਸ ਸਬੰਧੀ ਐਲਾਨ ਕੀਤਾ। ਇਸ ਨਿਯਮ ਦੇ ਤਹਿਤ ਜਿਸਦਾ ਐਲਾਨ ਪਿਛਲੇ ਸਾਲ ਦਸੰਬਰ ਵਿਚ ਕੀਤਾ ਗਿਆ ਸੀ, ਵਿੱਤੀ ਸਾਲ 2023 ਦੀ ਦੂਜੀ ਛਮਾਹੀ ਲਈ, ਯਾਨੀ 15 ਮਈ ਤੋਂ 30 ਸਤੰਬਰ ਤੱਕ ਕਿਸੇ ਵੀ ਦੇਸ਼ ਦੇ ਨਾਗਰਿਕਤਾ ਦੀ ਪਰਵਾਹ ਕੀਤੇ ਬਿਨਾਂ ਵਾਪਸ ਆਉਣ ਵਾਲੇ ਕਾਮਿਆਂ ਲਈ 10,000 ਵੀਜ਼ੇ ਸੀਮਤ ਹਨ। ਯੂ.ਐੱਸ. ਸਿਟੀਜ਼ਨਸ਼ਿਪ ਐਂਡ ਇਮੀਗ੍ਰੇਸ਼ਨ ਸਰਵਿਸਿਜ਼ (ਯੂ.ਐੱਸ.ਸੀ.ਆਈ.ਐੱਸ.) ਨੇ ਕਿਹਾ ਕਿ "ਇਸ ਵੰਡ ਦੇ ਤਹਿਤ ਉਪਲਬਧ 10,000 ਵੀਜ਼ੇ ਵਾਪਸ ਆਉਣ ਵਾਲੇ ਕਰਮਚਾਰੀਆਂ ਤੱਕ ਸੀਮਿਤ ਹਨ, ਜਿਨ੍ਹਾਂ ਨੂੰ ਐੱਚ-2ਬੀ ਵੀਜ਼ਾ ਜਾਰੀ ਕੀਤਾ ਗਿਆ ਸੀ ਜਾਂ ਵਿੱਤੀ ਸਾਲ 2020, 2021, ਜਾਂ 2022 ਵਿਚ ਐੱਚ-2ਬੀ ਦਰਜਾ ਦਿੱਤਾ ਗਿਆ ਸੀ,"। ■ ਬਾਕੀ ਖਬਰ ਸਫਾ 24 'ਤੇ

# ਅਮਰੀਕਾ ਦੀ ਵੀਜ਼ਾ ਫੀਸ 'ਚ ਹੋਵੇਗਾ ਵਾਧਾ




- **ਅੰਤਰਰਾਸ਼ਟਰੀ ਵਿਦਿਆਰਥੀਆਂ ਲਈ ਵੀ ਵਿਦਿਆਰਥੀ ਵੀਜ਼ਾ ਫੀਸ ਵਧਾਈ ਗਈ**
- **ਭਾਰਤੀ ਵਿਦਿਆਰਥੀਆਂ ਨੂੰ ਵੀ ਕਰਨਾ ਪਵੇਗਾ ਵਧ ਭੁਗਤਾਨ**

**ਵਾਸ਼ਿੰਗਟਨ, (ਪੰਜਾਬ ਮੇਲ)-** ਹੁਣ ਅਮਰੀਕਾ ਜਾਣਾ ਹੋਰ ਮਹਿੰਗਾ ਹੋ ਜਾਵੇਗਾ। ਅਮਰੀਕੀ ਵਿਦੇਸ਼ ਵਿਭਾਗ ਦੁਆਰਾ ਪੇਸ਼ ਕੀਤੇ ਗਏ ਇੱਕ ਤਾਜ਼ਾ ਬਦਲਾਅ ਦੇ ਅਨੁਸਾਰ ਕੁਝ ਗੈਰ ਪ੍ਰਵਾਸੀ ਵੀਜ਼ਿਆਂ ਲਈ ਵੀਜ਼ਾ ਅਰਜ਼ੀ ਫੀਸ ਵਿਚ ਵਾਧਾ ਕੀਤਾ ਗਿਆ ਹੈ। ਇਸ ਕਾਰਨ ਅੰਤਰਰਾਸ਼ਟਰੀ ਵਿਦਿਆਰਥੀਆਂ ਲਈ ਅਮਰੀਕਾ ਦੇ ਵਿਦਿਆਰਥੀ ਵੀਜ਼ੇ ਦੀ ਫੀਸ ਵੀ ਵਧਾ ਦਿੱਤੀ ਗਈ ਹੈ। ਅਮਰੀਕੀ ਵਿਦੇਸ਼ ਵਿਭਾਗ ਵੱਲੋਂ ਜਾਰੀ ਅਧਿਕਾਰਤ ਬਿਆਨ ਮੁਤਾਬਕ ਕੁਝ ਗੈਰ-ਪ੍ਰਵਾਸੀ ਵੀਜ਼ਾ ਲਈ ਪ੍ਰੋਸੈਸਿੰਗ ਫੀਸ 30 ਮਈ, 2023 ਤੋਂ ਵਧਾ ਦਿੱਤੀ ਜਾਵੇਗੀ। ਇਨ੍ਹਾਂ ਵੀਜ਼ਿਆਂ ਵਿਚ ਵਿਜ਼ਟਰ/ਟੂਰਿਸਟ ਵੀਜ਼ਾ, ਵਪਾਰਕ ਵੀਜ਼ਾ, ਵਿਦਿਆਰਥੀ ਵੀਜ਼ਾ ਅਤੇ ਐਕਸਚੇਂਜ ਵਿਜ਼ਟਰ ਵੀਜ਼ਾ ਸ਼ਾਮਲ ਹਨ। ਵਾਧੇ ਨਾਲ ਕਈ ਅਮਰੀਕੀ ਵੀਜ਼ਾ ਸ਼੍ਰੇਣੀਆਂ ਪ੍ਰਭਾਵਿਤ ਹੋਈਆਂ ਹਨ।

ਯੂ.ਐੱਸ. ਸਟੇਟ ਡਿਪਾਰਟਮੈਂਟ ਨੇ ਕਿਹਾ ਕਿ 30 ਮਈ, 2023 ਤੋਂ ਪ੍ਰਭਾਵੀ, ਵਪਾਰ ਜਾਂ ਸੈਰ-ਸਪਾਟਾ (ਬੀ1/ਬੀ2), ਅਤੇ ਹੋਰ ਗੈਰ-ਪਟੀਸ਼ਨ ਆਧਾਰਿਤ ਐੱਨ.ਆਈ.ਵੀ.ਐੱਸ. ਜਿਵੇਂ ਕਿ ਵਿਦਿਆਰਥੀ ਅਤੇ ਐਕਸਚੇਂਜ ਵਿਜ਼ਟਰ ਵੀਜ਼ਾ ਲਈ ਫ਼ੀਸ 160 ਡਾਲਰ ਤੋਂ 185 ਡਾਲਰ ਤੱਕ ਵਧ ਜਾਵੇਗੀ। ਇਸ ਤੋਂ ਇਲਾਵਾ ਰਾਜ ਵਿਭਾਗ ਨੇ ਕਿਹਾ ਕਿ ਐਕਸਚੇਂਜ ਵਿਜ਼ਟਰਾਂ ਲਈ ਦੋ ਸਾਲਾਂ ਦੀ ਰਿਹਾਇਸ਼ੀ ਫੀਸ 'ਤੇ ਛੋਟ ਸਮੇਤ ਹੋਰ ਕੌਂਸਲਰ ਫੀਸਾਂ ਵਿਚ ਕੋਈ ਤਬਦੀਲੀ ਨਹੀਂ ਕੀਤੀ ਗਈ ਹੈ। ਜਿਨ੍ਹਾਂ ਲੋਕਾਂ ਨੇ 1 ਅਕਤੂਬਰ, 2022 ਨੂੰ ਜਾਂ ਇਸ ਤੋਂ ਬਾਅਦ ਵੀਜ਼ਾ ਲਈ ਅਪਲਾਈ ਕੀਤਾ ਹੈ, ਉਨ੍ਹਾਂ ਲਈ ਪ੍ਰੋਸੈਸਿੰਗ ਫੀਸ 30 ਸਤੰਬਰ, 2023 ਤੱਕ ਵੈਧ ਰਹੇਗੀ। ਯੂ.ਐੱਸ. ਸਟੇਟ ਡਿਪਾਰਟਮੈਂਟ ਨੇ ਅੱਗੇ ਕਿਹਾ ਕਿ ਅਸਥਾਈ ਕਾਮਿਆਂ (ਐੱਚ., ਐੱਲ, ਓ, ਪੀ, ਕਿਊ ਅਤੇ ਆਰ ਸ਼੍ਰੇਣੀਆਂ) ਲਈ ਕੁਝ ਪਟੀਸ਼ਨ-ਆਧਾਰਿਤ ਗੈਰ-ਪ੍ਰਵਾਸੀ ਵੀਜ਼ਿਆਂ ਦੀ ਫੀਸ 190 ਡਾਲਰ ਤੋਂ 205 ਡਾਲਰ ਤੱਕ ਵਧ ਜਾਵੇਗੀ। ਸੰਘੀ ਵਪਾਰੀ, ਸੰਘੀ ਨਿਵੇਸ਼ਕ ਅਤੇ ਵਿਸ਼ੇਸ਼ ਕਿੱਤੇ (ਈ ਸ਼੍ਰੇਣੀ) ਵਿਚ ਸੰਧੀ ਬਿਨੈਕਾਰਾਂ ਲਈ ਫੀਸ 205 ਡਾਲਰ ਤੋਂ 315 ਡਾਲਰ ਤੱਕ ਵਧ ਜਾਵੇਗੀ। ਅਮਰੀਕਾ ਦੇ ਵਿਦਿਆਰਥੀ ਵੀਜ਼ਾ ਦੀ ਫੀਸ 160 ਡਾਲਰ ਤੋਂ ਵਧਾ ਕੇ 185 ਡਾਲਰ ਕਰ ਦਿੱਤੀ ਗਈ ਹੈ। ਮੌਜੂਦਾ ਐਕਸਚੇਂਜ ਦਰਾਂ ਦੇ ਆਧਾਰ 'ਤੇ ਭਾਰਤੀ ਵਿਦਿਆਰਥੀਆਂ ਨੂੰ ਆਪਣੀ ਵੀਜ਼ਾ ਅਰਜ਼ੀ ਲਈ ਕੁੱਲ 15,140 ਰੁਪਏ ਜਮ੍ਹਾ ਕਰਨ ਦੀ ਲੋੜ ਹੋਵੇਗੀ।

APCA is excited to announce its

# 9TH ANNUAL BUYER'S TRADE SHOW IN MODESTO

on
Thursday, April 27th, 2023
From 12:30pm to 5:30pm
at Modesto Centre Plaza 1010, L Street, Modesto, CA 95354

## FREE ADMISSION

10 YEARS ANNIVERSARY

APCA
AMERICAN PETROLEUM AND CONVENIENCE STORE ASSOCIATION

*APCA has always been committed in offering both our exhibitors and attendees the best possible avenue to ensure a successful experience at our Trade Show events.*

## April 27th, From 12:30pm to 5:30pm

at Modesto Centre Plaza 1010, L Street, Modesto, CA 95354

ਅਮਰੀਕਨ ਪੈਟਰੋਲੀਅਮ ਐਂਡ ਕੰਨਵੀਨਿਅੰਸ ਸਟੋਰ ਐਸੋਸੀਏਸ਼ਨ ਵੱਲੋਂ

## ੯ਵਾਂ ਸਾਲਾਨਾ ਖਰੀਦਦਾਰਾਂ ਦਾ ਟਰੇਡ ਸ਼ੋਅ

## 27 ਅਪ੍ਰੈਲ 2023, 12.30 ਤੋਂ 5.30 ਵਜੇ ਤੱਕ

ਜੇ ਆਪਣੇ ਬਿਜਨੈਸ ਦਾ ਫਾਇਦਾ ਕਰਨਾ ਚਾਹੁੰਦੇ ਹੋ ਤਾਂ ਇਸ ਟਰੇਡ ਸ਼ੋਅ ਵਿਚ ਹਿੱਸਾ ਲਵੋ।

*Special Vendor Deals + New Items*

- 80+Vendor Booths and 400+ Retailers From All Over California.
- Cash Prizes A GRAND PRIZE and free Raffle Prizes are being given Away

ਅਮਰੀਕਨ ਪੈਟਰੋਲੀਅਮ ਐਂਡ ਕੰਨਵੀਨਿਅੰਸ ਸਟੋਰ ਐਸੋਸੀਏਸ਼ਨ ਵੱਲੋਂ ਗੈਸ ਸਟੇਸ਼ਨ, ਸੀ ਸਟੋਰ, ਤੰਬਾਕੂ ਅਤੇ ਲੀਕਰ ਸਟੋਰ ਦੇ ਮਾਲਕਾਂ ਲਈ ੯ਵਾਂ ਸਾਲਾਨਾ ਟਰੇਡ ਸ਼ੋਅ ਕਰਵਾਇਆ ਜਾ ਰਿਹਾ ਹੈ। ਇਸ ਸ਼ੋਅ ਵਿਚ 80 ਤੋਂ ਵੱਧ ਵੈਂਡਰਸ ਆਪਣੇ ਨਵੇਂ ਪ੍ਰੋਡਕਟਸ ਅਤੇ ਸਪੈਸ਼ਲ ਡੀਲਸ ਲਿਆ ਰਹੇ ਹਨ। ਆਪ ਸਭ ਨੂੰ ਬੇਨਤੀ ਹੈ ਕਿ ਸ਼ੋਅ ਦੀਆਂ ਡੀਲਸ ਦਾ ਫਾਇਦਾ ਚੁੱਕੋ।




*Live Performance*

## Malkit Singh

*Venue:*
*THE STATE THEATER*
*1307, J Street, Modesto, CA 95354*
*Thursday, April 27th*
*From 7:00pm to 9:00pm*

*FOR FREE TICKET POLICY & PRICING INFORMATION*

- C-STORE OWNERS: BECOME AN APCA MEMBER AND ATTEND SHOW FOR FREE
- EXISTING MEMBERS: ENSURE YOUR 2023 MEMBERSHIP DUES ARE CURRENT
- MULTIPLE STORE OWNERS: ENROLL ALL STORES WITH APCA TO GET ONE ADDITIONAL FREE TICKET PER STORE
- TO RECEIVE YOUR FREE TICKET, MUST ATTEND APCA TRADE SHOW ON APRIL 27 AT MODESTO CENTRE PLAZA, MODESTO
- ADDITIONAL TICKETS : $50 each

*For More Information*

| | | | |
|---|---|---|---|
| PUNEET BAINS: 559-347-7728 | PAUL HAYER: 707-290-8530 | KEWAL KRISHAN: 510-290-7144 | ANDY CHHIKARA: 559-259-4006 |
| JEET SANDHU: 209-765-2619 | SUKHI SANDHU: 209-505-0876 | APCA OFFICE: 916-627-1170 | ROCKY MALHI : 916-792-8023 |


Copyright @ Punjab Mail USA

10 YEARS ANNIVERSARY

# APCA

AMERICAN PETROLEUM AND CONVENIENCE STORE ASSOCIATION

## 9th Annual BUYER'S Trade Show In Modesto

on Thursday, April 27th, 2023 From 12:30pm to 5:30pm
at Modesto Centre Plaza 1010, L Street, Modesto, CA 95354

Grand sponsor

Dosanjh Family AUTO GROUP

Media Partners



Host



Jot Ranjit

Live Performance

## Malkit Singh

Thursday, April 27th From 7:00pm to 9:00pm
Venue: THE STATE THEATER, 1307, J Street, Modesto, CA 95354

"APCA members will get at the Trade Show, one ticket of $100 value FREE per paid store membership. 2nd ticket at discounted price of $20 and more additional tickets at $50 can be purchased at Trade Show, subject to availability on first come first basis.

For More Information

PUNEET BAINS : 559-347-7728
JEET SANDHU : 209-765-2619
PAUL HAYER : 707-290-8530
SUKHI SANDHU : 209-505-0876
KEWAL KRISHAN: 510-290-7144
APCA OFFICE : 916-627-1170
ANDY CHHIKARA: 559-259-4006
Rocky Malhi : 916-792-8023


Copyright @ Punjab Mail USA



ਸੰਤ ਬਾਬਾ ਸੋਹਣ ਸਿੰਘ ਜੀ



ਬਾਬਾ ਦਯਾ ਸਿੰਘ ਜੀ



ਸੰਤ ਬਾਬਾ ਅਵਤਾਰ ਸਿੰਘ ਜੀ
(ਬਾਬਾ ਸੋਹਣ ਸਿੰਘ ਜੀ ਦੇ ਪੋਤੇ)
ਬਿਧੀ ਚੰਦੀਏ (ਸੁਰਸਿੰਘ ਵਾਲੇ)

## 'ਬਾਬਾ ਬਿਧੀ ਚੰਦ ਛੀਨਾ, ਗੁਰੂ ਦਾ ਸੀਨਾ'
## ਬਾਬਾ ਬਿਧੀ ਚੰਦ ਜੀ ਦੀ ਅੰਸ਼-ਬੰਸ਼ 'ਚੋਂ ਬਾਰ੍ਹਵੇਂ ਗੱਦੀ ਨਸ਼ੀਨ

# ਸੰਤ ਬਾਬਾ ਅਵਤਾਰ ਸਿੰਘ ਜੀ ਬਿੱਧੀਚੰਦੀਏ (ਸੁਰਸਿੰਘ)

ਬਾਬਾ ਅਵਤਾਰ ਸਿੰਘ ਜੀ ਅੱਜਕੱਲ੍ਹ ਕੈਲੀਫੋਰਨੀਆ ਦੌਰੇ 'ਤੇ ਹਨ, ਜਿਨ੍ਹਾਂ ਸੰਗਤ ਦੇ ਕਹਿਣ 'ਤੇ ਹੋਰ ਸਮਾਂ ਵਧਾ ਲਿਆ ਹੈ ਤੇ ਵੱਖ-ਵੱਖ ਸ਼ਹਿਰਾਂ 'ਚ ਪਹੁੰਚ ਰਹੇ ਹਨ। ਕੈਲੀਫੋਰਨੀਆ ਦੇ ਗੁਰੂਘਰਾਂ ਗੁਰਦੁਆਰਾ ਸੈਨਹੋਜ਼ੇ, ਫਰੀਮਾਂਟ, ਸਟਕਾਟਨ, ਮਨਟੀਕਾ ਤੇ ਬਾਬਾ ਬਿਧੀ ਚੰਦ ਜੀ ਦੇ ਸੇਵਾਦਾਰ ਪਾਸ ਪਹੁੰਚ ਕੇ ਗੁਰਬਾਣੀ ਤੇ ਸਿੱਖੀ ਦਾ ਪ੍ਰਚਾਰ ਤੇ ਪ੍ਰਸਾਰ ਕਰ ਰਹੇ ਹਨ। ਕੈਲੀਫੋਰਨੀਆ ਦੇ ਸ਼ਹਿਰ ਮਨਟੀਕਾ ਵਿਚ ਪ੍ਰਿੰਸੀਪਲ ਸਵ. ਸੁਖਚੈਨ ਸਿੰਘ ਢਿੱਲੋਂ ਦੇ ਸਪੁੱਤਰ ਅਰਜਨਬੀਰ ਸਿੰਘ ਢਿੱਲੋਂ (ਜਿੰਦੂ) ਤੇ ਉਸ ਦੀ ਧਰਮ ਪਤਨੀ ਮਨਜਿੰਦਰ ਕੌਰ ਢਿੱਲੋਂ ਦੇ ਸੱਦੇ 'ਤੇ 200 ਪਰਿਵਾਰਾਂ ਸਮੇਤ ਪਹੁੰਚ ਕੇ ਬਾਬਾ ਜੀ ਨਾਲ ਸੰਗਤ ਕੀਤੀ ਤੇ ਸੁਖਮਨੀ ਸਾਹਿਬ ਜੀ ਦੇ ਪਾਠ ਤੇ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ।

Designed By Punjab Mail USA



ਬੇਕਰਜ਼ਫੀਲਡ ਵਿਚ ਜਗਦੀਸ਼ ਸਿੰਘ ਢਿੱਲੋਂ ਤੇ ਉਨ੍ਹਾਂ ਦੀ ਪਤਨੀ ਰਘਬੀਰ ਕੌਰ ਢਿੱਲੋਂ ਉਨ੍ਹਾਂ ਦੇ ਸਪੁੱਤਰ ਰਾਜਪਾਲ ਸਿੰਘ ਢਿੱਲੋਂ ਤੇ ਤੇਜਪਾਲ ਸਿੰਘ ਢਿੱਲੋਂ ਖੜ੍ਹੇ ਦਿਖਾਈ ਦੇ ਰਹੇ ਹਨ।



ਬੇਕਰਜ਼ਫੀਲਡ ਦੇ ਨਾਜਰ ਸਿੰਘ ਕੂਨਰ ਪਰਿਵਾਰ ਸਮੇਤ ਬਾਬਾ ਅਵਤਾਰ ਸਿੰਘ ਜੀ ਦੇ ਦਰਸ਼ਨ ਕਰਦੇ ਸਮੇਂ।



ਪ੍ਰਿੰਸੀਪਲ ਸਵ. ਸੁਖਚੈਨ ਸਿੰਘ ਢਿੱਲੋਂ ਤੇ ਉਨ੍ਹਾਂ ਦੀ ਪਤਨੀ ਪ੍ਰੀਤਮ ਕੌਰ ਢਿੱਲੋਂ ਦੇ ਸਪੁੱਤਰ ਅਰਜਨਬੀਰ ਸਿੰਘ ਢਿੱਲੋਂ ਤੇ ਉਨ੍ਹਾਂ ਦੀ ਧਰਮ ਪਤਨੀ ਮਨਜਿੰਦਰ ਕੌਰ ਢਿੱਲੋਂ ਵੱਲੋਂ ਬਾਬਾ ਜੀ ਤੇ ਸੰਗਤ ਦਾ ਧੰਨਵਾਦ ਸਹਿਤ



ਅਰਜਨਬੀਰ ਸਿੰਘ ਢਿੱਲੋਂ (ਜਿੰਦੂ) ਬਾਬਾ ਅਵਤਾਰ ਸਿੰਘ ਜੀ ਤੋਂ ਆਸ਼ੀਰਵਾਦ ਲੈਂਦੇ ਹੋਏ।



# ੴ ਸਤਿਗੁਰ ਪ੍ਰਸਾਦਿ

# ਸਮੂਹ ਸਿੱਖ ਜਗਤ ਨੂੰ ਖਾਲਸਾ ਸਿਰਜਣਾ ਦਿਵਸ ਅਤੇ ਖੁਸ਼ੀਆਂ-ਖੇੜਿਆਂ ਦੇ ਤਿਉਹਾਰ ਵਿਸਾਖੀ ਦੀਆਂ ਲੱਖ-ਲੱਖ ਮੁਬਾਰਕਾਂ।

## ਅਮੋਲਕ ਸਿੰਘ ਗਾਖਲ ਵੱਲੋਂ ਕੀਤੀ ਗਈ ਭਾਰਤ-ਪਾਕਿਸਤਾਨ 'ਚ ਧਾਰਮਿਕ ਯਾਤਰਾ

### ਵੱਖ-ਵੱਖ ਸਮਾਜਿਕ ਕੰਮਾਂ ਲਈ ਦਿੱਤਾ ਗਿਆ ਦਾਨ

**ਉੱਘੇ ਸਮਾਜ** ਸੇਵੀ ਅਤੇ ਬਿਜ਼ਨਸਮੈਨ ਅਮੋਲਕ ਸਿੰਘ ਗਾਖਲ ਅਮਰੀਕਾ ਤੋਂ ਭਾਰਤ ਤੇ ਪਾਕਿਸਤਾਨ ਦੀ ਯਾਤਰਾ 'ਤੇ ਹਨ। ਅਮੋਲਕ ਸਿੰਘ ਗਾਖਲ ਅਮਰੀਕਾ ਤੋਂ ਫਲਾਈਟ ਲੈ ਕੇ ਸ੍ਰੀ ਅੰਮ੍ਰਿਤਸਰ ਸਾਹਿਬ ਪਹੁੰਚੇ ਅਤੇ ਇੱਥੋਂ ਵਾਹਗਾ ਸਰਹੱਦ ਰਾਹੀਂ ਪਾਕਿਸਤਾਨ 'ਚ ਦਾਖਲ ਹੋਏ। ਉਹ ਸਭ ਤੋਂ ਪਹਿਲਾਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜਨਮ ਅਸਥਾਨ ਗੁਰਦੁਆਰਾ ਸਾਹਿਬ ਸ੍ਰੀ ਨਨਕਾਣਾ ਸਾਹਿਬ ਵਿਖੇ ਨਤਮਸਤਕ ਹੋਏ। ਇੱਥੇ ਚੱਲਦੇ ਗੁਰੂ ਕੇ ਲੰਗਰਾਂ ਵਾਸਤੇ ਗਾਖਲ ਪਰਿਵਾਰ (ਅਮੋਲਕ ਸਿੰਘ ਗਾਖਲ, ਪਲਵਿੰਦਰ ਸਿੰਘ ਗਾਖਲ ਤੇ ਇਕਬਾਲ ਸਿੰਘ ਗਾਖਲ) ਵਲੋਂ 13 ਲੱਖ ਰੁਪਏ ਭੇਂਟ ਕੀਤੇ, ਜੋ ਕਿ ਕਮੇਟੀ ਵਲੋਂ ਵਿਸਾਖੀ ਦੇ ਸਮਾਗਮ ਦੌਰਾਨ ਚੱਲਣ ਵਾਲੇ ਲੰਗਰਾਂ ਵਿਚ ਪਾਏ ਗਏ।

ਉਪਰੰਤ ਸ੍ਰੀ ਪੰਜਾ ਸਾਹਿਬ, ਗੁਰੂ ਅਰਜਨ ਦੇਵ ਜੀ ਦੇ ਜੀਵਨ ਨਾਲ ਸਬੰਧਿਤ ਅਸਥਾਨ, ਗੁਰੂ ਰਾਮਦਾਸ ਜੀ ਦੇ ਜਨਮ ਅਸਥਾਨ ਅਤੇ ਕਰਤਾਰਪੁਰ ਸਾਹਿਬ ਦੇ ਦਰਸ਼ਨ ਕਰਨ ਦਾ ਉਨ੍ਹਾਂ ਨੂੰ ਸੁਭਾਗ ਪ੍ਰਾਪਤ ਹੋਇਆ। ਇਸ ਦੌਰਾਨ ਹੀ ਲਾਹੌਰ 'ਚ ਮਹਾਰਾਜਾ ਰਣਜੀਤ ਸਿੰਘ ਦਾ ਕਿਲ੍ਹਾ ਵੀ ਉਨ੍ਹਾਂ ਦੇਖਿਆ।

ਪਾਕਿਸਤਾਨ ਯਾਤਰਾ ਮੁਕੰਮਲ ਕਰਨ ਉਪਰੰਤ ਸਿੱਧਾ ਹੀ ਦਸਮ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਚਰਨ ਛੋਹ ਪ੍ਰਾਪਤ ਧਰਤੀ 'ਤੇ ਤਖਤ ਸ੍ਰੀ ਹਜ਼ੂਰ ਸਾਹਿਬ ਅਬਚਲ ਨਗਰ ਨਾਂਦੇੜ ਪਹੁੰਚੇ, ਜਿੱਥੇ ਵੱਖ-ਵੱਖ ਗੁਰੂਘਰਾਂ ਦੇ ਦਰਸ਼ਨ ਕੀਤੇ। ਸਿੱਖ ਬੱਚਿਆਂ ਲਈ ਚਲਾਏ ਜਾ ਰਹੇ 'ਉੱਠ...ਕਲਮ ਉਠਾ' ਪ੍ਰੋਗਰਾਮ ਤਹਿਤ ਮੁਫ਼ਤ ਟਿਊਸ਼ਨ ਸੈਂਟਰ ਲਈ 31 ਲੱਖ ਰੁਪਏ ਦੇਣ ਦਾ ਵਾਅਦਾ ਪੂਰਾ ਕਰਨ 'ਤੇ ਬੋਰਡ ਦੇ ਪ੍ਰਧਾਨ ਡਾ. ਪੀ.ਐੱਸ. ਪਸਰੀਚਾ ਵਲੋਂ ਮਾਣ-ਸਨਮਾਨ ਦਿੱਤਾ ਗਿਆ। ਇੱਥੇ ਹੀ ਉਨ੍ਹਾਂ ਪਿਤਾ ਜੀ ਸਵ. ਸ. ਨਸੀਬ ਸਿੰਘ ਗਾਖਲ ਦੀ 37ਵੀਂ ਬਰਸੀ ਅਤੇ ਮਾਤਾ ਸਵ. ਸਰਦਾਰਨੀ ਗੁਰਦੇਵ ਕੌਰ ਗਾਖਲ ਦੀ ਯਾਦ ਨੂੰ ਸਮਰਪਿਤ ਸ੍ਰੀ ਅਖੰਡ ਪਾਠ ਸਾਹਿਬ ਦੀ ਸੇਵਾ ਕਰਵਾਈ ਅਤੇ ਲੰਗਰਾਂ 'ਚ ਸੇਵਾ ਕੀਤੀ, ਇਸ ਦੌਰਾਨ ਉਨ੍ਹਾਂ ਦੇ ਅਜੀਜ਼ ਨੱਥਾ ਸਿੰਘ ਗਾਖਲ ਤੇ ਸਾਧੂ ਸਿੰਘ ਖਲੌਰ ਵੀ ਉਨ੍ਹਾਂ ਨਾਲ ਸਨ।

ਉਨ੍ਹਾਂ ਸਮੂਹ ਸੰਗਤਾਂ ਨੂੰ ਬੇਨਤੀ ਕੀਤੀ ਕਿ ਜਿੱਥੇ ਵੱਧ ਤੋਂ ਵੱਧ ਗੁਰੂਘਰਾਂ ਨਾਲ ਜੁੜਿਆ ਜਾਵੇ, ਉੱਥੇ 'ਉਠ...ਕਲਮ ਉਠਾ' ਪ੍ਰੋਗਰਾਮ ਵਿਚ ਦਾਨ ਦਿੱਤਾ ਜਾਵੇ, ਤਾਂ ਜੋ ਇਸ ਇਲਾਕੇ ਵਿਚ ਵਸਦੇ ਸਿਕਲੀਗਰ ਸਿੱਖ ਬੱਚਿਆਂ ਦੀ ਵਿੱਦਿਆ ਅਤੇ ਜੀਵਨ ਦਾ ਮਿਆਰ ਉੱਚਾ ਚੁੱਕਿਆ ਜਾ ਸਕੇ।





















A&I Watsonville, CA

GAKHAL GROUP

GB Entertainment







## ਅਮੋਲਕ ਸਿੰਘ ਗਾਖਲ, ਇਕਬਾਲ ਸਿੰਘ ਗਾਖਲ , ਪਲਵਿੰਦਰ ਸਿੰਘ ਗਾਖਲ

## Amolak Singh Gakhal, Iqbal Singh Gakhal, Palwinder Singh Gakhal

## 123, E LEE ROAD WATSONVILLE, CA 95076


Designed By Punjab Mail USA




## ਦਸਮ ਪਿਤਾ

# ਸ੍ਰੀ ਗੁਰੂ ਗੋਬਿੰਦ ਸਿੰਘ ਜੀ

## ਵਲੋਂ ਪ੍ਰਗਟ ਕੀਤੇ ਖਾਲਸਾ ਦੇ ਜਨਮ ਦਿਹਾੜੇ ਵਿਸਾਖੀ ਦੀਆਂ ਲੱਖ-ਲੱਖ ਵਧਾਈਆਂ



ਸ. ਪਾਖਰ ਸਿੰਘ ਅਕਾਲੀ



ਸ. ਸੌਦਾਗਰ ਸਿੰਘ ਅਕਾਲੀ



ਸ. ਸੁਰਿੰਦਰ ਸਿੰਘ ਨਿੱਝਰ, ਸ. ਅਵਤਾਰ ਸਿੰਘ ਅਕਾਲੀ, ਸ. ਅੰਮ੍ਰਿਤਪਾਲ ਸਿੰਘ ਨਿੱਝਰ



Varinder Singh Nijjar Jagbir Singh Nijjar



Manhamir Singh Nijjar

Designed By Punjab Mail USA

# ਸੁਰਿੰਦਰ ਸਿੰਘ ਨਿੱਝਰ, ਅੰਮ੍ਰਿਤਪਾਲ ਸਿੰਘ ਨਿੱਝਰ

ਟਕਸਾਲੀ ਅਕਾਲੀ ਆਗੂ, ਪਿੰਡ ਭਾਗਸਿੰਘ ਪੁਰਾ, ਫਿਲੌਰ (ਜਲੰਧਰ)

ਪਿਛਲੀਆਂ ਚਾਰ ਪੀੜ੍ਹੀਆਂ ਤੋਂ ਪੰਥ ਦੇ ਵਫ਼ਾਦਾਰ ਸਿਪਾਹੀ ਜਿਨ੍ਹਾਂ ਜੈਤੋਂ ਦੇ ਮੋਰਚੇ ਤੋਂ ਲੈ ਕੇ ਧਰਮ ਯੁੱਧ ਅਤੇ ਪੰਜਾਬੀ ਸੂਬੇ ਲਈ ਜੇਲ੍ਹਾਂ ਕੱਟੀਆਂ। ਪਿੰਡ ਭਾਗਸਿੰਘ ਪੁਰਾ, ਹਲਕਾ ਫਿਲੌਰ ਦੇ ਜੰਮਪਲ ਜਥੇਦਾਰ ਸੌਦਾਗਰ ਸਿੰਘ ਅਕਾਲੀ, ਜਥੇਦਾਰ ਪਾਖਰ ਸਿੰਘ ਅਕਾਲੀ, ਜਥੇਦਾਰ ਅਵਤਾਰ ਸਿੰਘ ਅਕਾਲੀ ਦੇ ਵਾਰਸ

# ਨਿੱਝਰ ਬ੍ਰਦਰਜ਼ ਤੇ ਪਰਿਵਾਰ

ਮਡੇਰਾ, ਫਰਿਜ਼ਨੋ, ਕੈਲੀਫੋਰਨੀਆ (ਅਮਰੀਕਾ) ਫੋਨ: 559-479-1804, 1-800-317-2577

TRANSCORP
Hiring Owner Operators & Drivers



ਸੱਚੇ ਪਾਤਸ਼ਾਹ ਸਾਹਿਬ
ਸ੍ਰੀ ਗੁਰੂ ਗੋਬਿੰਦ ਸਿੰਘ ਜੀ
ਵਲੋਂ ਪ੍ਰਗਟ ਕੀਤੇ ਖਾਲਸਾ ਦੇ ਜਨਮ ਦਿਹਾੜੇ
ਵਿਸਾਖੀ ਦੀਆਂ ਲੱਖ-ਲੱਖ ਮੁਬਾਰਕਾਂ

ਪਾਲ ਸਿਹੋਤਾ
ਪ੍ਰਧਾਨ ਐੱਨਆਰਆਈ ਸਭਾ, ਪੰਜਾਬ
ਪ੍ਰਧਾਨ, ਵੈਸਟ ਕੋਸਟ ਇੰਡੀਅਨ ਓਵਰਸੀਜ਼ ਕਾਂਗਰਸ

Paul Sihota
President Nri Sabha, Punjab



Royal Express, INC,
Smartway Express INC,
Smartway Logestic INC

www.royalexp.com
3545, East Date Ave. Fresno CA

Designed By Punjab Mail USA


ਪਾਲ ਸਿਹੋਤਾ
ਪ੍ਰਧਾਨ, ਐੱਨਆਰਆਈ ਸਭਾ, ਪੰਜਾਬ
ਪ੍ਰਧਾਨ, ਵੈਸਟ ਕੋਸਟ ਇੰਡੀਅਨ ਓਵਰਸੀਜ਼ ਕਾਂਗਰਸ



# ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਲੋਂ ਪ੍ਰਗਟ ਕੀਤੇ
# ਖਾਲਸਾ ਦੇ ਜਨਮ ਦਿਹਾੜੇ ਵਿਸਾਖੀ ਦੀਆਂ ਲੱਖ-ਲੱਖ ਵਧਾਈਆਂ




Fast & Friendly Service

# Akal
## TRAVEL PLAZA

WITH BRAND NEW MODERN FACILITY



Yadvinder Singh Virk
OWNER


Designed By Punjab Mail USA

FREE COFEE & FOUNTAIN DRINKS FOR TRUCKERS WITH FILL UP

"Free Wi-Fi"

BIG FLAT SCREEN TVs

CHESTER'S SUBWAY




**CLEAN RESTROOMS & SHOWERS**

# Shell Gas & Diesel

**WE ACCEPT ALL MAJOR FLEET CARDS AND CREDIT CARDS**







HIGHWAY 99, EXIT # 60 & 61. DELANO CA PH. 661-725-5525




# ਸਮੂਹ ਸਿੱਖ ਜਗਤ ਨੂੰ ਖਾਲਸਾ ਸਿਰਜਣਾ ਦਿਵਸ ਅਤੇ ਖੁਸ਼ੀਆਂ-ਖੇੜਿਆਂ ਦੇ ਤਿਉਹਾਰ ਵਿਸਾਖੀ ਦੀਆਂ ਲੱਖ-ਲੱਖ ਮੁਬਾਰਕਾਂ।



*Satbir S. Randhawa, Gurjatinder S. Randhawa, Gurbir S. Randhawa*

**Gurjatinder Singh Randhawa**

Chief Editor, Punjab Mail USA TV Channel & Newspaper



ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਲੋਂ ਪ੍ਰਗਟ ਕੀਤੇ ਖਾਲਸਾ ਦੇ ਜਨਮ ਦਿਹਾੜੇ ਵਿਸਾਖੀ ਦੀਆਂ ਲੱਖ-ਲੱਖ ਵਧਾਈਆਂ



Mohabatpal Singh Kaile
President Haryana American Association California



Sukhwinder Singh



Sukhraj Singh Kang

ਮੁਹੱਬਤਪਾਲ ਸਿੰਘ ਕੈਲ
ਸੁਖਵਿੰਦਰ ਸਿੰਘ
ਸੁਖਰਾਜ ਸਿੰਘ ਕੰਗ



Designed By Punjab Mail USA

Mohabatpal Singh Kaile, Sukhraj Singh Kang, Sukhwinder Singh

Gas Station, Farming & Hotel Business Owner


Marysville, Lincoln, Sacramento.




ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫ਼ਤਿਹ

# ਸ਼ਹੀਦ ਬਾਬਾ ਦੀਪ ਸਿੰਘ ਸਪੋਰਟਸ ਅਕੈਡਮੀ ਸੈਕਰਾਮੈਂਟੋ ਵੱਲੋਂ ਸਮੂਹ ਸਿੱਖ ਸੰਗਤ ਨੂੰ ਖਾਲਸਾ ਸਿਰਜਣਾ ਦਿਵਸ ਅਤੇ ਖੁਸ਼ੀਆਂ-ਖੇੜਿਆਂ ਦੇ ਤਿਉਹਾਰ ਵਿਸਾਖੀ ਦੀਆਂ ਲੱਖ-ਲੱਖ ਮੁਬਾਰਕਾਂ।









Designed By Punjab Mail USA

## Randhir Singh Nijjar

Lakhy Singh | Sajjad Anwar

## CAMP LOGISTICS

TRANSPORATATION & BROKERAGE INC

9365, Miko Circle, Elk Grove, CA 95624

## ਧੀਰਾ ਨਿੱਝਰ (ਖੇਡ ਪ੍ਰਮੋਟਰ)

# ਸਮੂਹ ਸਿੱਖ ਜਗਤ ਨੂੰ ਖਾਲਸਾ ਸਿਰਜਣਾ ਦਿਵਸ ਅਤੇ ਖੁਸ਼ੀਆਂ-ਖੇੜਿਆਂ ਦੇ ਤਿਉਹਾਰ ਵਿਸਾਖੀ ਦੀਆਂ ਲੱਖ-ਲੱਖ ਮੁਬਾਰਕਾਂ।




## Jaswant Singh Saprai & Family

## ਜਸਵੰਤ ਸਿੰਘ ਸਪਰਾਏ ਅਤੇ ਪਰਿਵਾਰ




Designed By Punjab Mail USA




**Super Power Mart Store**

10020, Live Oak Blvd, Live Oak, California



**Super Power Mart**

7205 Marysville Rd, Browns Valley, CA 95918

ਵਾਹਿਗੁਰੂ ਜੀ ਕਾ ਖ਼ਾਲਸਾ ਵਾਹਿਗੁਰੂ ਜੀ ਕੀ ਫ਼ਤਿਹ



# ਸੱਚੇ ਪਾਤਸ਼ਾਹ ਸਾਹਿਬ
# ਸ੍ਰੀ ਗੁਰੂ ਗੋਬਿੰਦ ਸਿੰਘ ਜੀ
# ਵਲੋਂ ਪ੍ਰਗਟ ਕੀਤੇ ਖਾਲਸਾ ਦੇ ਜਨਮ ਦਿਹਾੜੇ ਵਿਸਾਖੀ ਦੀਆਂ ਲੱਖ-ਲੱਖ ਮੁਬਾਰਕਾਂ



Designed By Punjab Mail USA

**Jasmail Singh Chitti**

Jasmail Singh Chitti
Ph: 877-389-4700

24hrs Towing

# FIVE STAR
TOWING INC

8 Locations and 55 Tow Trucks Serve You Better.

*Northern California's Number 1 Towing Service*

ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫ਼ਤਿਹ



ਦਸਮ ਪਿਤਾ
ਸ੍ਰੀ ਗੁਰੂ ਗੋਬਿੰਦ ਸਿੰਘ ਜੀ
ਵਲੋਂ ਪ੍ਰਗਟ ਕੀਤੇ ਖਾਲਸਾ
ਦੇ ਜਨਮ ਦਿਹਾੜੇ ਵਿਸਾਖੀ
ਦੀਆਂ ਲੱਖ-ਲੱਖ ਵਧਾਈਆਂ



Designed By Punjab Mail USA

ਪਰਗਟ ਸਿੰਘ ਸੰਧੂ
ਵਾਈਸ ਮੇਅਰ, ਗਾਲਟ ਸਿਟੀ

PARGAT SINGH SANDHU
Vice Mayor, Galt City

ੴ ਸਤਿਗੁਰ ਪ੍ਰਸਾਦਿ
ਖਾਲਸਾ ਮੇਰੋ ਰੂਪ ਹੈ ਖਾਸ।
ਖਾਲਸੇ ਮਹਿ ਹੋ ਕਰੋ ਨਿਵਾਸ



# ਸੱਚੇ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਲੋਂ ਪ੍ਰਗਟ ਕੀਤੇ ਖਾਲਸਾ ਦੇ ਜਨਮ ਦਿਹਾੜੇ ਵਿਸਾਖੀ ਦੀਆਂ ਲੱਖ-ਲੱਖ ਮੁਬਾਰਕਾਂ

ਖਾਲਸਾ ਜੀ ਦੇ ਜਨਮ ਦਿਹਾੜੇ ਵਿਸਾਖੀ ਮੌਕੇ ਅਮਰੀਕਾ ਦੇ ਗੁਰੂ ਘਰਾਂ ਵਿਚ ਧਾਰਮਿਕ ਦੀਵਾਨ ਸਜਾਏ ਜਾ ਰਹੇ ਹਨ। ਇਨ੍ਹਾਂ ਸਮਾਗਮਾਂ ਵਿਚ ਪਹੁੰਚ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

## ਡਾ. ਪ੍ਰਿਤਪਾਲ ਸਿੰਘ

ਕੋ-ਆਰਡੀਨੇਟਰ

## ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ।

**American Gurdwara Parbandhak Committee**

Designed By Punjab Mail USA


ੴ ਸਤਿਗੁਰ ਪ੍ਰਸਾਦਿ
ਸੱਚੇ ਪਾਤਸ਼ਾਹ ਸਾਹਿਬ
ਸ੍ਰੀ ਗੁਰੂ ਗੋਬਿੰਦ ਸਿੰਘ
ਜੀ ਵਲੋਂ ਪ੍ਰਗਟ ਕੀਤੇ
ਖਾਲਸਾ ਦੇ ਜਨਮ
ਦਿਹਾੜੇ ਵਿਸਾਖੀ ਦੀਆਂ
ਲੱਖ-ਲੱਖ ਮੁਬਾਰਕਾਂ
Gurjatinder S. Randhawa
REALTOR CA DRE licence # 01490567
REALTYONEGROUP
FOR SALE & PURCHASE OF ANY KIND OF PROPERTY
Recently Sold Properties
Caravaggio, Sacramento
Stroman, Sacramento
Mason Ct, Tracy
Windsong Dr. Tracy
Bond Road, Elk Grove
Bond Road, Elk Grove
Oak Valley Way, Stockton
Van Eych, Sacramento
Valenda Ct. Elk Grove
Rodfa Ct. Sacramento
Little Harbor Ct. Elk Grove
Masters St. Elk Grove
ਕੈਲੀਫੋਰਨੀਆ ਵਿਚ ਘਰ ਖਰੀਦਣ ਜਾਂ ਵੇਚਣ ਲਈ ਸੰਪਰਕ ਕਰੋ।
Gurjatinder S. Randhawa
web: www.RealtorRandhawa.com
916-320-9444
garysingh123@yahoo.com
Gurjatinder S. Randhawa
REALTOR CA DRE licence # 01490567

# ਬਾਬਾ ਅਵਤਾਰ ਸਿੰਘ ਜੀ ਬਿੱਧੀਚੰਦੀਏ ਸੁਰਸਿੰਘ ਵਾਲਿਆਂ ਦੀ ਆਮਦ 'ਤੇ ਸਿੱਖੀ ਤੇ ਗੁਰਬਾਣੀ ਦਾ ਪ੍ਰਚਾਰ ਤੇ ਪਸਾਰ ਹੋਇਆ









**ਸਿਆਟਲ, (ਗੁਰਚਰਨ ਸਿੰਘ ਢਿੱਲੋਂ/ਪੰਜਾਬ ਮੇਲ)**- ਕੈਲੀਫੋਰਨੀਆ ਦੇ ਮਨਟੀਕਾ ਤੇ ਬੇਕਰਜ਼ਫੀਲਡ ਸ਼ਹਿਰਾਂ 'ਚ ਬਾਬਾ ਅਵਤਾਰ ਸਿੰਘ ਜੀ ਬਿੱਧੀਚੰਦੀਏ ਸੁਰਸਿੰਘ ਵਾਲਿਆਂ ਦੇ ਪਹੁੰਚਣ 'ਤੇ ਸਿੱਖੀ ਤੇ ਗੁਰਬਾਣੀ ਦਾ ਪ੍ਰਚਾਰ ਤੇ ਪਸਾਰ ਹੋਇਆ। ਮਨਟੀਕਾ ਵਿਚ ਪ੍ਰਿੰਸੀਪਲ ਸੁਖਚੈਨ ਸਿੰਘ ਢਿੱਲੋਂ ਦੇ ਛੋਟੇ ਲੜਕੇ ਅਰਜਨਬੀਰ ਸਿੰਘ ਢਿੱਲੋਂ (ਜਿੰਦੂ) ਤੇ ਉਸ ਦੀ ਪਤਨੀ ਮਨਜਿੰਦਰ ਕੌਰ ਢਿੱਲੋਂ (ਰਿਮੀ) ਦੇ ਸੱਦੇ 'ਤੇ 200 ਪਰਿਵਾਰਕ ਮੈਂਬਰ ਤੋਂ ਵੱਧ ਸੰਗਤ ਦੇ ਰੂਪ ਵਿਚ ਪਹੁੰਚੇ। ਪਰਿਵਾਰਕ ਮੈਂਬਰਾਂ 'ਚ ਮਾਤਾ ਪ੍ਰੀਤਮ ਕੌਰ ਢਿੱਲੋਂ, ਭਰਾ ਗੁਰਿੰਦਰਜੀਤ ਸਿੰਘ (ਲੱਕੀ) ਤੇ ਉਸ ਦੀ ਪਤਨੀ ਬਿਕਰਮਜੀਤ ਕੌਰ ਤੇ ਬੱਚੇ ਅਮੀਤੋਜ ਤੇ ਅਰੂਸ਼ ਤੋਂ ਇਲਾਵਾ ਰਿਸ਼ਤੇਦਾਰ ਪਾਲੀ ਤੇ ਆਸ਼ੂ ਢਿੱਲੋਂ, ਯਾਦਵਿੰਦਰ ਢਿੱਲੋਂ ਤੇ ਪਰਿਵਾਰ, ਮਹਾਬੀਰ ਤੇ ਅਬਾਦਤ ਸਿੱਧੂ ਪਰਿਵਾਰ ਸਮੇਤ, ਜਸਬੀਰ ਤੇ ਬੌਬੀ ਢਿੱਲੋਂ ਦਾ ਪਰਿਵਾਰ, ਬਲਵਿੰਦਰ ਪੰਨੂੰ ਤੇ ਪਰਿਵਾਰ, ਬਲਵੰਤ ਤੇ ਸਰਬਜੀਤ ਦਾ ਪਰਿਵਾਰ; ਰਾਜ ਤੇ ਅਮਨ ਦਾ ਪਰਿਵਾਰ, ਮਨਜੀਤ ਗਿੱਲ ਅਤੇ ਮੰਨਾ ਤੇ ਦਵਿੰਦਰ ਗੁੱਗੂ; ਬਿੰਦਰ ਸਿੰਘ ਸਮੇਤ ਅੰਤਰਰਾਸ਼ਟਰੀ ਕੁਸ਼ਤੀ ਕੋਚ ਜਗਦੇਵ ਸਿੰਘ ਧਾਲੀਵਾਲ ਤੇ ਉਸ ਦੀ ਲੜਕੀ ਪਲਵਿੰਦਰ ਕੌਰ, ਤਰਸੇਮ ਸਿੰਘ ਪਹਿਲਵਾਨ, ਲਾਭ ਸਿੰਘ ਤੋਂ ਇਲਾਵਾ, ਬਾਬਾ ਜੀ ਦੇ ਨਾਲ ਸਹਿਯੋਗੀ ਕੁਲਦੀਪ ਸਿੰਘ ਢਿੱਲੋਂ, ਰਵਿੰਦਰ ਸਿੰਘ ਢਿੱਲੋਂ, ਹਰਜਿੰਦਰ ਸਿੰਘ, ਹਰਿੰਦਰ ਸਿੰਘ, ਤਿੰਮਲ ਤੇ ਜੋਤ ਬੈਂਸ, ਪਰਦੀਪ ਤੇ ਨਿਰਮਤ ਕੋਚਰ, ਮਨਪ੍ਰੀਤ ਸਰਪੰਚ ਆਦਿ ਨੇ ਬਾਬਾ ਜੀ ਨਾਲ ਵਿਚਾਰ ਸਾਂਝੇ ਕੀਤੇ ਤੇ ਗੁਰੂਘਰ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ। ਬਾਬਾ ਅਵਤਾਰ ਸਿੰਘ ਜੀ ਦੇ ਪਹੁੰਚਣ 'ਤੇ ਫੁੱਲਾਂ ਦੀ ਵਰਖਾ ਕਰਕੇ ਸਵਾਗਤ ਕੀਤਾ ਗਿਆ। ਅਰਜਨ ਬੀਰ ਜਿੰਦੂ ਦੇ ਪਰਿਵਾਰ ਵਿਚ ਸੁਖਮਨੀ ਸਾਹਿਬ ਜੀ ਦੇ ਪਾਠ ਤੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ ਗਈ। ਬਾਬਾ ਜੀ ਨੇ ਗੁਰਬਾਣੀ ਤੇ ਸਿੱਖੀ ਨਾਲ ਜੁੜਨ ਦਾ ਉਪਦੇਸ਼ ਦਿੱਤਾ। ਬਾਅਦ ਵਿਚ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ।

ਬਾਬਾ ਅਵਤਾਰ ਸਿੰਘ ਜੀ ਮਨਟੀਕਾ ਗੁਰਦੁਆਰੇ ਪਹੁੰਚੇ, ਜਿੱਥੇ ਸੰਗਤ ਨਾਲ ਵਿਚਾਰਾਂ ਦੀ ਸਾਂਝ ਪਾਈ। ਗੁਰਦੁਆਰੇ ਵਿਚ ਵੀ ਗੁਰਬਾਣੀ ਤੇ ਸਿੱਖੀ ਦਾ ਪ੍ਰਚਾਰ ਤੇ ਪਸਾਰ ਕੀਤਾ ਗਿਆ।

ਸੈਨਹੋਜ਼ੇ ਗੁਰਦੁਆਰਾ ਸਾਹਿਬ ਵਿਚ 8 ਅਪ੍ਰੈਲ ਨੂੰ ਸਵੇਰੇ 8 ਤੋਂ 11 ਵਜੇ ਅੰਮ੍ਰਿਤ ਸੰਚਾਰ ਕਰਨ ਤੋਂ ਬਾਅਦ ਬੇਕਰਜ਼ਫੀਲਡ ਲਈ ਰਵਾਨਾ ਹੋਏ। 4 ਵਜੇ ਬੇਕਰਜ਼ਫੀਲਡ ਪਹੁੰਚਣ 'ਤੇ ਨਿੱਘਾ ਸਵਾਗਤ ਕੀਤਾ ਗਿਆ। ਜਗਦੀਸ਼ ਸਿੰਘ ਢਿੱਲੋਂ ਦਾ ਪਰਿਵਾਰ ਤੇ ਸੰਗਤਾਂ ਇੰਤਜ਼ਾਰ ਕਰ ਰਹੀਆਂ ਸਨ।

# ਦਮਦਮੀ ਟਕਸਾਲ ਦੇ ਮੁਖੀ ਸੰਤ ਬਾਬਾ ਹਰਨਾਮ ਸਿੰਘ ਖਾਲਸਾ ਵੱਲੋਂ ਸਾਈਨ ਬੋਰਡ ਦਾ ਉਦਘਾਟਨ



**ਫਰਿਜ਼ਨੋ, (ਧਾਲੀਆਂ/ਮਾਛੀਕੇ/ਪੰਜਾਬ ਮੇਲ)**- ਗੁਰਦੁਆਰਾ ਗੁਰ-ਨਾਨਕ ਪ੍ਰਕਾਸ਼ ਫਰਿਜ਼ਨੋ ਦਮਦਮੀ ਟਕਸਾਲ ਜੱਥਾ ਭਿੰਡਰਾ ਦੀ ਰਹਿਨੁਮਾਈ ਹੇਠ ਚਲਾਇਆ ਜਾ ਰਿਹਾ ਹੈ। ਜਿੱਥੇ ਹੋਏ ਵਿਸ਼ੇਸ਼ ਸਮਾਗਮਾਂ ਸੰਬੰਧੀ ਜਾਣਕਾਰੀ ਦਿੰਦੇ ਹੋਏ ਭਾਈ ਜਤਿੰਦਰ ਸਿੰਘ ਖਾਲਸਾ ਨੇ ਦੱਸਿਆ ਕਿ ਦਮਦਮੀ ਟਕਸਾਲ ਦੇ ਮੌਜੂਦਾ ਮੁਖੀ ਸੰਤ ਗਿਆਨੀ ਹਰਨਾਮ ਸਿੰਘ ਜੀ ਖਾਲਸਾ ਭਿੰਡਰਾਂ ਅਤੇ ਸਮੂੰਹ ਸੰਗਤ ਦਮਦਮੀ ਟਕਸਾਲ ਦੇ ਸਹਿਯੋਗ ਨਾਲ, ਦਮਦਮੀ ਟਕਸਾਲ ਦੇ 14ਵੇਂ ਮੁਖੀ ਅਮਰ ਸ਼ਹੀਦ ਸੰਤ ਗਿਆਨੀ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਅਤੇ ਜੂਨ 1984 ਦੇ ਸਮੂਹ ਸ਼ਹੀਦ ਸਿੰਘ, ਸਿੰਘਣੀਆ ਅਤੇ ਭੁਝੰਗੀਆਂ ਦੀ ਯਾਦ ਨੂੰ ਸਮਰਪਿਤ ਕਰਕੇ ਇਤਿਹਾਸਕ ਇਤਿਹਾਸਕ ਯਾਦਗਾਰੀ ਸਾਈਨ ਬੋਰਡ ਦਾ ਉਦਘਾਟਨ ਕੀਤਾ ਗਿਆ। ਇਸ ਸਮੇਂ ਸਥਾਨਕ ਗੁਰੂਘਰ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਅਸਵਾਰੀ ਵਾਸਤੇ ਸਿੱਖ ਸੰਗਤਾਂ ਦੇ ਸਹਿਯੋਗ ਨਾਲ ਗੁਰਦੁਆਰਾ ਸਾਹਿਬ ਵਿਖੇ ਲਿਆਂਦੀ ਗਈ ਨਵੀਂ ਪਾਲਕੀ ਸਾਹਿਬ ਦਾ ਵੀ ਉਦਘਾਟਨ ਕੀਤਾ ਗਿਆ। ਇਨ੍ਹਾਂ ਵਿਸ਼ੇਸ਼ ਉਦਘਾਟਨ ਕਾਰਜਾਂ ਨੂੰ ਸਮਰਪਿਤ ਤੇ ਵਿਸਾਖੀ ਦੇ ਜੋੜ ਮੇਲੇ ਦੇ ਸਬੰਧ ਵਿਚ ਭਾਰੀ ਦੀਵਾਨ ਸਜਾਏ ਗਏ। ਜਿਸ ਵਿਚ ਸੰਤ ਗਿਆਨੀ ਹਰਨਾਮ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਨੇ ਵਿਸ਼ੇਸ਼ ਸਮਾਗਮ ਦੌਰਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਆਏ ਮੁੱਖ ਵਾਕ (ਹੁਕਮਨਾਮਾ) ਸਾਹਿਬ ਦੀ ਵਿਆਖਿਆ ਕੀਤੀ। ਇਸ ਸਮੇਂ ਹਾਜ਼ਰ ਬੇਅੰਤ ਸੰਗਤਾਂ ਨੇ ਗੁਰੂ ਜਸ ਸਰਵਣ ਕਰਕੇ ਲਾਹਾ ਪ੍ਰਾਪਤ ਕੀਤਾ। ਗੁਰੂ ਦੇ ਲੰਗਰ ਅਤੁੱਟ ਵਰਤੇ ਅਤੇ ਬਹੁ ਗਿਣਤੀ ਸੰਗਤਾਂ ਗੁਰੂ ਨੂੰ ਨਤਮਸਤਕ ਹੋਈਆਂ।



# ਗੁਰਦੁਆਰਾ ਸਿੰਘ ਸਭਾ ਰੈਂਟਨ ਵਿਖੇ ਸਾਹਿਤਕਾਰ ਗਿਆਨੀ ਗੁਰਦਿੱਤ ਸਿੰਘ ਦੇ ਸ਼ਤਾਬਦੀ ਜਨਮ ਦਿਨ 'ਤੇ ਵਿਸ਼ੇਸ਼ ਪ੍ਰੋਗਰਾਮ



ਸਿਆਟਲ, (ਹਰਦਮ ਮਾਨ/ਪੰਜਾਬ ਮੇਲ)-ਗੁਰਦੁਆਰਾ ਸਿੰਘ ਸਭਾ ਰੈਂਟਨ (ਸਿਆਟਲ) ਵਿਖੇ ਨਾਮਵਰ ਸਾਹਿਤਕਾਰ ਗਿਆਨੀ ਗੁਰਦਿੱਤ ਸਿੰਘ ਦੇ ਸ਼ਤਾਬਦੀ ਜਨਮ ਦਿਨ 'ਤੇ ਵਿਸ਼ੇਸ਼ ਪ੍ਰੋਗਰਾਮ ਕਰਵਾਇਆ ਗਿਆ। ਇਸ ਵਿਚ ਕੈਨੇਡਾ ਤੋਂ ਨਾਮਵਰ ਸਾਹਿਤਕਾਰ ਅਤੇ ਸਿੱਖ ਚਿੰਤਕ ਜੈਤੇਗ ਸਿੰਘ ਅਨੰਤ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਪ੍ਰੋਗਰਾਮ ਦੀ ਸ਼ੁਰੂਆਤ ਕਰਦਿਆਂ ਗੁਰਦੁਆਰਾ ਸਿੰਘ ਸਭਾ ਦੇ ਸਾਬਕਾ ਪ੍ਰਧਾਨ ਅਤੇ ਪੰਜਾਬੀ ਸਾਹਿਤਕਾਰ ਅਵਤਾਰ ਸਿੰਘ ਆਦਮਪੁਰੀ ਨੇ ਸਭ ਨੂੰ ਜੀ ਆਇਆਂ ਕਿਹਾ। ਉਨ੍ਹਾਂ ਗਿਆਨੀ ਗੁਰਦਿੱਤ ਸਿੰਘ ਬਾਰੇ ਸੰਖੇਪ ਜਾਣਕਾਰੀ ਦਿੱਤੀ ਅਤੇ ਸਮਾਗਮ ਦੇ ਮੁੱਖ ਬੁਲਾਰੇ ਜੈਤੇਗ ਸਿੰਘ ਅਨੰਤ ਦੀ ਜਾਣ-ਪਛਾਣ ਕਰਵਾਈ।

ਗਿਆਨੀ ਗੁਰਦਿੱਤ ਸਿੰਘ ਦੀ ਸ਼ਖ਼ਸੀਅਤ, ਉਨ੍ਹਾਂ ਦੇ ਮਹਾਨ ਸਾਹਿਤਕ ਯੋਗਦਾਨ ਅਤੇ ਸਮਾਜਿਕ ਕਾਰਜਾਂ ਬਾਰੇ ਵਿਸਥਾਰ ਵਿਚ ਆਪਣੇ ਵਿਚਾਰ ਪ੍ਰਗਟ ਕਰਦਿਆਂ ਉੱਘੇ ਸਿੱਖ ਚਿੰਤਕ ਜੈਤੇਗ ਸਿੰਘ ਅਨੰਤ ਨੇ ਕਿਹਾ ਕਿ ਗਿਆਨੀ ਗੁਰਦਿੱਤ ਸਿੰਘ ਨਾਮਵਰ ਵਿਦਵਾਨ, ਚਿੰਤਕ, ਜੀਵਨੀਕਾਰ, ਨਿਬੰਧਕਾਰ, ਸਿਰਕੱਢ ਖੋਜੀ, ਇਤਿਹਾਸਕਾਰ, ਸੰਪਾਦਕ, ਗੁਰਮਤਿ ਅਚਾਰੀਆ, ਗੁਰਬਾਣੀ ਦੇ ਵਿਆਖਿਆਕਾਰ ਅਤੇ ਚੋਟੀ ਦੇ ਬੁਲਾਰੇ ਸਨ। 'ਮੇਰਾ ਪਿੰਡ' ਉਨ੍ਹਾਂ ਦੀ ਸ਼ਾਹਕਾਰ ਰਚਨਾ ਹੈ, ਜਿਸ ਵਿਚੋਂ ਪੰਜਾਬ ਦੇ ਪਿੰਡਾਂ ਦਾ ਸਮੁੱਚਾ ਸੱਭਿਆਚਾਰ ਬੇਹੱਦ ਕਲਾਮਈ ਅਤੇ ਖ਼ੂਬਸੂਰਤ ਢੰਗ ਨਾਲ ਚਿਤਰਿਆ ਗਿਆ ਹੈ। ਉਨ੍ਹਾਂ ਦੀ ਖੋਜ ਪੁਸਤਕ 'ਸ੍ਰੀ ਗੁਰੂ ਗ੍ਰੰਥ ਸਾਹਿਬ ਭਗਤ ਬਾਣੀ ਭਾਗ ਪਹਿਲਾ' ਵੀ ਪੰਜਾਬੀ ਜਗਤ ਦੀ ਅਨਮੋਲ ਰਚਨਾ ਹੈ। ਉਨ੍ਹਾਂ ਆਪਣੇ ਜੀਵਨ ਵਿਚ ਲਗਭਗ 100 ਦੇ ਕਰੀਬ ਪੁਸਤਕਾਂ ਅਤੇ ਵਿਸ਼ੇਸ਼ ਅੰਕ ਪ੍ਰਕਾਸ਼ਿਤ ਕੀਤੇ। ਉਹ ਪੰਜਾਬੀ ਯੂਨੀਵਰਸਿਟੀ ਦੀ ਸੈਨੇਟ ਦੇ ਮੈਂਬਰ ਰਹੇ। 1977 ਵਿਚ ਪੰਜਾਬੀ ਯੂਨੀਵਰਸਿਟੀ ਵੱਲੋਂ ਉਨ੍ਹਾਂ ਨੂੰ ਫੈਲੋਸ਼ਿਪ ਪ੍ਰਦਾਨ ਕੀਤੀ ਗਈ। ਉਨ੍ਹਾਂ ਨੂੰ ਦੇਸ਼-ਵਿਦੇਸ਼ ਵਿਚ ਅਨੇਕਾਂ ਮਾਣ-ਸਨਮਾਨ ਮਿਲੇ। ਉਨ੍ਹਾਂ ਦੀ ਪੁਸਤਕ 'ਮੇਰਾ ਪਿੰਡ' ਨੂੰ ਯੂਨੈਸਕੋ ਐਵਾਰਡ ਪ੍ਰਾਪਤ ਹੋਇਆ। ਭਾਸ਼ਾ ਵਿਭਾਗ ਪੰਜਾਬ ਵੱਲੋਂ ਉਨ੍ਹਾਂ ਨੂੰ ਸ਼੍ਰੋਮਣੀ ਸਾਹਿਤਕਾਰ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ।

ਗਿਆਨੀ ਗੁਰਦਿੱਤ ਸਿੰਘ ਦੇ ਇਕ ਹੋਰ ਅਹਿਮ ਪਹਿਲੂ ਬਾਰੇ ਚਾਨਣਾ ਪਾਉਂਦਿਆਂ ਸ. ਅਨੰਤ ਨੇ ਦੱਸਿਆ ਕਿ ਪੰਜਾਬ ਦੀਆਂ ਪ੍ਰਮੁੱਖ ਰਾਜਸੀ ਸ਼ਖ਼ਸੀਅਤਾਂ ਨਾਲ ਉਨ੍ਹਾਂ ਦੇ ਬੜੀ ਗੂੜ੍ਹੀ ਮਿੱਤਰਤਾ ਸੀ। ਉਹ ਪੰਜਾਬ ਦੇ ਤੱਤਕਾਲੀ ਮੁੱਖ ਮੰਤਰੀ ਗਿਆਨੀ ਜ਼ੈਲ ਸਿੰਘ ਅਤੇ ਗਿਆਨ ਸਿੰਘ ਰਾੜੇਵਾਲਾ ਦੇ ਸਲਾਹਕਾਰ ਵੀ ਰਹੇ। ਪੰਜਾਬੀ ਯੂਨੀਵਰਸਿਟੀ ਦੀ ਸਥਾਪਨਾ ਉਨ੍ਹਾਂ ਦੀ ਸੋਚ ਸਦਕਾ ਹੀ ਹੋਈ। ਦਮਦਮਾ ਸਾਹਿਬ ਦੀ ਤਵਾਰੀਖ ਨੂੰ ਖੋਜ ਕੇ ਉਸ ਨੂੰ ਸਿੱਖਾਂ ਦਾ ਪੰਜਵਾਂ ਤਖ਼ਤ ਸਥਾਪਤ ਕਰਨ ਵਿਚ ਉਨ੍ਹਾਂ ਦਾ ਵੱਡਾ ਯੋਗਦਾਨ ਸੀ। ਗੁਰੂ ਨਾਨਕ ਯੂਨੀਵਰਸਿਟੀ ਵਿਚ ਵਿਰਾਸਤੀ ਪਿੰਡ ਦਾ ਨੀਂਹ ਪੱਥਰ ਵੀ ਉਨ੍ਹਾਂ ਨੇ ਰੱਖਿਆ।

ਗਿਆਨੀ ਗੁਰਦਿੱਤ ਸਿੰਘ ਬਾਰੇ ਬੋਲਦਿਆਂ ਕੈਨੇਡੀਅਨ ਰਾਮਗੜ੍ਹੀਆ ਸੁਸਾਇਟੀ ਦੇ ਆਗੂ ਸੁਰਿੰਦਰ ਸਿੰਘ ਜੱਬਲ ਨੇ ਕਿਹਾ ਕਿ ਗਿਆਨੀ ਗੁਰਦਿੱਤ ਸਿੰਘ ਸਿੱਖ ਕੌਮ ਦੀਆਂ ਵਿਰਲਿਆਂ ਸ਼ਖਸੀਅਤਾਂ ਵਿਚੋਂ ਇਕ ਸਨ, ਜਿਨ੍ਹਾਂ ਨੇ ਆਪਣਾ ਸਾਰਾ ਜੀਵਨ ਸਿੱਖ ਇਤਿਹਾਸ, ਸਾਹਿਤ ਅਤੇ ਖੋਜ ਕਾਰਜਾਂ ਵਿਚ ਲਾਇਆ। ਅਖੰਡ ਕੀਰਤਨੀ ਜਥੇ ਦੇ ਰੂਹੇ-ਰਵਾਂ ਮਲਕੀਤ ਸਿੰਘ ਨੇ ਕਿਹਾ ਕਿ ਗਿਆਨੀ ਗੁਰਦਿੱਤ ਸਿੰਘ ਵਰਗੀਆਂ ਮਹਾਨ ਸਾਹਿਤਕ ਸ਼ਖ਼ਸੀਅਤਾਂ ਨੂੰ ਯਾਦ ਕਰਨਾ ਅਤੇ ਉਨ੍ਹਾਂ ਦਾ ਕਾਰਜਾਂ ਨੂੰ ਜਾਣਨਾ ਸਮੇਂ ਦੀ ਪ੍ਰਮੁੱਖ ਲੋੜ ਹੈ। ਇਸ ਮੌਕੇ ਜੈਤੇਗ ਸਿੰਘ ਅਨੰਤ ਵੱਲੋਂ ਤਿਆਰ ਕੀਤਾ ਗਿਆ ਸਲਾਈਡ ਸ਼ੋਅ ਦਿਖਾਇਆ ਗਿਆ, ਜਿਸ ਰਾਹੀਂ ਗਿਆਨੀ ਗੁਰਦਿੱਤ ਸਿੰਘ ਦੀ ਸ਼ਖ਼ਸੀਅਤ ਦੇ ਵੱਖ-ਵੱਖ ਪਹਿਲੂਆਂ, ਕਾਰਜਾਂ, ਯੋਗਦਾਨ, ਪ੍ਰਾਪਤੀਆਂ, ਮਾਣ-ਸਨਮਾਨ ਬਾਰੇ ਜਾਣਕਾਰੀ ਪ੍ਰਦਾਨ ਕੀਤੀ ਗਈ।

ਇਸ ਮੌਕੇ ਜੈਤੇਗ ਸਿੰਘ ਅਨੰਤ ਨੇ ਆਪਣੀਆਂ ਅਤੇ ਗਿਆਨੀ ਗੁਰਦਿੱਤ ਸਿੰਘ ਦੀਆਂ ਪੁਸਤਕਾਂ ਦਾ ਇਕ ਸੈੱਟ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਦੇ ਪ੍ਰਬੰਧਕਾਂ ਨੂੰ ਸੌਂਪਿਆ। ਗੁਰਦੁਆਰਾ ਪ੍ਰਬੰਧਕਾਂ ਵੱਲੋਂ ਜੈਤੇਗ ਸਿੰਘ ਅਨੰਤ ਨੂੰ ਸਨਮਾਨਿਤ ਕੀਤਾ ਗਿਆ। ਇਸ ਸਮਾਗਮ 'ਚ ਵੱਡੀ ਗਿਣਤੀ ਵਿਚ ਸੰਗਤਾਂ ਸ਼ਾਮਲ ਹੋਈਆਂ। ਅੰਤ ਵਿਚ ਗੁਰਦੁਆਰਾ ਸਿੰਘ ਸਭਾ ਗੁਰਦੁਆਰਾ ਸਾਹਿਬ ਵੱਲੋਂ ਪੇਸ਼ ਕੀਤੇ ਇਕ ਮਤੇ ਰਾਹੀਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਤੋਂ ਮੰਗ ਕੀਤੀ ਗਈ ਕਿ ਗਿਆਨੀ ਗੁਰਦਿੱਤ ਸਿੰਘ ਦੀ ਤਸਵੀਰ ਸਿੱਖ ਅਜਾਇਬ ਘਰ ਅੰਮ੍ਰਿਤਸਰ ਵਿਖੇ ਸੁਸ਼ੋਭਿਤ ਕੀਤੀ ਜਾਵੇ।

# ਸਿੱਖ ਗੁਰਦੁਆਰਾ ਸੈਨਹੋਜ਼ੇ ਵਿਖੇ ਸਜਿਆ ਧਾਰਮਿਕ ਕਵੀ-ਦਰਬਾਰ




**ਸੈਨਹੋਜ਼ੇ, (ਪ੍ਰਮਿੰਦਰ ਸਿੰਘ ਪ੍ਰਵਾਨਾ/ਪੰਜਾਬ ਮੇਲ)-** ਅਮਰੀਕੀ ਪੰਜਾਬੀ ਕਵੀਆਂ ਵੱਲੋਂ ਗੁਰਦੁਆਰਾ ਸਾਹਿਬ ਸੈਨਹੋਜ਼ੇ ਵਿਖੇ ਸਜੇ ਦੀਵਾਨਾਂ ਵਿਚ ਖਾਲਸਾ ਸਾਜਨਾ ਦਿਵਸ ਵਿਸਾਖੀ ਦਿਵਸ ਨੂੰ ਸਮਰਪਿਤ ਧਾਰਮਿਕ ਕਵੀ ਦਰਬਾਰ ਬੜੀ ਸ਼ਰਧਾ-ਭਾਵਨਾ ਨਾਲ ਸਜਾਇਆ ਗਿਆ। ਮੰਚ ਸੰਚਾਲਕ 'ਪ੍ਰਵਾਨਾ' ਵੱਲੋਂ ਵਿਸਾਖੀ ਦੇ ਇਤਿਹਾਸ ਬਾਰੇ ਜਾਣਕਾਰੀ ਦਿੱਤੀ ਗਈ।

ਇਸ ਦੌਰਾਨ ਧਾਰਮਿਕ ਕਵੀ ਦਰਬਾਰ ਵਿਚ ਗੁਰਦਿਆਲ ਸਿੰਘ ਨੂਰਪੁਰੀ, ਤਰਸੇਮ ਸਿੰਘ ਸੁੰਮਨ, ਜਸਦੀਪ ਸਿੰਘ ਫਰੀਮਾਂਟ, ਅਮਰਜੀਤ ਸਿੰਘ ਇਬਰਾਹਿਮਪੁਰੀ, ਪ੍ਰਮਿੰਦਰ ਸਿੰਘ ਪ੍ਰਵਾਨਾ ਆਦਿ ਕਵੀ ਹਾਜ਼ਰ ਹੋਏ, ਜਿਨ੍ਹਾਂ ਨੇ ਬੀਰ ਰਸੀ ਕਵਿਤਾਵਾਂ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਸੰਗਤਾਂ ਵੱਲੋਂ ਇਤਿਹਾਸਕ ਸਾਰਥਿਕ ਕਵੀ ਦਰਬਾਰ ਦਾ ਆਨੰਦ ਮਾਣਿਆ ਗਿਆ। ਪ੍ਰਬੰਧਕਾਂ ਵੱਲੋਂ ਕਵੀਆਂ ਦੇ ਇਸ ਵਿਸ਼ੇਸ਼ ਉਪਰਾਲੇ ਦੀ ਸ਼ਲਾਘਾ ਕੀਤੀ ਗਈ। ਕਵੀਆਂ ਦਾ ਮਾਨ-ਸਨਮਾਨ ਕਰਦਿਆਂ ਗੁਰੂ ਘਰ ਦੀ ਬਖਸ਼ਿਸ਼ ਸਿਰੋਪਾ ਨਾਲ ਸਨਮਾਨਿਤ ਕੀਤਾ। ਇਕ ਯਾਦਗਾਰੀ ਤਸਵੀਰ ਨਾਲ ਪ੍ਰੋਗਰਾਮ ਸੰਪੰਨ ਹੋਇਆ।

ਰੋਜ਼ਾਨਾ ਖਬਰਾਂ ਪੜ੍ਹਨ ਲਈ ਕਲਿੱਕ ਕਰੋ :
www.punjabmailusa.com





EXPO
FURNITURE
Gallery
FALL SAVINGS
PRICES ARE FALLING!
SAVE UP TO
70%
OFF IN STORE
7310 Home Leisure Plaza
Sacramento, CA 95823
(916) 392-3233
11415 Folsom Blvd. STE #105
Rancho Cordova, CA 95742
(916) 635-3976
Promotion does not apply to previous purchases. 0% Financing available on approved credit - see store for details. "Up to 70% Off" items are available in-store only and are limited in quantity. They will be sold on a first come, first serve basis and may include floor model items, discontinued items and slightly imperfect items. Although every precaution is taken, errors in pricing/description may occur. We reserve the right to correct any such errors.

# ਐੱਨ.ਆਰ.ਆਈ. ਹਰਜਿੰਦਰ ਧਾਮੀ ਵੱਲੋਂ ਡਾਇਲਸਿਸ ਮਸ਼ੀਨ ਭੇਂਟ

## ਸਰਬੱਤ ਦਾ ਭਲਾ ਟਰੱਸਟ ਦੇ ਚੇਅਰਮੈਨ ਡਾ. ਐੱਸ.ਪੀ. ਸਿੰਘ ਉਬਰਾਏ ਦੇ ਪ੍ਰੇਰਣਾ ਸਦਕਾ ਮਾਤਾ-ਪਿਤਾ ਦੀ ਯਾਦ 'ਚ ਮਾਨਵਤਾ ਨੂੰ ਕੀਤੀ ਸਮਰਪਿਤ








**ਹੁਸ਼ਿਆਰਪੁਰ, (ਪੰਜਾਬ ਮੇਲ)-** ਸਰਬੱਤ ਦਾ ਭਲਾ ਟਰੱਸਟ ਦੇ ਚੇਅਰਮੈਨ ਡਾ. ਐੱਸ.ਪੀ. ਸਿੰਘ ਉਬਰਾਏ ਦੀ ਪ੍ਰੇਰਣਾ ਸਦਕਾ ਕੈਲੀਫੋਰਨੀਆ ਨਿਵਾਸੀ ਹਰਜਿੰਦਰ ਸਿੰਘ ਧਾਮੀ ਨੇ ਟਰੱਸਟ ਦੇ ਦੁਆਬਾ ਜੋਨ ਦੇ ਪ੍ਰਧਾਨ ਅਮਰਜੋਤ ਸਿੰਘ, ਹੁਸ਼ਿਆਰਪੁਰ ਇਕਾਈ ਦੇ ਪ੍ਰਧਾਨ ਆਗਿਆਪਾਲ ਸਿੰਘ ਸਾਹਨੀ ਅਤੇ ਉਨ੍ਹਾਂ ਦੀ ਸਾਰੀ ਟੀਮ ਦੇ ਨਾਲ ਨਾਰਦ ਹਸਪਤਾਲ ਹੁਸ਼ਿਆਰਪੁਰ ਵਿਚ ਇੱਕ ਡਾਇਲਸਿਸ ਮਸ਼ੀਨ ਭੇਂਟ ਕੀਤੀ ਗਈ।

ਡੀ.ਸੀ. ਕੋਮਲ ਮਿੱਤਲ ਨੇ ਮਸ਼ੀਨ ਦਾ ਉਦਘਾਟਨ ਕਰਦੇ ਹੋਏ ਕਿਹਾ ਕਿ ਸਰਬੱਤ ਦਾ ਭਲਾ ਟਰੱਸਟ ਦੇ ਮੁਖੀ ਡਾ. ਐੱਸ.ਪੀ. ਸਿੰਘ ਉਬਰਾਏ ਦੀ ਮਾਨਵਤਾ ਦੀ ਸੇਵਾ ਲਈ ਜਿੰਨੀ ਪ੍ਰਸ਼ੰਸਾ ਕੀਤੀ ਜਾਵੇ, ਉਹ ਘੱਟ ਹੈ। ਉਨ੍ਹਾਂ ਨੇ ਹਰਜਿੰਦਰ ਸਿੰਘ ਧਾਮੀ, ਸੰਤੋਸ਼ ਧਾਮੀ ਅਤੇ ਉਨ੍ਹਾਂ ਦੇ ਪਰਿਵਾਰ ਦਾ ਇਸ ਨੇਕ ਕੰਮ ਲਈ ਧੰਨਵਾਦ ਕੀਤਾ।

ਉਨ੍ਹਾਂ ਕਿਹਾ ਕਿ ਧੰਨ ਹੈ ਉਹ ਮਾਤਾ-ਪਿਤਾ ਜਿਨ੍ਹਾਂ ਦੇ ਬੱਚੇ ਸਮਾਜਸੇਵਾ ਦੇ ਵਿਚ ਲੱਗੇ ਹੋਏ ਹਨ। ਅਮਰਜੀਤ ਸਿੰਘ ਪ੍ਰਧਾਨ ਦੁਆਬਾ ਜੋਨ ਨੇ ਡਾ. ਐੱਸ.ਪੀ. ਸਿੰਘ ਉਬਰਾਏ ਵੱਲੋਂ ਚਲਾਏ ਜਾ ਰਹੇ ਸਾਰੇ ਕੰਮਾਂ ਦਾ ਵਰਣਨ ਕਰਦੇ ਹੋਏ ਦੱਸਿਆ ਕਿ ਸਾਰੇ ਸੰਸਾਰ ਵਿਚ ਡਾ. ਉਬਰਾਏ ਦੇ ਨਾਲ ਲਗਭਗ 1600 ਸੇਵਾ ਕਰਨ ਵਾਲੇ ਲੋਕ ਫਰੀ ਸੇਵਾ ਕਰ ਰਹੇ ਹਨ। ਵਿਸ਼ੇਸ਼ ਰੂਪ ਵਿਚ ਪਟਿਆਲਾ ਤੋਂ ਆਏ ਹੋਏ ਡਾ. ਡੀ.ਐੱਸ. ਗਿੱਲ ਨੇ ਦੱਸਿਆ ਕਿ ਟਰੱਸਟ ਵੱਲੋਂ ਹੁਣ ਤੱਕ 580 ਦੇ ਲਗਭਗ ਫਰੀ ਅੱਖਾਂ ਦੇ ਕੈਂਪ ਲਗਾ ਕੇ, ਫਰੀ ਆਪਰੇਸ਼ਨ ਕਰਵਾ ਕੇ, ਰੋਗੀਆਂ ਨੂੰ ਨਵੀਂ ਜ਼ਿੰਦਗੀ ਦੇਣ ਦਾ ਉਪਰਾਲਾ ਕੀਤਾ ਗਿਆ ਹੈ। 100 ਦੇ ਲਗਭਗ ਸਨੀ ਉਬਰਾਏ ਲੈਬੋਰੇਟਰੀਆਂ ਵਿਚ ਬਹੁਤ ਹੀ ਘੱਟ ਕੀਮਤ 'ਤੇ ਖ਼ੂਨ ਦੇ ਸਾਰੇ ਟੈਸਟ ਕੀਤੇ ਜਾ ਰਹੇ ਹਨ। ਭਵਿੱਖ ਵਿਚ ਐਕਸਰੇ ਮਸ਼ੀਨਾਂ ਅਤੇ ਦੰਦਾਂ ਦੀ ਦੇਖਭਾਲ ਲਈ ਹਸਪਤਾਲ ਖੋਲ੍ਹੇ ਜਾਣਗੇ।

ਉਨ੍ਹਾਂ ਡਾ. ਐੱਸ.ਕੇ. ਨਾਰਦ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਨਾਰਦ ਹਸਪਤਾਲ ਹੁਸ਼ਿਆਰਪੁਰ ਸਾਡੇ ਨਾਲ ਮੋਢੇ ਨਾਲ ਮੋਢਾ ਜੋੜ ਕੇ ਖੜ੍ਹਾ ਹੈ।

ਇਸ ਮੌਕੇ ਹਰਜਿੰਦਰ ਸਿੰਘ ਧਾਮੀ ਨੇ ਦੱਸਿਆ ਕਿ ਇਹ ਮਸ਼ੀਨ ਉਹ ਆਪਣੇ ਪਿਤਾ ਸ. ਸਵਰਣ ਸਿੰਘ ਧਾਮੀ ਅਤੇ ਮਾਤਾ ਸ੍ਰੀਮਤੀ ਜਸਵੰਤ ਕੌਰ ਧਾਮੀ ਦੀ ਯਾਦ ਵਿਚ ਮਾਨਵਤਾ ਦੀ ਸੇਵਾ ਲਈ ਸਮਰਪਿਤ ਕਰ ਰਹੇ ਹਨ। ਇਸ ਮੌਕੇ ਡਾ. ਸੰਜੇ ਨਾਰਦ, ਅਰੁਣ ਜੈਨ, ਸੀਨੀਅਰ ਪ੍ਰਧਾਨ ਬਲਰਾਮ ਸਿੰਘ ਰੰਧਾਵਾ, ਨਰਿੰਦਰ ਸਿੰਘ, ਜਗਮੀਤ ਸਿੰਘ ਸੇਠੀ, ਲੈਫ. ਜਨਰਲ ਜੇ.ਐੱਸ. ਢਿੱਲੋਂ, ਨਰਿੰਦਰ ਤੂਰ, ਸੰਜੀਵ ਅਰੋੜਾ, ਰਾਕੇਸ਼ ਭਾਰਗਵ, ਦਿਲਰਾਜ ਸਿੰਘ, ਗੁਰਪ੍ਰੀਤ ਸਿੰਘ, ਮਨਜੀਤ ਜੰਡਾ, ਮੀਨਾਕਸ਼ੀ ਸ਼ਾਰਦਾ, ਰੈੱਡ ਕਰਾਸ ਦੇ ਸਾਬਕਾ ਸੈਕਟਰੀ ਨਰੇਸ਼ ਗੁਪਤਾ, ਹਰਮਿੰਦਰ ਦਿਉਲ ਅਤੇ ਹੋਰ ਵੀ ਕਈ ਸੱਜਣ ਹਾਜਰ ਸਨ।



# ਸਿਨਸਿਨਾਟੀ ਵਿਖੇ ਸਿੱਖ ਯੂਥ ਸਿੰਪੋਜ਼ੀਅਮ 2023 ਦਾ ਆਯੋਜਨ ਧੂਮਧਾਮ ਨਾਲ ਸੰਪੰਨ ਹੋਇਆ





**ਸਿਨਸਿਨਾਟੀ (ਓਹਾਇਓ), (ਰਾਜ ਗੋਗਨਾ/ਪੰਜਾਬ ਮੇਲ)-** ਸਿੱਖ ਯੂਥ ਅਲਾਇੰਸ ਆਫ ਨਾਰਥ ਅਮਰੀਕਾ (ਸਿਆਨਾ) ਸੰਸਥਾ ਵਲੋਂ ਕਰਵਾਏ ਜਾਂਦੇ ਸਾਲਾਨਾ ਸਿੱਖ ਯੂਥ ਸਿੰਪੋਜ਼ੀਅਮ 2023 ਸੰਬੰਧੀ ਸਥਾਨਕ ਪੱਧਰ ਦੇ ਭਾਸ਼ਨ ਮੁਕਾਬਲੇ ਅਮਰੀਕਾ ਦੇ ਸੂਬੇ ਓਹਾਇਓ ਦੇ ਸ਼ਹਿਰ ਸਿਨਸਿਨਾਟੀ ਵਿਖੇ ਆਯੋਜਿਤ ਕੀਤੇ ਗਏ। ਗੁਰੂ ਨਾਨਕ ਸੋਸਾਇਟੀ ਆਫ ਗ੍ਰੇਟਰ ਸਿਨਸਿਨਾਟੀ ਗੁਰਦੁਆਰਾ ਸਾਹਿਬ ਵਿਖੇ ਆਯੋਜਿਤ ਪ੍ਰੋਗਰਾਮ ਵਿਚ 6 ਸਾਲ ਤੋਂ ਲੈ ਕੇ 20 ਸਾਲ ਤੱਕ ਦੇ 42 ਬੱਚਿਆਂ ਤੇ ਨੌਜਵਾਨਾਂ ਨੇ ਭਾਗ ਲਿਆ। ਇਸ ਸਮਾਗਮ ਸੰਬੰਧੀ ਜਾਣਕਾਰੀ ਸਾਂਝੀ ਕਰਦੇ ਹੋਏ ਸਿਨਸਿਨਾਟੀ ਅਤੇ ਡੇਟਨ ਖੇਤਰ ਦੇ ਸਿੰਪੋਜ਼ੀਅਮ ਲਈ ਸਥਾਨਕ ਕਨਵੀਨਰ ਸਮੀਪ ਸਿੰਘ ਗੁਮਟਾਲਾ ਨੇ ਦੱਸਿਆ ਕਿ ਭਾਗ ਲੈਣ ਵਾਲੇ ਬੱਚਿਆਂ ਨੂੰ ਉਮਰ ਅਨੁਸਾਰ ਪੰਜ ਗਰੁੱਪਾਂ ਵਿਚ ਵੰਡਿਆ ਜਾਂਦਾ ਹੈ।

ਸਿੰਪੋਜ਼ੀਅਮ ਦੀ ਆਰੰਭਤਾ ਅਤੇ ਸਮਾਪਤੀ ਅਰਦਾਸ ਅਤੇ ਹੁਕਮਨਾਮਾ ਲੈ ਕੇ ਹੋਈ। ਸਾਲ 2006 ਤੋਂ ਬਤੌਰ ਸਥਾਨਕ ਕਨਵੀਤਰ ਦੀ ਸੇਵਾ ਨਿਭਾ ਚੁੱਕੇ ਸ. ਹਰਜਿੰਦਰ ਸਿੰਘ ਜੀ ਨੇ ਭਾਗ ਲੈਣ ਵਾਲੇ ਨੌਜਵਾਨਾਂ, ਪਰਿਵਾਰਕ ਅਤੇ ਸੰਗਤ ਮੈਂਬਰਾਂ ਨੂੰ ਇਸ ਦੀ ਮਹੱਤਤਾ ਬਾਰੇ ਦੱਸਦਿਆਂ ਕਿਹਾ ਕਿ ਇਸ ਸਿੰਪੋਜ਼ੀਅਮ ਦੀ ਤਿਆਰੀ ਨਾਲ ਬੱਚਿਆਂ ਨੂੰ ਜਿੱਥੇ ਸਿੱਖ ਇਤਿਹਾਸ ਤੇ ਵਿਰਸੇ ਬਾਰੇ ਜਾਣਕਾਰੀ ਮਿਲਦੀ ਹੈ, ਨਾਲ ਹੀ ਉਨ੍ਹਾਂ ਨੂੰ ਭਾਸ਼ਣ ਲਿਖਣ ਤੇ ਬੋਲਣ ਦਾ ਵੀ ਪਤਾ ਲਗਦਾ ਹੈ।

ਇਸ ਮੌਕੇ ਉਨ੍ਹਾਂ ਦੇ ਸਪੁੱਤਰ ਜੈਪਾਲ ਸਿੰਘ ਨੂੰ ਵੀ ਯਾਦ ਕੀਤਾ ਗਿਆ, ਜੋ ਕਿ ਪਿਛਲੇ ਸਾਲ ਮਈ 2022 ਨੂੰ 42 ਸਾਲ ਦੀ ਉਮਰ ਵਿਚ ਕੈਂਸਰ ਦੀ ਬੀਮਾਰੀ ਕਾਰਨ ਅਕਾਲ ਚਲਾਣਾ ਕਰ ਗਏ ਸਨ। ਉਨ੍ਹਾਂ ਵਲੋਂ ਸਾਲ 2006 ਤੋਂ ਸ਼ੁਰੂ ਕੀਤੇ ਗਏ ਸਥਾਨਕ ਸਿੰਪੋਜ਼ੀਅਮ ਲਈ ਹਰ ਸਾਲ ਯੂਥ ਨੂੰ ਬਹੁਤ ਮਿਹਨਤ ਨਾਲ ਤਿਆਰੀ ਕਰਵਾਈ ਜਾਂਦੀ ਸੀ। ਉਨ੍ਹਾਂ ਵਲੋਂ ਲਗਾਏ ਗਏ ਬੂਟੇ ਦਾ ਹੀ ਨਤੀਜਾ ਹੈ ਕਿ ਮੰਚ ਦਾ ਸੰਚਾਲਨ ਅਤੇ ਹੋਰ ਸੇਵਾਵਾਂ ਉਨ੍ਹਾਂ ਨੌਜਵਾਨਾਂ ਵਲੋਂ ਹੀ ਕੀਤੀਆਂ ਗਈਆਂ, ਜੋ ਪਹਿਲਾਂ ਇਨ੍ਹਾਂ ਵਿਚ ਭਾਗ ਲੈਂਦੇ ਰਹੇ ਹਨ।

ਗੁਰਦੁਆਰਾ ਸਾਹਿਬ ਦੇ ਹੈੱਡ ਗ੍ਰੰਥੀ ਭਾਈ ਅਮਰੀਕ ਸਿੰਘ ਨੇ ਇਸ ਸਮਾਗਮ ਨੂੰ ਸਫਲਤਾਪੂਰਵਕ ਆਯੋਜਿਤ ਕਰਨ ਲਈ ਸਾਰੇ ਵਲੰਟੀਅਰਾਂ, ਬੱਚਿਆਂ, ਉਨ੍ਹਾਂ ਦੇ ਮਾਤਾ-ਪਿਤਾ, ਸਮੂਹ ਸੰਗਤ ਅਤੇ ਪ੍ਰਬੰਧਕ ਕਮੇਟੀ ਦਾ ਧੰਨਵਾਦ ਕੀਤਾ।

ਸਿੰਪੋਜ਼ੀਅਮ ਅਤੇ ਸਿੱਖ ਯੂਥ ਅਲਾਇੰਸ ਆਫ ਨਾਰਥ ਅਮਰੀਕਾ (ਸਿਆਨਾ) ਸੰਸਥਾ ਦੇ ਨੈਸ਼ਨਲ ਕਨਵੀਨਰ ਸ. ਕੁਲਦੀਪ ਸਿੰਘ ਅਨੁਸਾਰ ਸੰਸਥਾ ਵਲੋਂ ਸੰਨ 2000 ਤੋਂ ਹਰ ਸਾਲ ਮਾਰਚ-ਅਪਰੈਲ ਦੇ ਮਹੀਨੇ ਵਿਚ ਇਹ ਮੁਕਾਬਲੇ ਪਹਿਲਾਂ ਅਮਰੀਕਾ ਤੇ ਕੈਨੇਡਾ ਦੇ ਵੱਖ-ਵੱਖ ਸ਼ਹਿਰਾਂ ਵਿਚ ਕਰਵਾਏ ਜਾਂਦੇ ਹਨ, ਫਿਰ ਰਾਜ ਪੱਧਰੀ ਤੇ ਅੰਤ ਵਿਚ ਅਗਸਤ ਦੇ ਮਹੀਨੇ ਵਿਚ ਅੰਤਰਰਾਸ਼ਰਟੀ ਪੱਧਰ ਦੇ ਮੁਕਾਬਲੇ ਕਰਵਾਏ ਜਾਂਦੇ ਹਨ। ਇਸ ਵਿਚ ਰਾਜ ਪੱਧਰੀ ਮੁਕਾਬਲਿਆਂ ਦੇ ਜੇਤੂ ਬੱਚੇ ਭਾਗ ਲੈਂਦੇ ਹਨ। ਰਾਜ ਪੱਧਰੀ ਮੁਕਾਬਲਿਆਂ ਲਈ ਅਮਰੀਕਾ ਅਤੇ ਕੈਨੇਡਾ ਨੂੰ 13 ਹਿੱਸਿਆਂ ਵਿਚ ਵੰਡਿਆ ਗਿਆ ਹੈ ਤੇ ਹਰ ਖਿੱਤੇ ਤੋਂ ਜੇਤੂ ਬੱਚੇ ਫਾਈਨਲ ਮੁਕਾਬਲਿਆਂ ਵਿਚ ਜਾਂਦੇ ਹਨ।

# ਵਿਸ਼ਵ 'ਚ ਸਿੱਖੀ ਦਾ ਝੰਡਾ ਬੁਲੰਦ ਕਰਨ ਵਾਲੀਆਂ ਸ਼ਖਸੀਅਤਾਂ ਦਾ 'ਸਿੱਖ ਹੀਰੋਜ਼ ਐਵਾਰਡ' ਨਾਲ ਸਨਮਾਨ



ਵਾਸ਼ਿੰਗਟਨ ਡੀ.ਸੀ., (ਰਾਜ ਗੋਗਨਾ/ਪੰਜਾਬ ਮੇਲ)- ਸਮੁੱਚੀ ਦੁਨੀਆਂ ਵਿਚ ਸਿੱਖੀ ਦਾ ਝੰਡਾ ਬੁਲੰਦ ਕਰਨ ਵਾਲੀ ਸਮਾਜ ਸੇਵੀ ਅਤੇ ਚੈਰਿਟੀ ਸੰਸਥਾ ਸਿੱਖਸ ਆਫ ਅਮੈਰਿਕਾ ਵਲੋਂ ਵਿਸਾਖੀ ਦੇ ਤਿਉਹਾਰ ਨੂੰ ਸਮਰਪਿਤ ਇਕ ਸ਼ਾਨਦਾਰ ਸਮਾਗਮ ਵਾਸ਼ਿੰਗਟਨ ਡੀ.ਸੀ. ਵਿਖੇ ਕਰਵਾਇਆ ਗਿਆ। ਦੱਸਣਯੋਗ ਹੈ ਕਿ ਸਿੱਖਸ ਆਫ ਅਮੈਰਿਕਾ ਲੋੜਵੰਦ ਬੱਚਿਆਂ ਨੂੰ ਇੰਡੀਆ 'ਚ ਸਕੂਲ ਬੈਗ, ਬੂਟ ਆਦਿ ਦੇਣ ਤੋਂ ਇਲਾਵਾ ਖ਼ੂਨਦਾਨ ਕੈਂਪ ਵਰਗੇ ਚੈਰੀਟੇਬਲ ਕਾਰਜ ਵੀ ਕਰਦੀ ਹੈ। ਇਸ ਸਮਾਗਮ ਵਿਚ ਹੋਬੋਕਨ ਸਿਟੀ (ਨਿਊਜਰਸੀ) ਦੇ ਮੇਅਰ ਰਵੀ ਭੱਲਾ ਨੂੰ ਸਿਆਸਤ ਵਿਚ ਪ੍ਰਾਪਤੀਆਂ ਕਾਰਨ, ਦਰਸ਼ਨ ਸਿੰਘ ਧਾਲੀਵਾਲ ਨੂੰ ਸਮਾਜ ਸੇਵੀ ਕਾਰਜਾਂ ਕਾਰਨ, ਪਿਸਤਾ ਕਿੰਗ ਮਨਰਾਜ ਸਿੰਘ ਕਾਹਲੋਂ ਨੂੰ ਪਿਸਤਾ ਉਤਪਾਦਨ ਦੇ ਖੇਤਰ ਵਿਚ ਨਾਮਣਾ ਖੱਟਣ ਅਤੇ ਵਿੱਦਿਅਕ ਸੰਸਥਾ ਨੂੰ ਮਿਸਾਲੀ ਦਾਨ ਦੇਣ ਕਾਰਨ ਅਤੇ ਤਰਨਜੀਤ ਸਿੰਘ ਸੰਧੂ ਅੰਬੈਸਡਰ ਆਫ ਇੰਡੀਅਨ ਹਾਈ ਕਮਿਸ਼ਨ ਨੂੰ ਅੰਤਰਰਾਸ਼ਟਰੀ ਪ੍ਰਸ਼ਾਸ਼ਨਿਕ ਸੇਵਾਵਾਂ ਪ੍ਰਦਾਨ ਕਰਨ ਕਾਰਨ 'ਸਿੱਖ ਹੀਰੋਜ਼ ਐਵਾਰਡ' ਭੇਂਟ ਕੀਤੇ ਗਏ ਹਨ।

ਇਸ ਮੌਕੇ ਅਮਰੀਕੀ ਪੁਲਿਸ ਦੇ ਸਿੱਖ ਸ਼ਹੀਦ ਹਿਊਸਟਨ ਦੇ ਸ਼ਹੀਦ ਸੰਦੀਪ ਸਿੰਘ ਧਾਲੀਵਾਲ ਨੂੰ ਸ਼ਰਧਾਂਜਲੀ ਭੇਂਟ ਕੀਤੀ ਗਈ ਅਤੇ ਉਨ੍ਹਾਂ ਦਾ ਸਨਮਾਨ ਉਨ੍ਹਾਂ ਦੇ ਪਰਿਵਾਰ ਨੇ ਪ੍ਰਾਪਤ ਕੀਤਾ।

ਐਵਾਰਡ ਹਾਸਲ ਕਰਨ ਵਾਲੇ ਸਿੱਖ ਹੀਰੋਜ਼ ਨੂੰ ਸਿੱਖਸ ਆਫ ਅਮੈਰਿਕਾ ਦੇ ਅਹੁਦੇਦਾਰਾਂ ਜਸਦੀਪ ਸਿੰਘ ਜੱਸੀ ਚੇਅਰਮੈਨ, ਕੰਵਲਜੀਤ ਸਿੰਘ ਸੋਨੀ ਪ੍ਰਧਾਨ, ਵਾਈਸ ਚੇਅਰਮੈਨ ਬਲਜਿੰਦਰ ਸਿੰਘ ਸ਼ੰਮੀ, ਗੁਰਵਿੰਦਰ ਸਿੰਘ ਸੇਠੀ, ਮਨਿੰਦਰ ਸਿੰਘ ਸੇਠੀ, ਇੰਦਰਜੀਤ ਸਿੰਘ ਗੁਜਰਾਲ, ਦਰਸ਼ਨ ਸਿੰਘ ਸਲੂਜਾ, ਮੀਤਾ ਸਲੂਜਾ, ਜਸਵਿੰਦਰ ਸਿੰਘ ਜਾਨੀ, ਚਤਰ ਸਿੰਘ ਸੈਣੀ, ਰਾਜ ਸੈਣੀ, ਪ੍ਰਿਤਪਾਲ ਸਿੰਘ ਲੱਕੀ, ਭੋਗਲ ਸਿੰਘ, ਸੁਖਪਾਲ ਧਨੋਆ, ਦਿਲਵੀਰ ਸਿੰਘ ਨੇ 'ਸਿੱਖ ਹੀਰੋਜ਼ ਐਵਾਰਡ' ਮਮੈਂਟੋ ਅਤੇ ਸ਼ਾਨਦਾਰ ਲੋਈਆਂ ਦੇ ਕੇ ਭੇਂਟ ਕੀਤੇ।

ਸਮਾਗਮ ਦੌਰਾਨ ਮੈਰੀਲੈਂਡ ਦੇ ਗਵਰਨਰ ਵੈੱਸਮੋਰ, ਕੰਪਟਰੋਲਰ ਬਰੁੱਕ ਲੀਅਰ ਮੈਨ, ਕਾਂਗਰਸਮੈਨ ਗਲੈੱਨ ਆਈ.ਵੀ., ਸੈਨੇਟਰ ਕ੍ਰਿਸ ਵੈਨ ਹੌਲੁਨ ਅਤੇ ਨਿਊਜਰਸੀ ਦੀ ਹੋਬੋਕਨ ਸਿਟੀ ਦੇ ਮੇਅਰ ਰਵੀ ਭੱਲਾ ਨੇ ਸਮਾਗਮ ਅਤੇ ਵਿਸਾਖੀ ਦੇ ਦਿਹਾੜੇ ਸਬੰਧੀ ਆਪਣੇ ਸੰਦੇਸ਼ ਦਿੱਤੇ। ਚੇਅਰਮੈਨ ਜਸਦੀਪ ਸਿੰਘ ਜੱਸੀ ਨੇ ਸਿੱਖਸ ਆਫ਼ ਅਮੈਰਿਕਾ ਵਲੋਂ ਸਭ ਹਾਜ਼ਰੀਨ ਦਾ ਧੰਨਵਾਦ ਕਰਦਿਆਂ ਸੰਸਥਾ ਦੇ ਸਿਧਾਂਤ ਅਤੇ ਕਾਰਜਾਂ ਬਾਰੇ ਸੰਖੇਪ ਵਿਚ ਦੱਸਿਆ। ਉਪਰੰਤ ਮੈਰੀਲੈਂਡ ਦੀ ਕੰਪਟਰੋਲਰ ਬਰੁੱਕ ਲੀਅਰਮੈਨ ਨੇ ਆਪਣੇ ਵਿਚਾਰ ਪ੍ਰਗਟ ਕਰਦਿਆਂ ਕਿਹਾ ਕਿ ਸਿੱਖਾਂ ਨੇ ਅਮਰੀਕਾ ਦੀ ਤਰੱਕੀ ਵਿਚ ਵੱਡਾ ਯੋਗਦਾਨ ਪਾਇਆ ਹੈ ਅਤੇ ਅਸੀਂ ਹਮੇਸ਼ਾ ਸਿੱਖ ਕੌਮ ਦੇ ਧੰਨਵਾਦੀ ਰਹਾਂਗੇ। ਉਨ੍ਹਾਂ ਤੋਂ ਬਾਅਦ ਸਿੱਖਸ ਆਫ਼ ਅਮੈਰਿਕਾ ਦੇ ਪ੍ਰਧਾਨ ਕਮਲਜੀਤ ਸਿੰਘ ਸੋਨੀ ਨੇ ਵਿਚਾਰ ਪੇਸ਼ ਕਰਦਿਆਂ ਕਿਹਾ ਕਿ ਅਸੀਂ ਅੱਜ ਸਿੱਖ ਹੀਰੋਜ਼ ਨੂੰ ਸਨਮਾਨਿਤ ਕਰ ਕੇ ਮਾਣ ਮਹਿਸੂਸ ਕਰ ਰਹੇ ਹਾਂ ਅਤੇ ਆਸ ਹੈ ਕਿ ਅਮਰੀਕਾ 'ਚ ਵਸਦੀ ਸਿੱਖਾਂ ਦੀ ਨਵੀਂ ਪੀੜੀ ਇਨ੍ਹਾਂ ਹੀਰੋਜ਼ ਤੋਂ ਸੇਧ ਜ਼ਰੂਰ ਲਵੇਗੀ।

ਸਿੱਖਸ ਆਫ਼ ਅਮੈਰਿਕਾ ਦੇ ਵਾਈਸ ਪ੍ਰਧਾਨ ਬਲਜਿੰਦਰ ਸਿੰਘ ਸ਼ੰਮੀ ਨੇ ਕਿਹਾ ਕਿ ਸਾਡੀ ਸੋਚ ਜਿੱਥੇ ਸਮਾਜ ਸੇਵੀ ਅਤੇ ਚੈਰਿਟੀ ਕਾਰਜਾਂ ਦੀ ਹੈ, ਉੱਥੇ ਹੀ ਸਿੱਖਾਂ ਵਲੋਂ ਕੀਤੀਆਂ ਜਾ ਰਹੀਆਂ ਪ੍ਰਾਪਤੀਆਂ ਨੂੰ ਅੰਤਰਰਾਸ਼ਟਰੀ ਪੱਧਰ ਉੱਤੇ ਪ੍ਰਚਾਰਨ ਦੀ ਵੀ ਹੈ। ਸਿੱਖਸ ਆਫ਼ ਅਮੈਰਿਕਾ ਦੇ ਡਾਇਰੈਕਟਰ ਸੁਖਪਾਲ ਸਿੰਘ ਧਨੋਆ ਨੇ ਆਪਣੇ ਸਬੰਧੋਨ 'ਚ ਭਾਰਤੀ ਰਾਜਦੂਤ ਤਰਨਜੀਤ ਸਿੰਘ ਸੰਧੂ ਦੇ ਜੀਵਨ ਅਤੇ ਪ੍ਰਾਪਤੀਆਂ ਬਾਰੇ ਸੰਖੇਪ ਚਾਨਣਾ ਪਾਇਆ ਅਤੇ ਇਸ ਸਮਾਗਮ ਵਿਚ ਸ਼ਾਮਲ ਹੋਣ ਲਈ ਉਨਾਂ ਦਾ ਧੰਨਵਾਦ ਕੀਤਾ। ਕਾਂਗਰਸਮੈਨ ਗਲੈੱਨ ਆਈ.ਵੀ. ਨੇ ਆਪਣੇ ਸੰਬੋਧਨੀ ਭਾਸ਼ਣ ਵਿਚ ਕਿਹਾ ਕਿ ਉਹ ਸਿੱਖਜ਼ ਹੀਰੋਜ਼ ਨੂੰ ਸਲਾਮ ਕਰਦੇ ਹਨ ਅਤੇ ਆਸ ਕਰਦੇ ਹਨ ਉਹ ਅੱਗੇ ਵੀ ਅਮਰੀਕਾ ਦੀ ਤਰੱਕੀ ਵਿਚ ਯੋਗਦਾਨ ਪਾਉਂਦੇ ਰਹਿਣਗੇ। ਇਸ ਉਪਰੰਤ ਪਿਸਤਾ ਕਿੰਗ ਮਨਰਾਜ ਕਾਹਲੋਂ ਨੇ ਸਿੱਖਸ ਆਫ ਅਮੈਰਿਕਾ ਵਲੋਂ ਕੀਤੇ ਜਾ ਰਹੇ ਇਸ ਉੱਦਮ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਹੋ ਜਿਹੇ ਸਨਮਾਨਾਂ ਨਾਲ ਹੋਰ ਵੀ ਤਰੱਕੀ ਕਰਨ ਦੀ ਚਾਹਤ ਪੈਦਾ ਹੁੰਦੀ ਹੈ।


Mann & Associates Insurance Services, Inc.

Medicare Supplement Plans

• Life • Health • Travel • Medicare • Trucking • ਲਾਈਫ • ਹੈਲਥ • ਟ੍ਰੈਵਲ • ਮੈਡੀਕੇਅਰ • ਟਰੱਕਿੰਗ



Inderjeet Singh Mann

CA Lic# 0H82488

- The American Rescue Plan passed by President Biden could save you hundreds or even thousands of dollars a month.
- There is more financial help than ever before
- Even if you didn t qualify for subsidies before, now you might be able to save thousands on health insurance premiums.
- Huge tax credits are available only if you apply thru Covered California

- ਰਾਸ਼ਟਰਪਤੀ ਜੋਅ ਬਾਇਡਨ ਦੁਆਰਾ ਪਾਸ ਕੀਤੀ ਗਈ ਅਮਰੀਕੀ ਬਚਾਅ ਯੋਜਨਾ ਤੁਹਾਨੂੰ ਮਹੀਨੇ ਵਿੱਚ ਹਜ਼ਾਰਾਂ ਡਾਲਰ ਦੀ ਬਚਤ ਕਰਵਾ ਸਕਦੀ ਹੈ।
- ਪਹਿਲਾਂ ਨਾਲੋਂ ਵਧੇਰੇ ਵਿੱਤੀ ਮਦਦ ਮਿਲੀ ਹੈ।
- ਭਾਵੇਂ ਤੁਸੀਂ ਪਹਿਲਾਂ ਸਬਸਿਡੀਆਂ ਲਈ ਯੋਗਤਾ ਪੂਰੀ ਨਹੀਂ ਕਰਦੇ ਹੋ, ਪਰ ਹੁਣ ਤੁਸੀਂ ਸਿਹਤ ਬੀਮਾ ਪ੍ਰੀਮੀਅਮਾਂ 'ਤੇ ਹਜ਼ਾਰਾਂ ਲੋਕਾਂ ਨੂੰ ਬਚਾਉਣ ਦੇ ਯੋਗ ਹੋ ਸਕਦੇ ਹੋ।
- ਭਾਰੀ ਟੈਕਸ ਕ੍ਰੈਡਿਟ ਕੇਵਲ ਤਾਂ ਹੀ ਉਪਲਬਧ ਹੁੰਦੇ ਹਨ, ਜੇ ਤੁਸੀਂ ਕਵਰਡ ਕੈਲੀਫੋਰਨੀਆ ਦੁਆਰਾ ਅਰਜ਼ੀ ਦਿੰਦੇ ਹੋ।

ਹੈਲਥ ਇੰਸੋਰੈਂਸ ਨਾ ਕਰਵਾਉਣ 'ਤੇ ਤੁਹਾਨੂੰ ਜੁਰਮਾਨਾ ਵੀ ਹੋ ਸਕਦਾ ਹੈ। ਇਸ ਲਈ ਅੱਜ ਹੀ ਆਪਣੀ ਅਤੇ ਆਪਣੇ ਪਰਿਵਾਰ ਦੀ ਹੈਲਥ ਇੰਸ਼ੋਰੈਂਸ ਕਰਵਾਉਣ ਲਈ ਇੰਦਰਜੀਤ ਮਾਨ ਨੂੰ ਕਾਲ ਕਰੋ। ਜਿਹੜੇ Covered California ਦੇ Certified Agent ਸਨ। ਇੰਦਰਜੀਤ ਮਾਨ ਕੋਲ ਹੈਲਥ ਇੰਸੋਰੈਂਸ ਦਾ ਲੰਬੇ ਸਮੇਂ ਦਾ ਤਜ਼ਰਬਾ ਹੈ।

Anthem

COVERED CALIFORNIA

Certified Insurance Agent

Designed By Punjab Mail USA

Ph.: (916) 900-2000

# ਡਾ. ਦਵਿੰਦਰ ਕੌਰ ਢੱਟ ਦੀਆਂ ਹੱਥੀਂ ਬਣਾਏ ਗੁੱਡੀਆਂ ਪਟੋਲਿਆਂ ਦੀ ਨੁਮਾਇਸ਼ 'ਵਨ ਵਰਲਡ' 'ਚ ਧੂਮ



**ਜਲੰਧਰ, (ਪੰਜਾਬ ਮੇਲ)**-ਅਲੋਪ ਹੋ ਰਹੀਆਂ ਕਲਾ ਕਿਰਤੀਆਂ ਦੇ ਮਾਹਿਰ ਡਾ. ਦਵਿੰਦਰ ਕੌਰ ਢੱਟ ਦੀ ਇਕ ਕਲਾ ਕਿਰਤੀ ਹੱਥੀਂ ਬਣਾਈਆਂ 'ਗੁੱਡੀਆਂ ਪਟੋਲਿਆਂ' ਦੀ ਇਕ ਵਿਲੱਖਣ ਨੁਮਾਇਸ਼ ਲਵਲੀ ਯੂਨੀਵਰਸਿਟੀ ਵਿਖੇ ਐਸੋਸੀਏਸ਼ਨ ਆਫ਼ ਇੰਡੀਅਨ ਯੂਨੀਵਰਸਿਟੀਜ਼ ਵਲੋਂ ਕਰਵਾਏ ਜਾ ਰਹੇ ਦੂਸਰੇ ਅੰਤਰਰਾਸ਼ਟਰੀ ਯੂਥ ਫੈਸਟੀਵਲ ਵਿਖੇ ਲਗਾਈ ਗਈ ਹੈ, ਜਿਸ ਨੂੰ ਵੇਖਣ ਵਾਸਤੇ ਭਾਰਤ ਦੀਆਂ ਵੱਖ-ਵੱਖ ਯੂਨੀਵਰਸਿਟੀਆਂ ਤੋਂ ਆਏ ਵਿਦਿਆਰਥੀਆਂ ਤੇ ਟੀਚਰਾਂ ਵਲੋਂ ਬਹੁਤ ਦਿਲਚਸਪੀ ਦਿਖਾਈ ਜਾ ਰਹੀ ਹੈ। ਮੈਂਬਰ ਪਾਰਲੀਮੈਂਟ ਅਤੇ ਲਵਲੀ ਯੂਨੀਵਰਸਿਟੀ ਦੇ ਚਾਂਸਲਰ ਡਾ. ਅਸ਼ੋਕ ਮਿੱਤਲ ਅਤੇ ਵਾਈਸ ਚਾਂਸਲਰ ਰਸ਼ਮੀ ਮਿੱਤਲ ਅਤੇ ਖਾਸ ਮਹਿਮਾਨਾਂ ਨੇ ਇਹ ਪ੍ਰਦਰਸ਼ਨੀ ਵੇਖ ਕੇ ਆਪਣਾ ਵਿਸਰ ਰਿਹਾ ਸੱਭਿਆਚਾਰ ਅਤੇ ਵਿਰਾਸਤ ਸਾਂਭਣ ਵਾਸਤੇ ਡਾ. ਦਵਿੰਦਰ ਕੌਰ ਢੱਟ ਅਤੇ ਉਨ੍ਹਾਂ ਦੇ ਪਤੀ ਮਿਸ ਵਰਲਡ ਪੰਜਾਬਣ ਮੁਕਾਬਲਿਆਂ ਦੇ ਸੰਸਥਾਪਕ ਜਸਮੇਰ ਸਿੰਘ ਢੱਟ ਦੀ ਪ੍ਰਸ਼ੰਸਾ ਕੀਤੀ। ਗੁੱਡੀਆਂ-ਪਟੋਲਿਆਂ ਦੀ ਪ੍ਰਦਰਸ਼ਨੀ ਵਿਚ ਡੇਢ ਤੋਂ ਤਿੰਨ ਫੁੱਟ ਉੱਚੀਆਂ ਪੰਜਾਹ ਦੇ ਕਰੀਬ ਗੁੱਡੀਆਂ ਰੱਖੀਆਂ ਗਈਆਂ ਹਨ, ਜਿਨ੍ਹਾਂ ਵਿਚ ਚਰਖਾ ਕੱਤਦੀ, ਦੁੱਧ ਰਿੜਕਦੀ, ਚੱਕੀ ਚਲਾਉਂਦੀ, ਫੁੱਲਕਾਰੀ ਕੱਢਦੀ ਪੰਜਾਬਣਾਂ ਤੋਂ ਇਲਾਵਾ ਮਹਾਰਾਸ਼ਟਰ ਦੇ ਲੋਕ ਨਾਚ ਲਾਵਣੀ, ਕੁੱਲੂ ਦੀ ਰਾਮਕਲੀ ਹਰਿਆਣਾ ਦੀ ਸਪਨਾ ਵੀ ਪੇਸ਼ ਕੀਤੀਆਂ ਗਈਆਂ ਹਨ। ਕਿੱਕਲੀ ਪਾਉਂਦੀਆਂ ਮੁਟਿਆਰਾਂ, ਦੁੱਲਾ-ਦੁਲਹਣ ਅਤੇ ਨਿਹੰਗ ਸਿੰਘਾਂ ਦੀ ਪੁਸ਼ਾਕ ਵਿਚ ਸਿੰਘ-ਸਿੰਘਣੀ ਵੀ ਕਾਬਲੇ ਤਾਰੀਫ਼ ਹਨ। ਮਸ਼ਹੂਰ ਚਿੱਤਰਕਾਰ ਸੋਭਾ ਸਿੰਘ ਦੀ ਸਭ ਤੋਂ ਸੋਹਣੀ ਪੇਂਟਿੰਗ ਸੋਹਣੀ ਮਹੀਂਵਾਲ ਨੂੰ ਹੂਬਹੂ ਅਤਿ ਖ਼ੂਬਸੂਰਤ ਰੂਪ ਵਿਚ ਪੇਸ਼ ਕੀਤਾ ਗਿਆ ਹੈ। ਇਸ ਸਮੇਂ ਗੱਲਬਾਤ ਕਰਦਿਆਂ ਡਾ. ਢੱਟ ਨੇ ਦੱਸਿਆ ਕਿ ਉਹ ਆਪਣੀ ਇਸ ਕਲਾ ਰਾਹੀਂ ਭਾਰਤ ਖਾਸ ਕਰਕੇ ਪੰਜਾਬ ਦੇ ਅਮੀਰ ਵਿਰਸੇ ਨੂੰ ਜਿੰਦਾ ਰੱਖਣਾ ਚਾਹੁੰਦੀ ਹੈ।


ਜ਼ਿਕਰਯੋਗ ਹੈ ਕਿ ਲਵਲੀ ਯੂਨੀਵਰਸਿਟੀ ਜਲੰਧਰ ਵਿਖੇ ਐਸੋਸ਼ੀਏਸ਼ਨ ਆਫ ਇੰਡੀਅਨ ਯੂਨੀਵਰਸਿਟੀਜ਼ ਵਲੋਂ ਕਰਵਾਏ ਜਾ ਰਹੇ ਦੂਸਰੇ ਅੰਤਰਰਾਸ਼ਟਰੀ ਯੂਥ ਫੈਸਟੀਵਲ ਵਿਖੇ "ਵਨ ਵਰਲਡ ਐਕਸਪੋ" ਵਿਖੇ ਇਹ ਨੁਮਾਇਸ਼ ਲਗਾਈ ਗਈ ਹੈ। ਇਸ ਫੈਸਟੀਵਲ ਵਿਚ 22 ਮੁਲਕਾਂ ਅਤੇ ਭਾਰਤ ਦੀਆਂ ਟਾਪ ਯੂਨੀਵਰਸਟੀਆਂ ਦੇ 2500 ਤੋਂ ਵੱਧ ਵਿਦਿਆਰਥੀ ਡਾਂਸ ਅਤੇ ਸੰਗੀਤ ਦੇ ਮੁਕਾਬਲਿਆਂ ਵਿਚ ਹਿੱਸਾ ਲੈ ਰਹੇ ਹਨ, ਜਿਸਨੂੰ ਵੇਖਣ ਵਾਸਤੇ 50 ਹਜ਼ਾਰ ਤੋਂ ਵੀ ਵੱਧ ਭਾਰਤ ਦੀਆਂ ਵੱਖ-ਵੱਖ ਯੂਨੀਵਰਸਟੀਆਂ ਤੋਂ ਆਏ ਮਹਿਮਾਨਾਂ, ਵਿਦਿਆਰਥੀਆਂ ਤੇ ਟੀਚਰਾਂ ਵਲੋਂ ਵੇਖਣ ਦਾ ਅਨੁਮਾਨ ਹੈ। ਹੁਣ ਤੱਕ ਵੀਹ ਹਜ਼ਾਰ ਤੋਂ ਵੱਧ ਦਰਸ਼ਕ ਗੁੱਡੀਆਂ ਪਟੋਲਿਆਂ ਦੀ ਨੁਮਾਇਸ਼ ਵੇਖ ਚੁੱਕੇ ਹਨ। ਵਿਦਿਆਰਥੀ ਆਪਣੇ ਮੋਬਾਈਲਾਂ ਵਿਚ ਗੁੱਡੀਆਂ ਦੀਆ ਤਸਵੀਰਾਂ ਅਤੇ ਵੀਡੀਓ ਵੱਡੇ ਪੱਧਰ ਕੈਦ ਕਰ ਰਹੇ ਹਨ।

## ਭਾਰਤੀ-ਅਮਰੀਕੀ ਸਰਜਨ ਵੱਲੋਂ ਡੈਮੋਕਰੈਟ ਪਾਰਟੀ ਦੇ ਆਗੂ 'ਤੇ ਨਸਲਵਾਦ ਦੇ ਦੋਸ਼

### -ਟੈਨੇਸੀ ਪ੍ਰਤੀਨਿਧ ਸਭਾ 'ਚ ਅੜਿੱਕਾ ਡਾਹੁਣ ਲਈ ਦੋ ਮੈਂਬਰ ਸਦਨ 'ਚੋਂ ਬਰਖ਼ਾਸਤ

**ਹਿਊਸਟਨ, (ਪੰਜਾਬ ਮੇਲ)**- ਅਮਰੀਕਾ ਦੇ ਟੈਨੇਸੀ ਸੂਬੇ ਦੇ ਇਕ ਭਾਰਤੀ-ਅਮਰੀਕੀ ਸਰਜਨ ਅਤੇ ਸੂਬੇ ਦੇ ਵਿਧਾਇਕ ਡਾ. ਸਾਬੀ ਕੁਮਾਰ ਨੇ ਡੈਮੋਕਰੈਟਿਕ ਪਾਰਟੀ ਦੇ ਬਰਖਾਸਤ ਕੀਤੇ ਗਏ ਆਗੂ 'ਤੇ ਨਸਲਵਾਦ ਦਾ ਦੋਸ਼ ਲਗਾਇਆ ਹੈ। ਮੀਡੀਆ ਰਿਪੋਰਟ ਮੁਤਾਬਕ ਜਸਟਿਨ ਜੋਨਸ ਨੇ ਉਸ ਨੂੰ ਟੈਨੇਸੀ ਦੀ ਪ੍ਰਤੀਨਿਧ ਸਭਾ 'ਚ ਭਾਸ਼ਨ ਦੌਰਾਨ 'ਗੋਰਿਆਂ ਦੀ ਸਲਤਨਤ ਦਾ 'ਬ੍ਰਾਊਨ ਚਿਹਰਾ' ਕਿਹਾ ਸੀ। ਫੌਕਸ ਨਿਊਜ਼ ਦੀ ਪਿਛਲੇ ਹਫ਼ਤੇ ਨਸ਼ਰ ਰਿਪੋਰਟ ਮੁਤਾਬਕ ਡਾਕਟਰ ਸਾਬੀ ਕੁਮਾਰ ਨੇ ਕਿਹਾ ਕਿ ਉਸ ਨੂੰ ਅਮਰੀਕਾ ਵਿਚ ਆਪਣੇ 53 ਸਾਲਾਂ ਦੇ ਪਰਵਾਸ ਦੌਰਾਨ ਪਹਿਲੀ ਵਾਰ ਨਸਲਵਾਦ ਦੀ ਸਮੱਸਿਆ ਦਾ ਸਾਹਮਣਾ ਕਰਨਾ ਪਿਆ। 76 ਵਰ੍ਹਿਆਂ ਦੇ ਆਗੂ ਨੇ ਸਦਨ 'ਚ ਭਾਸ਼ਨ ਦੌਰਾਨ ਕਿਹਾ, 'ਮੈਂ ਇੱਕ ਪਰਵਾਸੀ ਹਾਂ, ਹਰ ਕੋਈ ਜਾਣਦਾ ਹੈ। ਮੈਂ ਇਸ ਦੇਸ਼ ਵਿਚ 53 ਸਾਲਾਂ ਤੋਂ ਰਹਿ ਰਿਹਾ ਹਾਂ।" ਟੈਨੇਸੀ ਵਿਧਾਨ ਸਭਾ ਨੇ ਜੋਨਸ ਸਮੇਤ ਡੈਮੋਕਰੈਟਿਕ ਪਾਰਟੀ ਦੇ ਦੋ ਸਿਆਸਤਦਾਨਾਂ ਨੂੰ ਸਦਨ 'ਚੋਂ ਕੱਢ ਦਿੱਤਾ, ਜਿਨ੍ਹਾਂ ਬੰਦੂਕ ਕੰਟਰੋਲ ਪ੍ਰਦਰਸ਼ਨ ਦੀ ਅਗਵਾਈ ਕੀਤੀ ਸੀ, ਜਿਸ ਨਾਲ ਪਿਛਲੇ ਹਫ਼ਤੇ ਸਦਨ ਦੀ ਕਾਰਵਾਈ 'ਚ ਅੜਿੱਕਾ ਪਿਆ ਸੀ।

## ਅਮਰੀਕਾ 'ਚ ਪੁਲਿਸ ਵਲੋਂ ਗਲਤ ਪਤੇ 'ਤੇ ਪਹੁੰਚ ਕੇ ਕੀਤੀ ਫਾਇਰਿੰਗ 'ਚ ਇਕ ਦੀ ਮੌਤ, ਜਾਂਚ ਦੇ ਆਦੇਸ਼



ਫਰਮਿੰਗਟਨ ਪੁਲਿਸ ਵਿਭਾਗ ਦੇ ਮੁਖੀ ਸਟੀਵ ਹੈਬ ਵੀਡੀਓ ਬਿਆਨ ਦੇਣ ਸਮੇਂ।

**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)**- ਅਮਰੀਕਾ ਦੇ ਨਿਊ ਮੈਕਸੀਕੋ ਰਾਜ 'ਚ ਪੁਲਿਸ ਵੱਲੋਂ ਗਲਤ ਪਤੇ 'ਤੇ ਪਹੁੰਚ ਕੇ ਕੀਤੀ ਫਾਇਰਿੰਗ 'ਚ ਇਕ ਵਿਅਕਤੀ ਦੇ ਮਾਰੇ ਜਾਣ ਦੀ ਖ਼ਬਰ ਹੈ। ਸਥਾਨਕ ਤੇ ਸਟੇਟ ਪੁਲਿਸ ਅਨੁਸਾਰ ਫਰਮਿੰਗਟਨ ਪੁਲਿਸ ਵਿਭਾਗ ਦੇ ਅਫਸਰ ਫੋਨ ਉਪਰ ਘਰੇਲੂ ਝਗੜੇ ਦੀ ਮਿਲੀ ਸੂਚਨਾ 'ਤੇ ਦੱਸੇ ਪਤੇ ਦੀ ਥਾਂ ਰਾਬਰਟ ਡੌਸਟਨ (52) ਨਾਮੀ ਵਿਅਕਤੀ ਦੇ ਘਰ ਪਹੁੰਚ ਗਏ। ਫਰਮਿੰਗਟਨ ਪੁਲਿਸ ਵਿਭਾਗ ਦੇ ਮੁਖੀ ਸਟੀਵ ਹੈਬ ਨੇ ਜਾਰੀ ਇਕ ਵੀਡੀਓ ਬਿਆਨ ਵਿਚ ਕਿਹਾ ਹੈ ਕਿ ਡੌਸਟਨ ਨੇ ਫੋਨ ਨਹੀਂ ਕੀਤਾ ਸੀ ਤੇ ਉਹ ਇਕ ਨਾਵਿਸ਼ਵਾਸ ਕਰਨ ਯੋਗ ਘਟਨਾ ਦਾ ਸ਼ਿਕਾਰ ਹੋਇਆ ਹੈ। ਮੈਨੂੰ ਇਸ ਘਟਨਾ ਉਪਰ ਬੇਹੱਦ ਅਫਸੋਸ ਹੈ। ਉਨ੍ਹਾਂ ਕਿਹਾ ਕਿ ਫਾਇਰਿੰਗ ਦੀ ਵੀਡੀਓ ਇਕ ਹਫਤੇ ਵਿਚ ਜਾਰੀ ਕਰ ਦੇਣ ਦੀ ਆਸ ਹੈ। ਨਿਊ ਮੈਕਸੀਕੋ ਸਟੇਟ ਪੁਲਿਸ ਵੱਲੋਂ ਜਾਰੀ ਬਿਆਨ ਅਨੁਸਾਰ ਅਲਬੂਕੁਏਰਕੂ ਦੇ ਉਤਰ-ਪੱਛਮ ਵਿਚ ਤਕਰੀਬਨ 150 ਮੀਲ ਦੂਰ ਪੁਲਿਸ ਅਫਸਰ ਵੈਲੀ ਵਿਊ ਐਵਨਿਊ ਦੇ 5308 ਘਰ ਵਿਚ ਜਾਣ ਦੀ ਬਜਾਏ 5305 ਘਰ ਵਿਚ ਜਾ ਪਹੁੰਚੇ। ਦਰਵਾਜ਼ਾ ਖੜਕਾਉਣ 'ਤੇ ਕਿਸੇ ਨੇ ਵੀ ਅੰਦਰੋਂ ਜਵਾਬ ਨਹੀਂ ਦਿੱਤਾ। ਇਸੇ ਦੌਰਾਨ ਪੁਲਿਸ ਜਦੋਂ ਫੋਨ ਕਰਨ ਵਾਲੇ ਨਾਲ ਸੰਪਰਕ ਕਰਨ ਦੇ ਯਤਨ ਵਿਚ ਸੀ, ਤਾਂ ਅੰਦਰੋਂ ਡੌਸਟਨ ਨੇ ਦਰਵਾਜ਼ਾ ਖੋਲ੍ਹਿਆ। ਉਸ ਦੇ ਹੱਥ ਵਿਚ ਹੈਂਡਗੰਨ ਵੇਖ ਕੇ ਘੱਟੋ-ਘੱਟ ਇਕ ਪੁਲਿਸ ਅਫਸਰ ਨੇ ਗੋਲੀ ਚਲਾ ਦਿੱਤੀ, ਜਿਸ ਨਾਲ ਡੌਸਟਨ ਦੀ ਮੌਕੇ ਉਪਰ ਹੀ ਮੌਤ ਹੋ ਗਈ। ਬਾਅਦ ਵਿਚ ਡੌਸਟਨ ਦੀ ਪਤਨੀ ਤੇ ਪੁਲਿਸ ਅਫਸਰਾਂ ਵਿਚਾਲੇ ਗੋਲੀਆਂ ਦਾ ਵਟਾਂਦਰਾ ਹੋਇਆ ਪਰੰਤੂ ਇਸ ਦੌਰਾਨ ਡੌਸਟਨ ਦੀ ਪਤਨੀ ਦਾ ਵਾਲ-ਵਾਲ ਬਚਾਅ ਹੋ ਗਿਆ ਤੇ ਉਹ ਜ਼ਖਮੀ ਨਹੀਂ ਹੋਈ। ਸਟੇਟ ਪੁਲਿਸ ਦੇ ਬਿਆਨ ਅਨੁਸਾਰ ਡੌਸਟਨ ਦੀ ਪਤਨੀ ਨੂੰ ਜਦੋਂ ਅਹਿਸਾਸ ਹੋਇਆ ਕਿ ਇਹ ਸਟੇਟ ਪੁਲਿਸ ਹੈ, ਤਾਂ ਉਸ ਨੇ ਗੰਨ ਜ਼ਮੀਨ ਉਪਰ ਸੁੱਟ ਦਿੱਤੀ ਤੇ ਪੁਲਿਸ ਵੱਲੋਂ ਦਿੱਤੀਆਂ ਹਦਾਇਤਾਂ ਦੀ ਪਾਲਣਾ ਕੀਤੀ। ਪੁਲਿਸ ਨੇ ਇਸ ਕਾਰਵਾਈ ਵਿਚ ਸ਼ਾਮਲ ਪੁਲਿਸ ਅਫਸਰਾਂ ਦੇ ਨਾਂ ਜਨਤਕ ਤੌਰ 'ਤੇ ਜਾਰੀ ਨਹੀਂ ਕੀਤੇ ਹਨ ਪਰੰਤੂ ਘਟਨਾ ਦੀ ਬਰੀਕੀ ਨਾਲ ਜਾਂਚ ਕਰਨ ਦੇ ਆਦੇਸ਼ ਦਿੱਤੇ ਹਨ। ਇਹ ਅਜੇ ਅਸਪੱਸ਼ਟ ਹੈ ਕਿ ਮੌਕੇ 'ਤੇ ਕਿੰਨੇ ਪੁਲਿਸ ਅਫਸਰ ਮੌਜੂਦ ਸਨ ਤੇ ਕਿੰਨੇ ਪੁਲਿਸ ਅਫਸਰਾਂ ਨੇ ਗੋਲੀਆਂ ਚਲਾਈਆਂ। ਕੀ ਪੁਲਿਸ ਵੱਲੋਂ ਗੋਲੀ ਚਲਾਉਣ ਤੋਂ ਪਹਿਲਾਂ ਡੌਸਟਨ ਨੇ ਵੀ ਗੋਲੀ ਚਲਾਈ ਸੀ, ਇਹ ਵੀ ਅਜੇ ਸਪੱਸ਼ਟ ਨਹੀਂ ਹੈ।







# ਬਰਤਾਨੀਆ ਦੀਆਂ ਕੌਂਸਲ ਚੋਣਾਂ ’ਚ 300 ਤੋਂ ਵੱਧ ਪੰਜਾਬੀ ਉਮੀਦਵਾਰ ਅਜ਼ਮਾ ਰਹੇ ਨੇ ਕਿਸਮਤ

**ਲੰਡਨ, (ਪੰਜਾਬ ਮੇਲ)**- 4 ਮਈ 2023 ਨੂੰ ਇੰਗਲੈਂਡ ਦੀਆਂ 230 ਕੌਂਸਲਾਂ ਅਤੇ ਚਾਰ ਸ਼ਹਿਰਾਂ ਦੇ ਮੇਅਰਾਂ ਦੀਆਂ ਚੋਣਾਂ ਹੋਣ ਜਾ ਰਹੀਆਂ ਹਨ। 2500 ਤੋਂ ਵੱਧ ਸੀਟਾਂ ਲਈ ਇਸ ਵਾਰ ਲਗਪਗ 300 ਤੋਂ ਵੱਧ ਪੰਜਾਬੀ ਮੂਲ ਦੇ ਉਮੀਦਵਾਰ ਵੱਖ-ਵੱਖ ਪਾਰਟੀਆਂ ਵਲੋਂ ਕਿਸਮਤ ਅਜ਼ਮਾ ਰਹੇ ਹਨ। ਨਾਮਜ਼ਦਗੀ ਭਰਨ ਦੀ ਆਖਰੀ ਤਾਰੀਖ 4 ਅਪ੍ਰੈਲ ਸੀ, ਜਿਸ ਤੋਂ ਬਾਅਦ ਵੱਖ-ਵੱਖ ਸ਼ਹਿਰਾਂ ਦੇ ਉੱਚ ਚੋਣ ਅਧਿਕਾਰੀਆਂ ਵਲੋਂ ਉਨ੍ਹਾਂ ਕੌਂਸਲਾਂ ਦਾ ਐਲਾਨ ਕੀਤਾ ਗਿਆ ਹੈ, ਜਿੱਥੋਂ ਸਿਰਫ ਇਕ ਹੀ ਉਮੀਦਵਾਰ ਮੈਦਾਨ ’ਚ ਸੀ। ਸ਼ਾਨਬਰੁੱਕ (ਬੈਡਫੋਰਡ) ਕੌਂਸਲ ਦੀ



ਸੀਟ ਤੋਂ ਚਰਨਕੰਵਲ ਸਿੰਘ ਸੇਖੋਂ ਚੌਥੀ ਵਾਰ ਬਿਨਾ ਮੁਕਾਬਲਾ ਚੋਣ ਜਿੱਤ ਚੁੱਕੇ ਹਨ ਕਿਉਂਕਿ ਉਨ੍ਹਾਂ ਦੇ ਮੁਕਾਬਲੇ ਕਿਸੇ ਵੀ ਉਮੀਦਵਾਰ ਨੇ ਨਾਮਜ਼ਦਗੀ ਦਾਖਲ ਨਹੀਂ ਕੀਤੀ। ਪ੍ਰੰਤੂ ਅਧਿਕਾਰਤ ਤੌਰ ’ਤੇ ਇਸ ਦਾ ਐਲਾਨ 5 ਮਈ ਨੂੰ ਹੀ ਹੋਵੇਗਾ।

**■ ਚਰਨ ਕੰਵਲ ਸਿੰਘ ਸੇਖੋਂ ਦੀ ਲਗਾਤਾਰ ਚੌਥੀ ਵਾਰ ਬਿਨਾਂ ਚੋਣ ਜਿੱਤ ਤੈਅ**

ਇਹ ਇੱਕ ਪੇਂਡੂ ਕੌਂਸਲ ਇਲਾਕਾ ਹੈ, ਜਿੱਥੇ 99% ਵੋਟਰ ਗੋਰੇ ਹਨ ਅਤੇ ਸੇਖੋਂ ਇਸ ਪਿੰਡ ਤੋਂ ਇਕੱਲੇ ਗੈਰ ਗੋਰੇ ਉਮੀਦਵਾਰ ਹਨ ਅਤੇ ਉਨ੍ਹਾਂ ਨੇ ਇੱਕ ਨਵਾਂ ਮੀਲ ਪੱਥਰ ਸਥਾਪਿਤ ਕੀਤਾ ਹੈ। ਸ: ਸੇਖੋਂ ਇਸੇ ਸੀਟ ਤੋਂ ਤਿੰਨ ਵਾਰ ਪਹਿਲਾਂ ਵੀ ਸਰਬਸੰਮਤੀ ਨਾਲ ਜੇਤੂ ਰਹੇ ਹਨ, ਇਸ ਤੋਂ ਪਹਿਲਾਂ ਉਹ ਦੋ ਵਾਰੀ ਲੇਬਰ ਪਾਰਟੀ ਵਲੋਂ ਨੇੜਲੇ ਸ਼ਹਿਰ ਕੈਂਪਸਟਨ ਤੋਂ ਜੇਤੂ ਰਹੇ ਹਨ। 25 ਸਾਲਾਂ ਤੋਂ ਵੱਖ-ਵੱਖ ਲੋਕ ਭਲਾਈ ਕਾਰਜਾਂ ’ਚ ਜੁਟੇ ਸੇਵਾ ਟਰੱਸਟ ਯੂ.ਕੇ. ਦੇ ਚੇਅਰਮੈਨ ਚੰਰਨਕੰਵਲ ਸਿੰਘ ਸੇਖੋਂ 21 ਸਾਲਾਂ ਤੋਂ ਕੌਂਸਲਰ ਚੱਲੇ ਆ ਰਹੇ ਹਨ, ਲੁਧਿਆਣਾ ਜ਼ਿਲ੍ਹੇ ਦੇ ਪਿੰਡ ਬੜੂੰਦੀ ਦੇ ਜੰਮਪਲ ਸੇਖੋਂ ਨੂੰ ਹਾਲ ਹੀ ’ਚ ਮਹਾਰਾਜਾ ਚਾਰਲਸ ਵਲੋਂ ਸ਼ਾਹੀ ਸਨਮਾਨ ਐੱਮ.ਬੀ.ਈ. ਨਾਲ ਨਿਵਾਜਿਆ ਗਿਆ ਸੀ। ਦੂਜੇ ਪਾਸੇ ਚੋਣ ਸਰਵੇਖਣਾਂ ਅਨੁਸਾਰ ਲੇਬਰ ਪਾਰਟੀ 49 ਫੀਸਦੀ ਨਾਲ ਅੱਗੇ ਚੱਲ ਰਹੀ ਹੈ, ਜਦਕਿ ਸੱਤਾਧਾਰੀ ਕੰਜ਼ਰਵੇਟਿਵ ਪਾਰਟੀ 26 ਫੀਸਦੀ ਨਾਲ ਦੂਜੇ ਅਤੇ ਲਿਬਰਲ ਪਾਰਟੀ 11 ਫੀਸਦੀ ਨਾਲ ਤੀਜੇ ਸਥਾਨ ’ਤੇ ਦਿਖਾਈ ਦੇ ਰਹੀਆਂ ਹਨ।

# ਭਾਰਤੀ ਚੋਣ ਕਮਿਸ਼ਨ ਵੱਲੋਂ ਆਮ ਆਦਮੀ ਪਾਰਟੀ ਨੂੰ ਕੌਮੀ ਪਾਰਟੀ ਦਾ ਦਰਜਾ

**■ ਐੱਨ.ਸੀ.ਪੀ., ਟੀ.ਐੱਮ.ਸੀ. ਤੇ ਸੀ.ਪੀ.ਆਈ. ਦੀ ਕੌਮੀ ਪਾਰਟੀਆਂ ਵਜੋਂ ਮਾਨਤਾ ਰੱਦ**

**ਨਵੀਂ ਦਿੱਲੀ, (ਪੰਜਾਬ ਮੇਲ)**- ਭਾਰਤੀ ਚੋਣ ਕਮਿਸ਼ਨ ਨੇ ਆਮ ਆਦਮੀ ਪਾਰਟੀ (ਆਪ) ਨੂੰ ਕੌਮੀ ਪਾਰਟੀ ਦਾ ਦਰਜਾ ਦੇ ਦਿੱਤਾ ਹੈ, ਜਦੋਂਕਿ ਨੈਸ਼ਨਲ ਕਾਂਗਰਸ ਪਾਰਟੀ (ਐੱਨ.ਸੀ.ਪੀ.), ਤ੍ਰਿਣਮੂਲ ਕਾਂਗਰਸ ਅਤੇ ਭਾਰਤੀ ਕਮਿਊਨਿਸਟ ਪਾਰਟੀ (ਸੀ.ਪੀ.ਆਈ.) ਦੀ ਕੌਮੀ ਪਾਰਟੀਆਂ ਵਜੋਂ ਮਾਨਤਾ ਰੱਦ ਕਰ ਦਿੱਤੀ ਗਈ ਹੈ।

ਭਾਰਤੀ ਚੋਣ ਕਮਿਸ਼ਨ ਵੱਲੋਂ ਜਾਰੀ ਆਦੇਸ਼ ਵਿਚ ਉੱਤਰ ਪ੍ਰਦੇਸ਼ ਵਿਚ ਆਰ.ਐੱਲ.ਡੀ., ਆਂਧਰਾ ਪ੍ਰਦੇਸ਼ ਵਿਚ ਬੀ.ਆਰ.ਐੱਸ., ਮਨੀਪੁਰ ਵਿਚ ਪੀ.ਡੀ.ਏ., ਪੁਡੂਚੇਰੀ ਵਿਚ ਪੀ.ਐੱਮ.ਕੇ., ਪੱਛਮੀ ਬੰਗਾਲ ਵਿਚ ਆਰ.ਐੱਸ.ਪੀ. ਅਤੇ ਮਿਜ਼ੋਰਮ ਵਿਚ ਐੱਮ.ਪੀ.ਸੀ. ਦੀ ਵੀ ਸੂਬਾਈ ਪਾਰਟੀਆਂ ਵਜੋਂ ਮਾਨਤਾ ਰੱਦ ਕੀਤੀ ਗਈ ਹੈ। ਚੋਣ ਕਮਿਸ਼ਨ ਨੇ ਕਿਹਾ ਕਿ ‘ਆਪ’ ਨੂੰ ਚਾਰ ਸੂਬਿਆਂ ਦਿੱਲੀ, ਗੋਆ, ਪੰਜਾਬ ਅਤੇ ਗੁਜਰਾਤ ਵਿਚ ਵਿਧਾਨ ਸਭਾ ਚੋਣਾਂ ਦੌਰਾਨ ਕੀਤੇ ਸ਼ਾਨਦਾਰ ਪ੍ਰਦਰਸ਼ਨ ਦੇ ਆਧਾਰ ’ਤੇ ਕੌਮੀ ਪਾਰਟੀ ਦਾ ਦਰਜਾ ਦਿੱਤਾ ਗਿਆ ਹੈ। ਅਰਵਿੰਦ ਕੇਜਰੀਵਾਲ ਦੀ ਅਗਵਾਈ ਵਾਲੀ ਪਾਰਟੀ ਦਿੱਲੀ ਅਤੇ ਪੰਜਾਬ ਵਿਚ ਇਸ ਸਮੇਂ ਸੱਤਾ ਵਿਚ ਹੈ। ਚੋਣ ਕਮਿਸ਼ਨ ਨੇ ਕਿਹਾ ਕਿ ਐੱਨ.ਸੀ.ਪੀ., ਸੀ.ਪੀ.ਆਈ. ਅਤੇ ਤ੍ਰਿਣਮੂਲ ਕਾਂਗਰਸ ਦਾ ਕੌਮੀ ਸਿਆਸੀ ਪਾਰਟੀਆਂ ਵਜੋਂ ਦਰਜਾ ਵਾਪਸ ਲੈ ਲਿਆ ਗਿਆ ਹੈ। ਚੋਣ ਪੈਨਲ ਨੇ ਕਿਹਾ ਕਿ ਐੱਨ.ਸੀ.ਪੀ. ਤੇ ਟੀ.ਐੱਮ.ਸੀ. ਨੂੰ ਕ੍ਰਮਵਾਰ ਨਾਗਾਲੈਂਡ ਅਤੇ ਮੇਘਾਲਿਆ ਵਿਚ ਹਾਲ ਹੀ ਵਿਚ ਹੋਈਆਂ ਚੋਣਾਂ ਦੌਰਾਨ ਕੀਤੇ ਪ੍ਰਦਰਸ਼ਨ ਦੇ ਆਧਾਰ ’ਤੇ ਸੂਬਾਈ ਪਾਰਟੀਆਂ ਵਜੋਂ ਮਾਨਤਾ ਦਿੱਤੀ ਜਾਵੇਗੀ। ਚੋਣ ਕਮਿਸ਼ਨ ਨੇ ਨਾਗਾਲੈਂਡ ਵਿਚ ਲੋਕ ਜਨਸ਼ਕਤੀ ਪਾਰਟੀ (ਰਾਮ ਵਿਲਾਸ), ਮੇਘਾਲਿਆ ਵਿਚ ਵੁਆਇਸ ਆਫ ਦਿ ਪੀਪਲ ਪਾਰਟੀ ਅਤੇ ਤ੍ਰਿਪੁਰਾ ਵਿਚ ਤਿਪਰਾ ਮੋਥਾ ਨੂੰ ‘ਸੂਬਾਈ ਸਿਆਸੀ ਪਾਰਟੀ’ ਦਾ ਦਰਜਾ ਦਿੱਤਾ ਹੈ। ਇਸ ਮੌਕੇ ਭਾਜਪਾ, ਕਾਂਗਰਸ, ਸੀ.ਪੀ.ਐੱਮ., ਬਸਪਾ, ਨੈਸ਼ਨਲ ਪੀਪਲਜ਼ ਪਾਰਟੀ ਅਤੇ ‘ਆਪ’ ਕੌਮੀ ਪਾਰਟੀਆਂ ਹਨ। ਭਾਰਤੀ ਚੋਣ ਕਮਿਸ਼ਨ ਵੱਲੋਂ ਆਮ ਆਦਮੀ ਪਾਰਟੀ ਨੂੰ ਕੌਮੀ ਪਾਰਟੀ ਦਾ ਦਰਜੇ ਦਿੱਤੇ ਜਾਣ ਬਾਅਦ ‘ਆਪ’ ਸੁਪਰੀਮੋ ਅਰਵਿੰਦ ਕੇਜਰੀਵਾਲ ਨੇ ਟਵੀਟ ’ਚ ਇਸ ਨੂੰ ਇਕ ਚਮਤਕਾਰ ਕਰਾਰ ਦਿੰਦਿਆਂ ਸਾਰਿਆਂ ਨੂੰ ਵਧਾਈ ਦਿੱਤੀ ਹੈ।

ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਐਨੇ ਘੱਟ ਸਮੇਂ ਵਿਚ ਕੌਮੀ ਪਾਰਟੀ ਬਣਨਾ ਕਿਸੇ ਚਮਤਕਾਰ ਤੋਂ ਘੱਟ ਨਹੀਂ ਹੈ। ਦੇਸ਼ ਦੇ ਕਰੋੜਾਂ ਲੋਕਾਂ ਨੇ ਸਾਨੂੰ ਇੱਥੇ ਤੱਕ ਪਹੁੰਚਾਇਆ ਹੈ। ਲੋਕਾਂ ਨੂੰ ਸਾਡੇ ਤੋਂ ਬੜੀ ਆਸ ਹੈ। ਅੱਜ ਲੋਕਾਂ ਨੇ ਸਾਨੂੰ ਬਹੁਤ ਵੱਡੀ ਜ਼ਿੰਮੇਵਾਰੀ ਦਿੱਤੀ ਹੈ।

# ਭਾਰਤ ’ਚ ਇਸ ਸਾਲ ਮੀਂਹ ਨੂੰ ਤਰਸਣਗੇ ਲੋਕ !

**ਨਵੀਂ ਦਿੱਲੀ, (ਪੰਜਾਬ ਮੇਲ)**- ਇਸ ਸਾਲ ਮੀਂਹ ਨੂੰ ਲੋਕ ਤਰਸਣਗੇ। ਦਰਅਸਲ ਮਾਨਸੂਨ ਨੂੰ ਲੈ ਕੇ ਸਕਾਈਮੇਟ ਨੇ 2023 ਦਾ ਪਹਿਲਾ ਅਨੁਮਾਨ ਜਾਰੀ ਕੀਤਾ ਹੈ। ਸਕਾਈਮੇਟ ਮੁਤਾਬਕ ਇਸ ਸਾਲ ਮਾਨਸੂਨ ਦਾ ਆਮ ਨਾਲੋਂ ਘੱਟ ਰਹਿਣ ਦਾ ਅਨੁਮਾਨ ਹੈ। ਯਾਨੀ ਕਿ ਮੀਂਹ ਆਮ ਨਾਲੋਂ ਘੱਟ ਪਵੇਗਾ। ਮੀਂਹ ਪੈਣ ਦੀ ਸਿਰਫ 25 ਫ਼ੀਸਦੀ ਸੰਭਾਵਨਾ ਹੈ। ਉੱਥੇ ਹੀ ਸੋਕਾ ਪੈਣ ਦੀ ਸੰਭਾਵਨਾ ਵੀ 20 ਫ਼ੀਸਦੀ ਹੈ।

ਸਕਾਈਮੇਟ ਦੀ ਰਿਪੋਰਟ ਮੁਤਾਬਕ ਇਸ ਵਾਰ ਮਾਨਸੂਨ ’ਤੇ ‘ਅਲ ਨੀਨੋ’ ਦਾ ਖ਼ਤਰਾ ਮੰਡਰਾ ਰਿਹਾ ਹੈ। ਇਸ ਦੇ ਚੱਲਦੇ ਮੀਂਹ ਆਮ ਨਾਲੋਂ ਵੀ ਕਾਫੀ ਘੱਟ ਪਵੇਗਾ ਅਤੇ ਲੋਕਾਂ ਨੂੰ ਸੋਕੇ ਦਾ ਪ੍ਰਭਾਵ ਝੱਲਣਾ ਪੈ ਸਕਦਾ ਹੈ। ਉੱਥੇ ਹੀ ਮੌਸਮ ਜ਼ਿਆਦਾ ਗਰਮ ਰਹਿਣ ਕਾਰਨ ਫ਼ਸਲ ਵੀ ਪ੍ਰਭਾਵਿਤ ਹੋ ਸਕਦੀ ਹੈ।

ਜਦੋਂ ਪ੍ਰਸ਼ਾਂਤ ਮਹਾਸਾਗਰ ਵਿਚ ਸਮੁੰਦਰ ਦੀ ਉੱਪਰੀ ਸਤ੍ਹਾ ਗਰਮ ਹੁੰਦੀ ਹੈ, ਤਾਂ ਅਲ ਨੀਨੋ ਦਾ ਪ੍ਰਭਾਵ ਪੈਂਦਾ ਹੈ। ਅਨੁਮਾਨ ਜਤਾਇਆ ਗਿਆ ਹੈ ਕਿ ਅਲ ਨੀਨੋ ਦਾ ਪ੍ਰਭਾਵ ਮਈ-ਜੁਲਾਈ ਦਰਮਿਆਨ ਪਰਤ ਸਕਦਾ ਹੈ। ਦੇਸ਼ ਵਿਚ ਜੂਨ ਤੋਂ ਸਤੰਬਰ ਤੱਕ ਮਾਨਸੂਨ ਵੀ ਪੂਰੀ ਤਰ੍ਹਾਂ ਸਰਗਰਮ ਰਹਿੰਦਾ ਹੈ। ਸਕਾਈਮੇਟ ਦੀ ਰਿਪੋਰਟ ਮੁਤਾਬਕ ਦੇਸ਼ ਦੇ ਉੱਤਰੀ ਅਤੇ ਮੱਧ ਹਿੱਸਿਆਂ ’ਚ ਮੀਂਹ ਦੀ ਕਮੀ ਦਾ ਖ਼ਤਰਾ ਰਹੇਗਾ।

# ਸਾਬਕਾ ਕਾਂਗਰਸੀ ਵਿਧਾਇਕ ਚੌਧਰੀ ਸੁਰਿੰਦਰ ਸਿੰਘ ‘ਆਪ’ ਵਿਚ ਸ਼ਾਮਲ

**ਜਲੰਧਰ, (ਪੰਜਾਬ ਮੇਲ)**- ਪੰਜਾਬ ’ਚ ਕਾਂਗਰਸ ਨੂੰ ਇਕ ਹੋਰ ਝਟਕਾ ਦਿੰਦੇ ਹੋਏ ਕਰਤਾਰਪੁਰ ਤੋਂ ਸਾਬਕਾ ਕਾਂਗਰਸੀ ਵਿਧਾਇਕ ਸੁਰਿੰਦਰ ਚੌਧਰੀ ਸੋਮਵਾਰ ਨੂੰ ਆਮ ਆਦਮੀ ਪਾਰਟੀ ’ਚ ਸ਼ਾਮਲ ਹੋ ਗਏ। ਇਸ ਤੋਂ ਪਹਿਲਾਂ ਜਲੰਧਰ ਤੋਂ ਸਾਬਕਾ ਕਾਂਗਰਸੀ ਵਿਧਾਇਕ ਸੁਸ਼ੀਲ ਰਿੰਕੂ ਵੀ ‘ਆਪ’ ਵਿਚ ਸ਼ਾਮਲ ਹੋ ਗਏ ਸਨ ਅਤੇ ਉਹ ਜਲੰਧਰ ਲੋਕ ਸਭਾ ਜ਼ਿਮਨੀ ਚੋਣਾਂ ਵਿਚ ‘ਆਪ’ ਦੇ ਉਮੀਦਵਾਰ ਹਨ। ਸੁਰਿੰਦਰ ਚੌਧਰੀ ਸਵ. ਸੰਤੋਖ ਸਿੰਘ ਚੌਧਰੀ ਦੇ ਭਤੀਜੇ ਹਨ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਸੋਮਵਾਰ ਨੂੰ ਹਲਕਾ ਕਰਤਾਰਪੁਰ ਵਿਚ



ਇੱਕ ਚੋਣ ਰੈਲੀ ਦੌਰਾਨ ਚੌਧਰੀ ਸੁਰਿੰਦਰ ਨੂੰ ਆਮ ਆਦਮੀ ਪਾਰਟੀ ’ਚ ਸ਼ਾਮਲ ਕੀਤਾ ਅਤੇ ਉਨ੍ਹਾਂ ਦਾ ਪਾਰਟੀ ਵਿਚ ਰਸਮੀ ਸਵਾਗਤ ਕੀਤਾ। ਇਸ ਮੌਕੇ ਭਗਵੰਤ ਮਾਨ ਨੇ ਕਿਹਾ ਕਿ ਸਾਡੇ ਵਿਚਕਾਰ ਇਕ ਅਜਿਹੀ ਸ਼ਖ਼ਸੀਅਤ ਹੈ, ਜੋ ਪੀੜ੍ਹੀ ਦਰ ਪੀੜ੍ਹੀ ਸਮਾਜ ਅਤੇ ਰਾਜਨੀਤੀ ਦੀ ਸੇਵਾ ਕਰ ਰਹੀ ਹੈ।




# ਸ਼੍ਰੋਮਣੀ ਕਮੇਟੀ ਦੇ ਕਾਨੂੰਨੀ ਵਫ਼ਦ ਵੱਲੋਂ ਡਿਬਰੂਗੜ੍ਹ ਵਿਖੇ ਨਜ਼ਰਬੰਦ ਨੌਜੁਆਨਾਂ ਨਾਲ ਮੁਲਾਕਾਤ

ਅੰਮ੍ਰਿਤਸਰ, (ਪੰਜਾਬ ਮੇਲ)- ਬੀਤੇ ਦਿਨਾਂ ਅੰਦਰ ਪੰਜਾਬ ਵਿਚੋਂ ਗ੍ਰਿਫ਼ਤਾਰ ਕਰਕੇ ਅਸਾਮ ਦੇ ਡਿਬਰੂਗੜ੍ਹ ਵਿਖੇ ਜੇਲ੍ਹ ਵਿਚ ਬੰਦ ਕੀਤੇ ਗਏ ਨੌਜੁਆਨਾਂ ਦੇ ਕੇਸਾਂ ਦੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਪੈਰਵਾਈ ਆਰੰਭ ਦਿੱਤੀ ਹੈ। ਇਸ ਸਬੰਧ ਵਿਚ ਡਿਬਰੂਗੜ੍ਹ ਪੁੱਜੇ ਸ਼੍ਰੋਮਣੀ ਕਮੇਟੀ ਦੇ ਵਕੀਲਾਂ ਵੱਲੋਂ ਜਿਥੇ ਅੱਠ ਨੌਜੁਆਨਾਂ ਨਾਲ ਜੇਲ੍ਹ ਵਿਚ ਮੁਲਾਕਾਤ ਕੀਤੀ ਗਈ, ਉਥੇ ਹੀ ਜੇਲ੍ਹ ਪ੍ਰਸ਼ਾਸਨ ਪਾਸੋਂ ਇਨ੍ਹਾਂ ਦੇ ਕੇਸਾਂ ਸਬੰਧੀ ਜ਼ਰੂਰੀ ਦਸਤਾਵੇਜ਼ ਵੀ ਪ੍ਰਾਪਤ ਕੀਤੇ ਗਏ ਹਨ। ਸ਼੍ਰੋਮਣੀ ਕਮੇਟੀ ਦੇ ਮੈਂਬਰ ਅਤੇ ਸੀਨੀਅਰ ਐਡਵੋਕੇਟ ਸ. ਭਗਵੰਤ ਸਿੰਘ ਸਿਆਲਕਾ ਦੀ ਅਗਵਾਈ ਵਿਚ ਅਸਾਮ ਗਏ ਵਫ਼ਦ 'ਚ ਐਡਵੋਕੇਟ ਮਨਦੀਪ ਸਿੰਘ ਸਿੱਧੂ ਅਤੇ ਐਡਵੋਕੇਟ ਰੋਹਿਤ ਸ਼ਰਮਾ ਸ਼ਾਮਲ ਹਨ। ਇਥੇ ਸ਼੍ਰੋਮਣੀ ਕਮੇਟੀ ਦਫ਼ਤਰ ਵਿਖੇ ਮੀਡੀਆ ਨੂੰ ਜਾਣਕਾਰੀ ਦਿੰਦਿਆਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਦੱਸਿਆ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਵੱਲੋਂ ਹੋਏ ਆਦੇਸ਼ ਅਨੁਸਾਰ ਡਿਬਰੂਗੜ੍ਹ ਵਿਖੇ ਕੌਮੀ ਸੁਰੱਖਿਆ ਕਾਨੂੰਨ ਤਹਿਤ ਕੈਦ ਕੀਤੇ ਨੌਜੁਆਨਾਂ ਦੇ ਕੇਸਾਂ ਦੀ ਪੈਰਵਾਈ ਕੀਤੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਸ਼੍ਰੋਮਣੀ ਕਮੇਟੀ ਦੇ ਕਾਨੂੰਨੀ ਮਾਹਿਰ ਸਥਾਨਕ ਪੱਧਰ 'ਤੇ ਜਾ ਕੇ ਆਪਣਾ ਕੰਮ ਸ਼ੁਰੂ ਕਰ ਚੁੱਕੇ ਹਨ। ਉਨ੍ਹਾਂ ਜਾਣਕਾਰੀ ਦਿੱਤੀ ਕਿ ਡਿਬਰੂਗੜ੍ਹ ਵਿਖੇ ਅੱਠ ਨੌਜੁਆਨ ਨਜ਼ਰਬੰਦ ਹਨ, ਜਿਨ੍ਹਾਂ ਨੂੰ ਕਾਨੂੰਨੀ ਮਦਦ ਦਿੱਤੀ ਜਾ ਰਹੀ ਹੈ। ਐਡਵੋਕੇਟ ਧਾਮੀ ਨੇ ਦੱਸਿਆ ਕਿ ਸ਼੍ਰੋਮਣੀ ਕਮੇਟੀ ਦੀ ਲੀਗਲ ਟੀਮ ਨੇ



ਡਿਬਰੂਗੜ੍ਹ ਪੁੱਜੇ ਸ਼੍ਰੋਮਣੀ ਕਮੇਟੀ ਦੇ ਕਾਨੂੰਨੀ ਵਫ਼ਦ ਦੇ ਮੈਂਬਰ ਐਡਵੋਕੇਟ ਭਗਵੰਤ ਸਿੰਘ ਸਿਆਲਕਾ, ਐਡਵੋਕੇਟ ਮਨਦੀਪ ਸਿੰਘ ਤੇ ਐਡਵੋਕੇਟ ਰੋਹਿਤ ਸ਼ਰਮਾ।

ਬੰਦੀ ਨੌਜੁਆਨਾਂ ਅਤੇ ਡਿਬਰੂਗੜ੍ਹ ਜੇਲ੍ਹ ਪ੍ਰਸ਼ਾਸਨ ਨਾਲ ਮੁਲਾਕਾਤ ਕਰਕੇ ਅਗਲੀ ਕਾਰਵਾਈ ਦੀ ਤਿਆਰੀ ਕਰ ਲਈ ਹੈ।

ਇਸੇ ਦੌਰਾਨ ਅਸਾਮ ਤੋਂ ਗੱਲਬਾਤ ਕਰਦਿਆਂ ਐਡਵੋਕੇਟ ਸਿਆਲਕਾ ਨੇ ਦੱਸਿਆ ਹੈ ਕਿ ਡਿਬਰੂਗੜ੍ਹ ਜੇਲ੍ਹ 'ਚ ਬੰਦ ਅੱਠ ਨੌਜੁਆਨ ਚੜ੍ਹਦੀ ਕਲਾ ਵਿਚ ਹਨ। ਉਨ੍ਹਾਂ ਦੱਸਿਆ ਕਿ ਨਜ਼ਰਬੰਦ ਕੀਤੇ ਅੱਠ ਨੌਜੁਆਨਾਂ ਨਾਲ ਮੁਲਾਕਾਤ ਕਰਨ ਲਈ ਡਿਬਰੂਗੜ੍ਹ ਜੇਲ੍ਹ ਪ੍ਰਸ਼ਾਸਨ ਨੂੰ ਅਰਜੀ ਦਰਜ ਕਰਨ ਵਿਚ ਸਥਾਨਕ ਵਕੀਲਾਂ ਸਮੇਤ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਿਟੀ ਅਤੇ ਡਿਬਰੂਗੜ੍ਹ ਬਾਰ ਐਸੋਸੀਏਸ਼ਨ ਨੇ ਸ਼੍ਰੋਮਣੀ ਕਮੇਟੀ ਦੀ ਕਾਨੂੰਨੀ ਟੀਮ ਦਾ ਸਹਿਯੋਗ ਕੀਤਾ ਹੈ। ਐਡਵੋਕੇਟ ਮਨਦੀਪ ਸਿੰਘ ਨੇ ਦੱਸਿਆ ਕਿ ਜੇਲ੍ਹ ਪ੍ਰਸ਼ਾਸਨ ਵੱਲੋਂ ਨਜ਼ਰਬੰਦ ਕੀਤੇ ਗਏ ਨੌਜੁਆਨਾਂ ਨੂੰ ਗ੍ਰਿਫ਼ਤਾਰ ਕਰਨ ਦੇ ਆਰਡਰ ਅਤੇ ਹੋਰ ਲੋੜੀਂਦੇ ਦਸਤਾਵੇਜ਼ ਸ਼੍ਰੋਮਣੀ ਕਮੇਟੀ ਦੀ ਕਾਨੂੰਨੀ ਟੀਮ ਨੂੰ ਮੁਹੱਈਆ ਕਰਵਾ ਦਿੱਤੇ ਗਏ ਹਨ, ਜਿਸ ਤਹਿਤ ਅਗਲੀ ਕਾਨੂੰਨੀ ਪੈਰਵਾਈ ਜਾਰੀ ਰੱਖੀ ਜਾਵੇਗੀ।

# ਸ਼੍ਰੋਮਣੀ ਕਮੇਟੀ ਵੱਲੋਂ ਬੰਦੀ ਸਿੰਘਾਂ ਦੀ ਰਿਹਾਈ ਲਈ ਆਰੰਭੀ ਦਸਤਖ਼ਤੀ ਮੁਹਿੰਮ ਵਿਸਾਖੀ ਮੌਕੇ ਹੋਵੇਗੀ ਸੰਪੰਨ

- ਦਸਤਖ਼ਤੀ ਮੁਹਿੰਮ ਤਹਿਤ 25 ਲੱਖ ਤੋਂ ਵੱਧ ਭਰੇ ਪ੍ਰੋਫਾਰਮੇ ਰਾਜਪਾਲ ਨੂੰ ਸੌਂਪੇ ਜਾਣਗੇ
- ਸਿੱਖ ਰਾਜ ਦੇ ਝੰਡੇ ਬਾਰੇ ਗਲਤ ਬਿਰਤਾਂਤ ਸਿਰਜਣ ਵਾਲਿਆਂ ਨੂੰ ਭੇਜਿਆ ਕਾਨੂੰਨੀ ਨੋਟਿਸ : ਐਡਵੋਕੇਟ ਧਾਮੀ
- ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਵੱਲੋਂ ਸਿੱਖ ਮਾਮਲਿਆਂ ਸਬੰਧੀ ਲਏ ਗਏ ਅਹਿਮ ਫੈਸਲੇ

ਅੰਮ੍ਰਿਤਸਰ, (ਪੰਜਾਬ ਮੇਲ)- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਦੇਸ਼ ਦੀਆਂ ਵੱਖ-ਵੱਖ ਜੇਲ੍ਹਾਂ ਵਿਚ ਨਜ਼ਰਬੰਦ ਸਿੱਖਾਂ ਦੀ ਰਿਹਾਈ ਲਈ 1 ਦਸੰਬਰ 2022 ਨੂੰ ਸ਼ੁਰੂ ਕੀਤੀ ਦਸਤਖ਼ਤੀ ਮੁਹਿੰਮ ਖਾਲਸਾ ਸਾਜਣਾ ਦਿਵਸ (ਵਿਸਾਖੀ) ਮੌਕੇ ਸੰਪੰਨ ਕਰਨ ਦਾ ਫੈਸਲਾ ਕੀਤਾ ਹੈ। ਅੱਜ ਇਥੇ ਸ਼੍ਰੋਮਣੀ ਕਮੇਟੀ ਦਫ਼ਤਰ ਵਿਖੇ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ ਵਿਚ ਹੋਈ ਅੰਤ੍ਰਿੰਗ ਕਮੇਟੀ ਦੀ ਬੈਠਕ ਵੱਲੋਂ ਇਸ ਦੇ ਨਾਲ ਹੀ ਕਈ ਹੋਰ ਅਹਿਮ ਫੈਸਲੇ ਵੀ ਲਏ ਗਏ। ਇਕੱਤਰਤਾ ਉਪਰੰਤ ਪੱਤਰਕਾਰਾਂ ਨਾਲ ਗੱਲ ਕਰਦਿਆਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਬੰਦੀ ਸਿੰਘਾਂ ਦੀ ਰਿਹਾਈ ਲਈ ਸ਼੍ਰੋਮਣੀ ਕਮੇਟੀ ਵੱਲੋਂ ਸ਼ੁਰੂ ਕੀਤੀ ਦਸਤਖ਼ਤੀ ਮੁਹਿੰਮ ਤਹਿਤ ਹੁਣ ਤੱਕ 25 ਲੱਖ ਤੋਂ ਵੱਧ ਪ੍ਰੋਫਾਰਮੇ ਭਰੇ ਜਾ ਚੁੱਕੇ ਹਨ, ਜੋ ਅਗਲੇ ਦਿਨਾਂ ਵਿਚ ਇਕੱਠੇ ਕਰਕੇ ਗਵਰਨਰ ਪੰਜਾਬ ਰਾਹੀਂ ਭਾਰਤ ਦੇ ਰਾਸ਼ਟਰਪਤੀ ਨੂੰ ਭੇਜੇ ਜਾਣਗੇ। ਐਡਵੋਕੇਟ ਧਾਮੀ ਨੇ ਦੱਸਿਆ ਕਿ ਅੰਤ੍ਰਿੰਗ ਕਮੇਟੀ ਨੇ ਇਹ ਵੀ ਫੈਸਲਾ ਕੀਤਾ ਹੈ ਕਿ ਪ੍ਰੋਫਾਰਮੇ ਰਾਜਪਾਲ ਨੂੰ ਸੌਂਪਣ ਤੋਂ ਇਕ ਦਿਨ ਪਹਿਲਾਂ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਇਕੱਠ ਕਰਕੇ ਅਰਦਾਸ ਕੀਤੀ ਜਾਵੇਗੀ। ਇਸ ਸਮਾਗਮ ਦੌਰਾਨ ਤਖ਼ਤ ਸਾਹਿਬਾਨ ਦੇ ਜਥੇਦਾਰ ਅਤੇ ਸਿੰਘ ਸਾਹਿਬਾਨ ਵੀ ਮੌਜੂਦ ਰਹਿਣਗੇ। ਉਨ੍ਹਾਂ ਦੱਸਿਆ ਕਿ ਗਵਰਨਰ ਪੰਜਾਬ ਪਾਸੋਂ ਜਲਦ ਸਮਾਂ ਲੈਣ ਲਈ ਕਾਰਵਾਈ ਵਾਸਤੇ ਅਧਿਕਾਰੀਆਂ ਨੂੰ ਆਦੇਸ਼ ਦੇ ਦਿੱਤੇ ਗਏ ਹਨ ਅਤੇ ਸਮਾਂ ਮਿਲਣ 'ਤੇ ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੇ ਅਹੁਦੇਦਾਰ ਅਤੇ ਮੈਂਬਰ ਪ੍ਰੋਫਾਰਮੇ ਅਤੇ ਮੰਗ ਪੱਤਰ ਸੌਂਪਣ ਲਈ ਜਾਣਗੇ।



ਕਮੇਟੀ ਦੀ ਇਕੱਤਰਤਾ ਦੌਰਾਨ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ। ਨਾਲ ਹਨ ਸ. ਬਲਦੇਵ ਸਿੰਘ ਕਾਇਮਪੁਰ, ਸ. ਅਵਤਾਰ ਸਿੰਘ ਰਿਆ ਤੇ ਭਾਈ ਗੁਰਚਰਨ ਸਿੰਘ ਗਰੇਵਾਲ ਤੇ ਹੋਰ।

ਇਸ ਦੌਰਾਨ ਐਡਵੋਕੇਟ ਧਾਮੀ ਨੇ ਬੀਤੇ ਦਿਨਾਂ ਅੰਦਰ ਪੰਜਾਬ ਵਿਚੋਂ ਸਰਕਾਰ ਅਤੇ ਪੁਲਿਸ ਪ੍ਰਸ਼ਾਸਨ ਵੱਲੋਂ ਨੌਜੁਆਨਾਂ ਦੀ ਫੜੋ-ਫੜਾਈ ਦੌਰਾਨ ਮਹਾਰਾਜਾ ਰਣਜੀਤ ਸਿੰਘ ਦੇ ਸਿੱਖ ਰਾਜ ਦੀ ਸਰਕਾਰ-ਏ-ਖਾਲਸਾ ਦੇ ਝੰਡੇ ਅਤੇ ਸਿੱਖ ਰਿਆਸਤਾਂ ਦੇ ਨਿਸ਼ਾਨਾਂ ਨੂੰ ਵੱਖਵਾਦੀ ਸਮੱਗਰੀ ਵਜੋਂ ਪੇਸ਼ ਕਰਨ ਨੂੰ ਲੈ ਕੇ ਸ਼੍ਰੋਮਣੀ ਕਮੇਟੀ ਵੱਲੋਂ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਆਦੇਸ਼ 'ਤੇ ਕੀਤੀ ਗਈ ਕਾਰਵਾਈ ਦਾ ਖੁਲਾਸਾ ਕੀਤਾ। ਉਨ੍ਹਾਂ ਦੱਸਿਆ ਕਿ ਇਕ ਨੌਜੁਆਨ ਦੇ ਫੋਨ ਵਿਚੋਂ ਮਿਲੇ ਮਹਾਰਾਜਾ ਰਣਜੀਤ ਸਿੰਘ ਦੇ ਸਿੱਖ ਰਾਜ ਨਾਲ ਸਬੰਧਤ ਝੰਡੇ ਅਤੇ ਸਿੱਖ ਰਿਆਸਤਾਂ ਦੇ ਨਿਸ਼ਾਨਾਂ ਨੂੰ ਵੱਖਵਾਦੀ ਸਮੱਗਰੀ ਦੱਸਣ ਵਾਲੀ ਖੰਨਾ ਦੀ ਐੱਸ.ਐੱਸ.ਪੀ. ਨੂੰ ਕਾਨੂੰਨੀ ਨੋਟਿਸ ਭੇਜਿਆ ਗਿਆ ਹੈ। ਇਸ ਦੇ ਨਾਲ ਹੀ ਕੁਝ ਚੈਨਲਾਂ ਨੂੰ ਵੀ ਇਸ ਸਬੰਧੀ ਗਲਤ ਜਾਣਕਾਰੀਆਂ ਪੇਸ਼ ਕਰਕੇ ਸਿੱਖਾਂ ਦਾ ਅਕਸ ਖਰਾਬ ਕਰਨ ਲਈ ਨੋਟਿਸ ਜਾਰੀ ਕੀਤਾ ਗਿਆ ਹੈ।

ਐਡਵੋਕੇਟ ਧਾਮੀ ਨੇ ਦੱਸਿਆ ਕਿ ਅੰਤ੍ਰਿੰਗ ਕਮੇਟੀ ਵੱਲੋਂ ਸ਼੍ਰੋਮਣੀ ਕਮੇਟੀ ਦੇ ਵਿਦਿਅਕ ਅਦਾਰਿਆਂ ਵਿਚ ਪੜ੍ਹਦੇ ਅੰਮ੍ਰਿਤਧਾਰੀ ਵਿਦਿਆਰਥੀਆਂ ਨੂੰ ਸਾਲ 2023-24 ਲਈ ਵਜੀਫੇ ਦੇਣ ਦੀ ਪ੍ਰਵਾਨਗੀ ਵੀ ਦਿੱਤੀ ਗਈ ਹੈ।

ਸਫਾ 1 ਦਾ ਬਾਕੀ

## ਐੱਨ.ਐੱਸ.ਏ. ਤਹਿਤ ਗ੍ਰਿਫ਼ਤਾਰ ਪਪਲਪ੍ਰੀਤ ਸਿੰਘ...

ਪਪਲਪ੍ਰੀਤ ਸਿੰਘ (40) ਅੰਮ੍ਰਿਤਸਰ ਜ਼ਿਲ੍ਹੇ ਦੇ ਪਿੰਡ ਮਰੜੀ ਦਾ ਵਸਨੀਕ ਹੈ। ਉਸ ਦੀ ਗ੍ਰਿਫਤਾਰੀ ਤੋਂ ਬਾਅਦ ਉਸ ਦੀ ਪਤਨੀ ਨੇ ਉਸ ਖ਼ਿਲਾਫ਼ ਕੌਮੀ ਸੁਰੱਖਿਆ ਐਕਟ ਤਹਿਤ ਕੇਸ ਦਰਜ ਕਰਨ ਦਾ ਵਿਰੋਧ ਕੀਤਾ ਸੀ ਅਤੇ ਦਾਅਵਾ ਕੀਤਾ ਸੀ ਕਿ ਉਸ ਨੇ ਦੇਸ਼ ਵਿਰੋਧੀ ਕੋਈ ਕੰਮ ਨਹੀਂ ਕੀਤਾ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਵਕੀਲਾਂ ਦੀ ਤਿੰਨ ਮੈਂਬਰੀ ਟੀਮ ਡਿਬਰੂਗੜ੍ਹ ਜੇਲ੍ਹ ਵਿਚ ਬੰਦ ਸਿੱਖ ਨੌਜਵਾਨਾਂ ਨੂੰ ਮਿਲ ਕੇ ਆਈ ਹੈ। ਇਸ ਦੀ ਅਗਵਾਈ ਕਰ ਰਹੇ ਸ਼੍ਰੋਮਣੀ ਕਮੇਟੀ ਮੈਂਬਰ ਐਡਵੋਕੇਟ ਭਗਵੰਤ ਸਿੰਘ ਸਿਆਲਕਾ ਨੇ ਦੱਸਿਆ ਕਿ ਟੀਮ ਵੱਲੋਂ ਆਪਣੀ ਰਿਪੋਰਟ ਸ਼੍ਰੋਮਣੀ ਕਮੇਟੀ ਪ੍ਰਧਾਨ ਨੂੰ ਸੌਂਪ ਦਿੱਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਪ੍ਰਸ਼ਾਸਨ ਤੋਂ ਮਨਜ਼ੂਰੀ ਲੈਣ ਮਗਰੋਂ ਡਿਬਰੂਗੜ੍ਹ ਜੇਲ੍ਹ ਵਿਚ ਬੰਦ ਸਿੱਖ ਨੌਜਵਾਨਾਂ ਨਾਲ ਮੁਲਾਕਾਤ ਕੀਤੀ ਗਈ ਹੈ ਅਤੇ ਉਹ ਸਾਰੇ ਠੀਕ ਹਨ।

ਸਫਾ 1 ਦਾ ਬਾਕੀ

## ਅਮਰੀਕਾ ਵੱਲੋਂ 2023 ਦੀ ਦੂਜੀ ਛਿਮਾਹੀ ਲਈ...

ਇਹ ਸਪਲੀਮੈਂਟਲ ਵੀਜ਼ੇ ਸਿਰਫ਼ ਉਨ੍ਹਾਂ ਅਮਰੀਕੀ ਕਾਰੋਬਾਰਾਂ ਲਈ ਉਪਲਬਧ ਹਨ, ਜੋ ਨੁਕਸਾਨ ਝੱਲ ਰਹੇ ਹਨ ਜਿਵੇਂ ਕਿ ਇੱਕ ਨਵੇਂ ਤਸਦੀਕ ਫਾਰਮ 'ਤੇ ਮਾਲਕ ਦੁਆਰਾ ਪ੍ਰਮਾਣਿਤ ਕੀਤਾ ਗਿਆ ਹੈ। 15 ਦਸੰਬਰ, 2022 ਨੂੰ ਡਿਪਾਰਟਮੈਂਟ ਆਫ਼ ਹੋਮਲੈਂਡ ਸਿਕਿਉਰਿਟੀ (ਡੀ.ਐੱਚ.ਐੱਸ.) ਅਤੇ ਡਿਪਾਰਟਮੈਂਟ ਆਫ਼ ਲੇਬਰ (ਡੀ.ਓ.ਐੱਲ.) ਨੇ ਸਾਂਝੇ ਤੌਰ 'ਤੇ ਇੱਕ ਅਸਥਾਈ ਅੰਤਮ ਨਿਯਮ ਪ੍ਰਕਾਸ਼ਿਤ ਕੀਤਾ, ਜਿਸ ਨਾਲ ਐੱਚ-2ਬੀ ਗੈਰ-ਪ੍ਰਵਾਸੀ ਵੀਜ਼ਿਆਂ 'ਤੇ ਸਾਰੇ ਵਿੱਤੀ ਸਾਲ 2023 ਲਈ 64,716 ਵਾਧੂ ਵੀਜ਼ਿਆਂ ਤੱਕ ਦੀ ਸੀਮਾ ਵਧਾ ਦਿੱਤੀ ਗਈ ਹੈ। .

64,716 ਵਾਧੂ ਵੀਜ਼ਿਆਂ ਵਿਚੋਂ 44,716 ਸਿਰਫ਼ ਵਾਪਿਸ ਆਉਣ ਵਾਲੇ ਕਾਮਿਆਂ ਲਈ ਉਪਲਬਧ ਹਨ (ਉਹ ਕਾਮੇ ਜਿਨ੍ਹਾਂ ਨੂੰ ਐੱਚ-2ਬੀ ਵੀਜ਼ਾ ਮਿਲਿਆ ਸੀ ਜਾਂ ਪਿਛਲੇ ਤਿੰਨ ਵਿੱਤੀ ਸਾਲਾਂ ਵਿਚੋਂ ਇੱਕ ਵਿੱਚ ਐੱਚ-2ਬੀ ਦਰਜਾ ਦਿੱਤਾ ਗਿਆ ਸੀ)।


Global Allianz
LAW FIRM LLP
- ਇਮੀਗਰੇਸ਼ਨ ਸੇਵਾਵਾਂ
- ਘਰੇਲੂ ਹਿੰਸਾ ਦੇ ਕੇਸ
- ਨਸ਼ਾ ਕਰਕੇ ਗੱਡੀ ਚਲਾਉਣਾ
- ਕੰਮ 'ਤੇ ਸੱਟ ਲਗਣਾ

ਕਾਨੂੰਨੀ ਸਲਾਹਾਂ



Atul Kapoor
C.E.O

Asylum & Deportation Defense



Neat Allen Sawyer
Attorney at law

555 Capitol Mall SUITE 1245, Sacramento, CA 95814
Phone:209-808-2136, 209-952-5578, 1-916-806-7042, Fax: 209-476-7188




KAMBOJ AYURVEDIC & HERBS
ਆਯੂਰਵੈਦਿਕ ਜੜ੍ਹੀ-ਬੂਟੀਆਂ



- ਵਾਈ-ਬਾਦੀ ਦੇ ਰੋਗ ਜਿਵੇਂ ਲਕਵਾ, ਅਧਰੰਗ, ਜੋੜਾਂ ਦਾ ਦਰਦ, ਗਠੀਆ
- ਗੁਪਤ ਰੋਗ ਜਿਵੇਂ ਧਾਂਤ ਪੈਣਾ, ਨਾਮਰਦੀ, ਸੁਪਨਦੋਸ਼, ਲਿਕਿਓਰੀਆ, ਮਾਂਹਵਾਰੀ ਦੀਆਂ ਖਰਾਬੀਆਂ
- ਖੂਨ ਦੀ ਕਮੀ, ਲਿਵਰ ਦੀ ਕੋਈ ਵੀ ਖਰਾਬੀ, ਲਿਵਰ ਵਧਣਾ ਜਾਂ ਸੁੰਗੜਨਾ, ਤੇਜ਼ਾਬ ਬਣਨਾ, ਖਾਣਾ ਨਾ ਪਚਣਾ, ਭੁੱਖ ਨਾ ਲੱਗਣਾ, ਸੰਗਰਹਿਣੀ ਆਦਿ ਦੇ ਪੁਰਾਣੇ ਰੋਗ
- ਦਿਮਾਗੀ ਖਰਾਬੀ, ਦੌਰੇ ਪੈਣਾ, ਮਿਰਗੀ, ਯਾਦਾਸ਼ਤ ਕਮਜ਼ੋਰ, ਹੱਥਾਂ-ਪੈਰਾਂ 'ਚੋਂ ਸੇਕ ਨਿਕਲਣਾ ਆਦਿ
- ਛਾਤੀ ਦੇ ਰੋਗ ਜਿਵੇਂ ਨਿਮੋਨੀਆ, ਕਾਲੀ ਖੰਗ, ਦਮਾ ਆਦਿ
- ਚਮੜੀ ਦੇ ਰੋਗ, ਖਾਜ, ਮੁਹਾਂਸੇ, ਛਾਈਆਂ ਆਦਿ

Open 10AM–6PM
ਕੈਂਸਰ ਦਾ ਇਲਾਜ



Kharati Kamboj
Ayurvedic Prescription

524 S. Clovis Ave, Fresno, CA 93727
559-341-9252

# ‘ਓ ਜੱਟਾ ਆਈ ਵਿਸਾਖੀ, ਮੁੱਕੀ ਕਣਕ ਦੀ ਰਾਖੀ।’

ਜਸਪ੍ਰੀਤ ਸਿੰਘ ਮਾਂਗਟ
ਪਿੰਡ ਕੁੱਬਾ, ਲੁਧਿਆਣਾ
99152-20486
(Punjab Mail USA)



ਵਿਸਾਖੀ ਪੰਜਾਬੀਆਂ ਦਾ ਪ੍ਰਸਿੱਧ ਤਿਉਹਾਰ ਹੈ, ਜੋ ਹਰ ਸਾਲ ਵਿਸਾਖ ਮਹੀਨੇ ਦੀ ਸੰਗਰਾਂਦ ਨੂੰ ਸਾਰੇ ਭਾਰਤ ਵਿਚ ਬੜੀ ਧੂਮਧਾਮ ਨਾਲ ਮਨਾਇਆ ਜਾਂਦਾ ਹੈ। ਇਤਿਹਾਸ ਵਿਚ ਅਨੇਕਾਂ ਪ੍ਰਸੰਗ ਜੁੜ ਜਾਣ ਨਾਲ ਇਸ ਦਾ ਮਹੱਤਵ ਪਹਿਲੇ ਨਾਲੋਂ ਜ਼ਿਆਦਾ ਹੋ ਗਿਆ ਹੈ। ਇਸ ਦੀ ਸ਼ੁਰੂਆਤ ਕਿਵੇਂ ਹੋਈ, ਇਸ ਬਾਰੇ ਕੁਝ ਕਹਿ ਸਕਣਾ ਤਾਂ ਸੰਭਵ ਨਹੀਂ। ਅਸਲ ਵਿਚ ਪਹਿਲੇ ਇਹ ਤਿਉਹਾਰ ਇਕ ਰੁੱਤ ਸਬੰਧੀ ਮੰਨਿਆ ਜਾਂਦਾ ਸੀ।

ਵਿਸਾਖ ਮਹੀਨੇ ਦੇ ਆਉਣ ’ਤੇ ਹੀ ਗਰਮੀ ਸ਼ੁਰੂ ਹੋ ਜਾਂਦੀ ਹੈ ਅਤੇ ਖੇਤਾਂ ਵਿਚ ਫਸਲਾਂ ਪੱਕ ਕੇ ਤਿਆਰ ਹੋ ਜਾਂਦੀਆਂ ਹਨ। ਕਿਸਾਨ ਆਪਣੀਆਂ ਫਸਲਾਂ ਨੂੰ ਤਿਆਰ ਦੇਖ ਕੇ ਖੁਸ਼ੀ ਨਾਲ ਨੱਚ ਉਠਦਾ ਹੈ। ਇਨ੍ਹਾਂ ਫਸਲਾਂ ਨਾਲ ਉਹ ਮਾਲਾਮਾਲ ਹੋ ਜਾਂਦਾ ਹੈ। ਧਨੀ ਰਾਮ ਚਾਤ੍ਰਿਕ ਦੀ ਇਹ ਕਵਿਤਾ ਵੀ ਮਸ਼ਹੂਰ ਹੈ:–

ਤੂੜੀ ਤੰਦ ਸਾਂਭ ਹਾੜੀ ਵੇਚ ਵੱਟ ਕੇ,
ਲੰਬੜਾਂ ਤੇ ਸ਼ਾਹਾਂ ਦੇ ਹਿਸਾਬ ਕੱਟ ਕੇ,
ਪੱਗ ਝੱਗਾ ਚਾਦਰਾ ਨਵਾਂ ਸਿਵਾਇ ਕੇ,
ਸੰਮਾਂ ਵਾਲੀ ਡਾਂਗ ਉੱਤੇ ਤੇਲ ਲਾਇ ਕੇ,
ਕੱਛੇ ਮਾਰੀ ਵੰਝਲੀ ਅਨੰਦ ਛਾ ਗਿਆ,
ਮਾਰਦਾ ਦਮਾਮੇ ਜੱਟ ਮੇਲੇ ਆ ਗਿਆ।

ਵਿਸਾਖੀ ਦੇ ਇਸ ਤਿਉਹਾਰ ਦੇ ਨਾਲ ਸਾਡੇ ਇਤਿਹਾਸ ਦੇ ਅਨੇਕਾਂ ਪੰਨੇ ਜੁੜੇ ਹੋਏ ਹਨ। ਗੁਰੂ ਗੋਬਿੰਦ ਸਿੰਘ ਜੀ ਨੇ ਅੱਜ ਦੇ ਦਿਨ ਹੀ ਸ੍ਰੀ ਅਨੰਦਪੁਰ ਸਾਹਿਬ ਵਿਖੇ ਭਾਰੀ ਦੀਵਾਨ ਲਗਾਇਆ ਸੀ। ਸੰਗਤ ਨਾਲ ਭਰਪੂਰ ਇਕੱਠ ਵਿਚ ਨੰਗੀ ਤਲਵਾਰ ਲੈ ਕੇ ਉਨ੍ਹਾਂ ਨੇ 5 ਸਿਰਾਂ ਦੀ ਮੰਗ ਕਰਦੀ ਇਕ-ਇਕ ਕਰ ਕੇ ਪੰਜ ਵੀਰ ਉਠੇ ਅਤੇ ਉਨ੍ਹਾਂ ਆਪਣਾ ਸਿਰ ਗੁਰੂ ਜੀ ਦੇ ਅੱਗੇ ਕਰ ਦਿੱਤਾ। ਗੁਰੂ ਜੀ ਨੇ ਪੰਜਾਂ ਵੀਰਾਂ ਨੂੰ ਅੰਮ੍ਰਿਤ ਛਕਾ ਕੇ ‘ਪੰਜ ਪਿਆਰੇ’ ਦਾ ਨਾਂ ਦਿੱਤਾ। ਇਸ ਤਰ੍ਹਾਂ ਉਨ੍ਹਾਂ ਅੱਜ ਦੇ ਦਿਨ ਖਾਲਸਾ ਪੰਥ ਸਾਜਿਆ।

ਵਿਸਾਖੀ ਦੇ ਪਵਿੱਤਰ ਦਿਨ 13 ਅਪ੍ਰੈਲ, 1919 ਨੂੰ ਅੰਮ੍ਰਿਤਸਰ ਦੇ ਜੱਲ੍ਹਿਆਂਵਾਲੇ ਬਾਗ ਵਿਚ ਭਿਆਨਕ ਹਿੰਸਾਕਾਂਡ ਹੋਇਆ ਸੀ। ਇਸ ਬਾਗ ਵਿਚ ਇਕੱਠੇ ਹੋਏ ਹਜ਼ਾਰਾਂ ਨਿਹੱਥੇ ਲੋਕਾਂ ਨੂੰ ਜਨਰਲ ਡਾਇਰ ਨੇ ਗੋਲੀ ਦਾ ਨਿਸ਼ਾਨਾ ਬਣਾਇਆ। ਇਸ ਭਿਆਨਕ ਅੱਤਿਆਚਾਰ ਦੇ ਸਿੱਟੇ ਵਜੋਂ ਸੈਂਕੜੇ ਲੋਕ ਮਾਰੇ ਗਏ ਅਤੇ ਜ਼ਖਮੀ ਹੋ ਗਏ। ਇਨ੍ਹਾਂ ਵੀਰਾਂ ਨੇ ਦੇਸ਼ ਦੀ ਆਜ਼ਾਦੀ ਦੇ ਲਈ ਆਪਣੀਆਂ ਜਾਨਾਂ ਗਵਾਂ ਕੇ ਭਾਰਤਵਾਸੀਆਂ ਲਈ ਮੁਕਤੀ ਦਾ ਰਸਤਾ ਖੋਲ੍ਹ ਦਿੱਤਾ। ਵਿਸਾਖੀ ਦੇ ਦਿਨ ਹਰ ਸਾਲ ਇਨ੍ਹਾਂ ਸ਼ਹੀਦਾਂ ਨੂੰ ਸਾਰਾ ਰਾਸ਼ਟਰ ਸ਼ਰਧਾਂਜਲੀ ਭੇਂਟ ਕਰਦਾ ਹੈ।

ਵਿਸਾਖੀ ਵਾਲੇ ਦਿਨ ਵਪਾਰੀ ਆਪਣੇ ਪੁਰਾਣੇ ਖਾਤੇ ਬੰਦ ਕਰਕੇ ਨਵਾਂ ਹਿਸਾਬ ਸ਼ੁਰੂ ਕਰਦੇ ਹਨ। ਇਸ ਦਿਨ ਧਾਰਮਿਕ ਅਸਥਾਨਾਂ ’ਤੇ ਧਾਰਮਿਕ ਸਮਾਗਮ ਹੁੰਦੇ ਹਨ। ਸੰਗਤਾਂ ਗੁਰਦੁਆਰਾ ਸਾਹਿਬ ਮੱਥਾ ਟੇਕਦੀਆਂ ਹਨ ਤੇ ਸਰਬੱਤ ਦੇ ਭਲੇ ਦੀ ਅਰਦਾਸ ਕਰਦੀਆਂ ਹਨ।



# calstate MORTGAGE

NMLS: 1729528/ DRE 02058505

*We are home loan experts dedicated to making sure your home purchase or refinance experience is top-notch.*


## Purchase Loan and Refinance
## 15 & 30 Yr. Fixed Rates Are Still Better!!! Refinance Now at Zero Cost

*Ways we help 1st time home buyers:*

- » Will walk new buyers through the whole loan process
- » Fast turn times for pre-approvals and underwriting during the settlement process
- » Fannie & Freddie with expanded DTI's
- » All Govt programs available for buyers
- » Credit scores down to a 600 for FHA and VA buyers
- » We have Cheona Down Payment Assistance In-house
- » Can also work with Down Payment Assistance programs at the State and County level
- » 1099, W-2 and Passive income allowed
- » 100k minimum total loan amount for Primary Purchases

» ਨਵੇਂ ਜਾਂ ਪੁਰਾਣੇ ਘਰ ਦਾ ਲੋਨ ਲੈਣ ਲਈ ਸਾਡੇ ਨਾਲ ਸੰਪਰਕ ਕਰੋ।
» ਘਰ ਰੀਫਾਈਨਾਂਸ ਕਰਾਉਣਾ ਹੋਵੇ ਤਾਂ ਸਾਨੂੰ ਮਿਲੋ।
» ਕਿਸੇ ਵੀ ਤਰ੍ਹਾਂ ਦੇ ਲੋਨ ਸਬੰਧੀ ਸਲਾਹ-ਮਸ਼ਵਰੇ ਲਈ ਕਾਲ ਕਰੋ।






# Preet Kalirai

NMLS: 281660/DRE 02097522

## Mortgage Broker

530 La Sierra Drive, Sacramento, CA 95864


ਸਾਡੇ ਨਾਲ ਪੰਜਾਬੀ ਜਾਂ ਇੰਗਲਿਸ਼ ਵਿਚ ਗੱਲ ਕਰੋ।

**916-225-1225**

*e: preet@calstatemtg.com • w : https://www.getapproval.com*

Copyright@Punjab Mail USA

# TAKHAR URGENT CARE
# & Family Medicine



**Paramjit S. Takhar, M.D.**
**Board Certified Family Medicine**

Originally from Shankar/Nakodar/Jalandhar
Extensive experience in Family Practice and Primary Care Over 25 years of Family Medicine experience with Kaiser Permanente

## Onsite Services



EKG (Electrocardiogram), Blood Work, Pregnancy Test, Urine Analysis, TB Testing, Ear Irrigation, In-grown Toe Nail Removal

**$100 First Office Visit**
**2nd Visit is ONLY $75**

www.takharfamilymedicine.com

- Men's & Women's Health
- Adult Physicals with Labs Drawn on Premises
- Well Woman Exams Including PAP Smears
- Pregnancy Testing
- School /College / Camp Physicals
- Diabetes & Diabetic Foot Care
- High Cholesterol
- Hypertension
- Heart Disease
- Headaches
- Thyroid Problems
- Asthma & Allergies
- Upper Respiratory Infections
- Urinary Tract Infection
- Sexual Dysfuntion
- Back & Neck Pain
- Immigration Physical
- Pre-Employment Physical
- DOT /Non-DOT Physicals
- Breath Alcohol Testing

We Speak : English, Hindi, Punjabi, Farsi & Spanish

**916-688-8888**

**8191 Timberlake Way #400**
**Sacramento, CA 95823**

We Accept Medicare, Medical & Cash Pay




TRANSCORP
Hiring Owner
Operators & Drivers
ਓਨਰ ਅਪਰੇਟਰ ਅਤੇ ਟਰੱਕ ਡਰਾਈਵਰ ਤੁਰੰਤ ਮਿਲੋ।
ਤੁਸੀਂ ਸਾਡੇ ਟਰੇਲਰ ਵੀ ਰੈਂਟ ਕਰ ਸਕਦੇ ਹੋ।
ਕੈਲੀਫੋਰਨੀਆ, ਓਰੇਗਨ, ਵਾਸ਼ਿੰਗਟਨ ਸਟੇਟ,
ਕਲਾਰਾਡੋ, ਈਸਟ ਕੋਸਟ, ਮਿਡ ਵੈਸਟ ਦੇ ਲੋਡ
ਉਪਲੱਬਧ ਹਨ।
ਲੋਡ ਦੇ ਪੇਪਰ ਦਿਓ ਤੇ ਪੇਮੈਂਟ ਲਵੋ
ਜੇ ਕਿਸੇ ਕੋਲ ਫਾਈਨਾਂਸ ਦੀ ਪ੍ਰਾਬਲਮ ਹੈ ਤਾਂ ਉਸ ਬਾਰੇ
ਵੀ ਗੱਲ ਕੀਤੀ ਜਾ ਸਕਦੀ ਹੈ।
TRANSCORP
Designed By Punjab Mail USA
23687 AVENUE 19
MADERA, CA-93638
Phone: 800-317-2577
Fax: 800-405-2480
E-mail: dispatch@transcorp247.com


Do you know how to plan & secure your finances?
Book your free consultations for
Tax free Retirement Planning
College Education Planning
Proper Protection
Health & Disability (Long Term Care Planning)
Annuities
Will & Trust (Discounted for a limited time with conditions applied)
Building Legacy
Harsimran Bajwa
Lic# 4267166
Call/Text: (916) 479-4783
Email: bajwahgi@gmail.com
Let's do the needful to secure our life and our family's future!
RIP

# ਸ਼ਹੀਦਾਂ ਦੇ ਸਿਰਤਾਜ ਸ੍ਰੀ ਗੁਰੂ ਅਰਜਨ ਦੇਵ ਜੀ

## 12 ਅਪ੍ਰੈਲ ਪ੍ਰਕਾਸ਼ ਪੁਰਵ ’ਤੇ ਵਿਸ਼ੇਸ਼ ਲੇਖ

ਸੁਖਵਿੰਦਰ ਸਿੰਘ ਮੁੱਲਾਂਪੁਰ
ਵ. ਅੱਪ. : 99141-84794
(Punjab Mail USA)





**ਜਨਮ :** ਸ੍ਰੀ ਗੁਰੂ ਅਰਜਨ ਦੇਵ ਜੀ ਦਾ ਜਨਮ ਵੈਸਾਖ ਸੁਦੀ 7 ਸੰਮਤ 1620 ਮੁਤਾਬਕ 15 ਅਪ੍ਰੈਲ, 1563 ਨੂੰ ਸ੍ਰੀ ਗੁਰੂ ਰਾਮਦਾਸ ਜੀ ਦੇ ਘਰ ਮਾਤਾ ਬੀਬੀ ਭਾਨੀ ਜੀ ਦੀ ਕੁੱਖੋਂ ਆਪਣੇ ਨਾਨਕੇ ਪਿੰਡ ਗੋਬਿੰਦਵਾਲ ਸਾਹਿਬ (ਤਰਨਤਾਰਨ) ਵਿਖੇ ਹੋਇਆ। ਇਨ੍ਹਾਂ ਨੇ ਆਪਣੇ ਨਾਨਾ ਜੀ ਸ੍ਰੀ ਗੁਰੂ ਅਮਰਦਾਸ ਜੀ ਦੀ ਗੋਦ ਦਾ ਆਨੰਦ ਮਾਣਿਆ ਅਤੇ ਇਨ੍ਹਾਂ ਨੂੰ ਜਨਮ ਸਮੇਂ ਤੋਂ ਹੀ ਗੁਰਮਤਿ ਦੀ ਗੁੜ੍ਹਤੀ ਮਿਲੀ। ਇਨ੍ਹਾਂ ਨੇ ਬਚਪਨ ਦੇ 11 ਸਾਲ ਗੋਇੰਦਵਾਲ ਸਾਹਿਬ ਵਿਚ ਹੀ ਗੁਜ਼ਰੇ। ਗੁਰੂ ਅਰਜਨ ਦੇਵ ਜੀ ਦਾ ਗੁਰਬਾਣੀ ਨਾਲ ਅੱਤ ਦਰਜੇ ਦਾ ਪਿਆਰ ਹੋਣ ਕਰਕੇ ਹੀ ਗੁਰੂ ਅਮਰਦਾਸ ਜੀ ਨੇ ਕਹਿ ਦਿੱਤਾ ਸੀ ‘ਇਹ ਦੋਹਿਤਾ ਬਾਣੀ ਕਾ ਬੋਹਿਥਾ’ ਹੋਵੇਗਾ।

**ਗੁਰਤਾ ਗੱਦੀ ਮਿਲਣਾ:** ਗੁਰੂ ਰਾਮਦਾਸ ਜੀ ਨੇ ਆਪਣਾ ਅੰਤਿਮ ਸਮਾਂ ਨੇੜੇ ਆਉਂਦਾ ਅਨੁਭਵ ਕਰਕੇ ਭਾਦਰੋਂ ਸੰਮਤ 1638 ਮੁਤਾਬਿਕ ਅਗਸਤ 1581 ’ਚ ਸੰਗਤ ਇਕੱਠੀ ਕਰਕੇ ਆਪ ਨੇ ਗੁਰਿਆਈ ਦੀ ਜ਼ਿੰਮੇਵਾਰੀ ਗੁਰੂ ਅਰਜਨ ਦੇਵ ਜੀ ਨੂੰ ਸੌਂਪ ਦਿੱਤੀ।

ਗੁਰੂ ਅਰਜਨ ਦੇਵ ਜੀ ਨੂੰ ਚੌਕੀ ਉੱਤੇ ਬਿਠਾ ਕੇ ਉਨ੍ਹਾਂ ਨੂੰ ਆਪ ਮੱਥਾ ਟੇਕਿਆ ਅਤੇ ਗੁਰਬਾਣੀ ਦਾ ਖ਼ਜ਼ਾਨਾ ਉਨ੍ਹਾਂ ਨੂੰ ਦੇ ਦਿੱਤਾ।

1 ਸਤੰਬਰ, 1581 ਨੂੰ ਸ੍ਰੀ ਗੁਰੂ ਰਾਮਦਾਸ ਜੀ ਗੋਬਿੰਦਵਾਲ ਸਾਹਿਬ ਜੋਤੀ ਜੋਤ ਸਮਾ ਗਏ। ਦਸਤਾਰ ਬੰਦੀ ਦੀ ਰਸਮ ਸਮੇਂ ਸੰਗਤਾਂ ਦਾ ਇਕੱਠ ਹੋਇਆ। ਭੱਟ ਵੀ ਦਰਸ਼ਨ ਕਰਨ ਆਏ ਇਨ੍ਹਾਂ ਨੇ ਹਰੇਕ ਗੁਰੂ ਜੀ ਦੀ ਵਡਿਆਈ ਕੀਤੀ ਸਵੱਈਏ ਉਚਾਰਨ ਕੀਤੇ, ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਹਨ।

ਸ੍ਰੀ ਗੁਰੂ ਅਰਜਨ ਦੇਵ ਜੀ ਗੁਰੂ ਕੇ ਚੱਕ ਆ ਗਏ। ਉਨ੍ਹਾਂ ਦੀ ਪ੍ਰਿਥੀ ਚੰਦ ਨੇ ਬਹੁਤ ਵਿਰੋਧਤਾ ਕੀਤੀ। ਪਰ ਗੁਰੂ ਜੀ ਸ਼ਾਂਤਚਿੱਤ ਅਡੋਲ ਰਹੇ। ਗੁਰੂ ਜੀ ਨੇ ਅੰਮ੍ਰਿਤਸਰ ਵਿਚ ਸਰੋਵਰ ਦੀ ਸੇਵਾ ਆਰੰਭ ਕਰਵਾਈ। ਸਰੋਵਰ 1588 ਈ: ਵਿਚ ਮੁਕੰਮਲ ਹੋਇਆ। ਸਰੋਵਰ ਵਿਚ ਦਰਬਾਰ ਸਾਹਿਬ ਦੀ ਨੀਂਹ ਆਪਣੇ ਸ਼ਰਧਾਲੂ ਸਾਈ ਮੀਆਂ ਮੀਰ ਤੋਂ ਅਕਤੂਬਰ 1588 ’ਚ ਰਖਵਾਈ। ਅੰਮ੍ਰਿਤ ਸਰੋਵਰ ਦੇ ਨਾਮ ਤੇ ਸ਼ਹਿਰ ਦਾ ਨਾਮ ਅੰਮ੍ਰਿਤਸਰ ਮਸ਼ਹੂਰ ਹੋਇਆ।

**ਵਿਆਹ:** 1589 ਈ: ਵਿਚ ਆਪ ਜੀ ਦੀ ਸ਼ਾਦੀ ਪਿੰਡ ਮੌਂ ਤਹਿਸੀਲ ਫਿਲੌਰ ਦੇ ਵਸਨੀਕ ਸ਼੍ਰੀ ਕਿਸ਼ਨ ਚੰਦ ਦੀ ਪੁੱਤਰੀ ਮਾਤਾ ਬੀਬੀ ਗੰਗਾ ਜੀ ਨਾਲ ਹੋਈ। ਇਨ੍ਹਾਂ ਦੇ ਘਰ ਇਕ ਪੁੱਤਰ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਨੇ ਜਨਮ ਲਿਆ।

**ਆਦਿ ਬੀੜ :** ਹਰੇਕ ਗੁਰੂ ਸਾਹਿਬਾਨ ਦੀ ਬਾਣੀ ਵੱਖਰੀ-ਵੱਖਰੀ ਸੀ, ਉਂਞ ਰਾਗਾਂ ਵਾਰ ਸੀ। ਰਾਗਾਂ ਦੀ ਇਸ ਪਰਧਾਨਤਾ ਨੂੰ ਕਇਮ ਰੱਖਣ ਲਈ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਗੁਰੂਆਂ ਦੀ ਬਾਣੀ ਰਾਗਾਂ ਅਨੁਸਾਰ ਹੀ ਨਵੇਂ ਸਿਰਿਓਂ ਤਰਤੀਬ ਕਰਨੀ ਸ਼ੁਰੂ ਕੀਤੀ। ਜਿਵੇਂ ਪਹਿਲਾਂ ਗੁਰੂ ਸਹਿਬਾਨ ਜੀ ਦੀ ਬਾਣੀ ਵੱਖ-ਵੱਖ ਇਕੱਠੀ ਸੀ। ਇਸ ਤਰ੍ਹਾਂ ਹਰੇਕ ਭਗਤ ਦੀ ਬਾਣੀ ਵੀ ਵੱਖ-ਵੱਖ ਸੀ। ਇਸ ਨੂੰ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰਾਗਾਂ ਅਨੁਸਾਰ ਆਪ ਆਪਣੇ ਟਿਕਾਣੇ ਰੱਖ ਦਿੱਤਾ। ਕਵਿਤਾ ਦੇ ਦ੍ਰਿਸਟੀਕੋਣ ਤੋਂ ਬਾਣੀ ਕਈ ਕਿਸਮਾਂ ਦੇ ਕਾਵਿ ਛੰਦਾਂ ਤੋਂ ਲਿਖੀ ਹੋਈ ਸੀ। ਸ਼ਬਦ ਅਸ਼ਟਪਦੀਆਂ, ਛੰਤ, ਵਾਰ, ਸਲੋਕ ਆਦਿਕ ਹਰੇਕ ਰਾਗ ਵਿਚ ਪਹਿਲਾਂ ਹਰੇਕ ਗੁਰੂ ਸਾਹਿਬ ਦੇ ਸ਼ਬਦ ਇਕੱਠੇ ਕੀਤੇ ਗਏ, ਫਿਰ ਅਸ਼ਟਪਦੀਆਂ ਫਿਰ ਛੰਤ ਆਦਿਕ।


ਜਦੋਂ ਸਾਰੀ ਬਾਣੀ ਦੀ ਤਰਤੀਬ ਹੋ ਗਈ, ਤਾਂ ਗੁਰੂ ਸਾਹਿਬ ਜੀ ਨੇ ਇਸ ਨੂੰ ਇਕ ਨਵੇਂ ਰੂਪ ਵਿਚ ਮੁੜ ਲਿਖਣ ਲਈ ਭਾਈ ਗੁਰਦਾਸ ਜੀ ਨੂੰ ਆਗਿਆ ਕੀਤੀ। ਭਾਈ ਗੁਰਦਾਸ ਜੀ ਉਸ ਵੇਲੇ ਸਿੱਖਾਂ ਵਿਚ ਉੱਚਕੋਟੀ ਦੇ ਵਿਦਵਾਨ ਸਨ। ਇਹ ਆਪ ਵੀ ਕਵੀ ਸਨ। ਭਾਈ ਗੁਰਦਾਸ ਜੀ ਨੇ ਇਹ ਬਾਣੀ ਦੀ ਸੇਵਾ ਰਾਮਸਰ ਸਰੋਵਰ ਦੇ ਕੰਢੇ ਬੈਠ ਕੇ ਨਿਭਾਈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਦਾ ਪ੍ਰਕਾਸ਼ ਹਰਿਮੰਦਰ ਸਾਹਿਬ ਵਿਖੇ ਭਾਦੋਂ ਵਦੀ 1 ਸੰਮਤ 1661 ਮੁਤਾਬਕ ਸਤੰਬਰ 1604 ਨੂੰ ਪ੍ਰਕਾਸ਼ ਕੀਤਾ ਗਿਆ। ਬਾਬਾ ਬੁੱਢਾ ਜੀ ਨੂੰ ਪਹਿਲੇ ਗ੍ਰੰਥੀ ਥਾਪਿਆ ਗਿਆ।

**ਸ਼ਹੀਦੀ :** 30 ਮਈ 1606 ਈ: ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਸਖਤ ਤਸੀਹੇ ਦੇ ਕੇ ਸ਼ਹੀਦ ਕਰ ਦਿੱਤਾ ਗਿਆ ਸੀ। ਚੰਦੂ ਨੇ ਗੁਰੂ ਅਰਜਨ ਪਾਤਿਸ਼ਾਹ ਨੂੰ ਸੜਦੇ ਉਬਲਦੀ ਪਾਣੀ ਦੀ ਦੇਗ ’ਚ ਬਿਠਾਇਆ। ਫਿਰ ਨੰਗੇ ਪਿੰਡੇ ਉੱਤੇ ਸੜਦੀ ਬਲਦੀ ਤੱਤੀ ਰੇਤ ਪਾਈ ਗਈ।

ਫਿਰ ਉਨ੍ਹਾਂ ਨੂੰ ਲੋਹ ਉਤੇ ਬਿਠਾ ਕੇ ਅੱਗ ਦਾ ਭਾਂਬੜ ਮਚਾਇਆ ਗਿਆ ਪਰ ਆਪ ਅਕਾਲ ਪੁਰਖ ਦੇ ਭਾਣੇ ’ਚ ਅਡੋਲ ਟਿਕੇ ਰਹੇ। ਸ਼ਹੀਦ ਹੋਣ ਲਈ ਜਾਣ ਤੋਂ ਪਹਿਲਾਂ ਉਨ੍ਹਾਂ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਨੂੰ ਗੁਰਿਆਈ ਬਖਸ਼ ਦਿੱਤੀ ਸੀ।

-ਸਮਾਪਤ





# ਜਸਮੇਰ ਸਿੰਘ ਹੋਠੀ ਦੀ ਪੁਸਤਕ 5 ਕਕਾਰ ਗੁਰਸਿੱਖੀ ਦਾ ਆਧਾਰ

-ਉਜਾਗਰ ਸਿੰਘ
ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072
ujagarsingh48@yahoo.com
(Punjab Mail USA)




ਜਸਮੇਰ ਸਿੰਘ ਹੋਠੀ ਦੀ '5 ਕਕਾਰ' ਪੁਸਤਕ ਗੁਰਸਿੱਖਾਂ ਲਈ ਲਾਹੇਬੰਦ ਸਾਬਤ ਹੋਵੇਗੀ। ਇਸ ਪੁਸਤਕ ਵਿਚ ਖਾਲਸਾ ਪੰਥ ਦੀ ਸਾਜਨਾ ਤੋਂ ਸ਼ੁਰੂ ਕਰਕੇ ਸਿੱਖੀ ਸਿਧਾਂਤਾਂ ਦੀ ਮੁੱਢਲੀ ਜਾਣਕਾਰੀ ਦਿੱਤੀ ਗਈ ਹੈ। ਇਹ ਪੁਸਤਕ ਵਿਗਿਆਨਕ ਜਾਣਕਾਰੀ ਵੀ ਤੱਥਾਂ 'ਤੇ ਆਧਾਰਿਤ ਦਿੰਦੀ ਹੈ। ਅੰਮ੍ਰਿਤ ਛਕਾਉਣ ਦੀ ਪ੍ਰਣਾਲੀ ਅਤੇ ਪੰਜ ਪਿਆਰਿਆਂ ਦੀ ਮਹੱਤਤਾ ਬਾਰੇ ਦੱਸਿਆ ਗਿਆ ਹੈ। ਅੰਮ੍ਰਿਤ ਕੌਣ ਛਕਾ ਸਕਦੇ ਹਨ? 1666 ਦੀ ਵਿਸਾਖੀ ਵਾਲੇ ਦਿਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਖਾਲਸਾ ਪੰਥ ਦੀ ਸਾਜਨਾ ਕੀਤੀ ਗਈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਪਹਿਲਾਂ ਪੰਜ ਪਿਆਰਿਆਂ ਨੂੰ ਖੰਡੇ ਬਾਟੇ ਦੀ ਪਾਹੁਲ ਦਿੱਤੀ ਅਤੇ ਫਿਰ ਆਪ ਉਨ੍ਹਾਂ ਤੋਂ ਅੰਮ੍ਰਿਤ ਛਕਿਆ। 'ਆਪੇ ਗੁਰ ਆਪੇ ਚੇਲਾ' ਕਹਾਇਆ। ਗੁਰੂ ਦੇ ਸਿੱਖ ਦੀ ਪਛਾਣ ਲਈ ਰਹਿਤ ਮਰਿਆਦਾ ਬਣਾਈ ਗਈ। ਉਸ ਰਹਿਤ ਮਰਿਆਦਾ ਅਨੁਸਾਰ ਅੰਮ੍ਰਿਤਧਾਰੀ ਗੁਰਸਿੱਖ ਨੂੰ 5 ਕਕਾਰ ਪਹਿਨਣ ਦੀ ਤਾਕੀਦ ਕੀਤੀ ਗਈ। 5 ਕਕਾਰਾਂ ਦਾ ਧਾਰਨੀ ਪੰਥ-ਖਾਲਸਾ ਦਾ ਅੰਗ ਬਣ ਕੇ ਸੰਸਾਰ ਵਿਚ ਵਿਚਰੇ। ਇਹ 5 ਕਕਾਰ ਕੇਸ, ਕੰਘਾ, ਕੜਾ, ਕਿਰਪਾਨ ਅਤੇ ਕਛਹਿਰਾ ਹਨ। ਜਸਮੇਰ ਸਿੰਘ ਹੋਠੀ ਨੇ ਇਨ੍ਹਾਂ 5 ਕਕਾਰਾਂ ਦੀ ਬਣਤਰ, ਲਾਭ, ਮਹਾਨਤਾ ਅਤੇ ਇਨ੍ਹਾਂ ਤੋਂ ਮਿਲਣ ਵਾਲੀ ਸਿੱਖਿਆ ਬਾਰੇ ਵਿਸਤਾਰ ਨਾਲ ਇਸ ਪੁਸਤਕ ਵਿਚ ਲਿਖਕੇ ਗੁਰਸਿੱਖਾਂ ਲਈ ਮਾਰਗ ਦਰਸ਼ਨ ਕੀਤਾ ਹੈ। ਇਹ ਦੱਸਿਆ ਗਿਆ ਹੈ ਕਿ ਗੁਰੂ ਜੀ ਵੱਲੋਂ ਸੀਸ ਮੰਗਣ ਦਾ ਭਾਵ ਸਿੱਖਾਂ ਵਿਚੋਂ ਮੌਤ ਦਾ ਡਰ ਖ਼ਤਮ ਕਰਨਾ ਅਤੇ ਜ਼ਾਤ-ਪਾਤ ਦੀ ਪ੍ਰਵਿਰਤੀ ਨੂੰ ਤਿਆਗਣਾ ਸੀ। ਖੰਡਾ ਸ਼ਕਤੀ ਦਾ ਪ੍ਰਤੀਕ ਹੈ। ਅੰਮ੍ਰਿਤ ਛਕਣ ਤੋਂ ਬਾਅਦ ਸਾਬਤ-ਸੂਰਤ ਦੇ ਧਾਰਨੀ ਸਿੱਖ ਕੌਮ ਦਾ ਅੰਗ ਮੰਨੇ ਜਾਂਦੇ ਹਨ। ਅੰਮ੍ਰਿਤਧਾਰੀ ਲਈ ਮਰਿਆਦਾ ਅਨੁਸਾਰ 5 ਕਕਾਰਾਂ 'ਤੇ ਪਹਿਰਾ ਦੇਣਾ ਲਾਜ਼ਮੀ ਬਣਾਇਆ। ਇਹ 5 ਕਕਾਰ ਵਿਕਾਰਾਂ ਲੋਭ, ਮੋਹ, ਮਾਇਆ, ਹੰਕਾਰ ਆਦਿ ਤੋਂ ਛੁਟਕਾਰਾ ਪਵਾਉਂਦੇ ਹਨ। ਇਨਸਾਨ ਦੀ ਰਹਿਣੀ ਸਰੀਰਕ ਅਤੇ ਮਾਨਸਿਕ ਦੋ ਪ੍ਰਕਾਰ ਦੀ ਹੁੰਦੀ ਹੈ। ਸਰੀਰਕ 5 ਕਕਾਰ ਪਾਉਣ ਅਤੇ ਮਾਨਸਿਕ ਬਾਣੀ ਦਾ ਪਾਠ ਨਿਤਨੇਮ ਅਨੁਸਾਰ ਕਰਨਾ ਹੁੰਦਾ ਹੈ। ਜਸਮੇਰ ਸਿੰਘ ਹੋਠੀ ਇੰਗਲੈਂਡ ਵਿਚ ਰਹਿ




ਰਿਹਾ ਸਿੱਖ ਪੰਥ ਦਾ ਵਿਦਵਾਨ ਲੇਖਕ ਹੈ। ਉਨ੍ਹਾਂ ਦੀ ਪੰਜਾਬੀ ਵਿਚ ਸਿੱਖ ਸਿਧਾਂਤਾਂ 'ਤੇ ਪਹਿਰਾ ਦੇਣ ਵਾਲੀਆਂ 5 ਪੁਸਤਕਾਂ ਪ੍ਰਕਾਸ਼ਤ ਹੋ ਚੁੱਕੀਆਂ ਹਨ। ਚਰਚਾ ਅਧੀਨ '5 ਕਕਾਰ' ਉਨ੍ਹਾਂ ਦੀ 6ਵੀਂ ਪੁਸਤਕ ਹੈ। ਇਸ ਤੋਂ ਇਲਾਵਾ ਹਿੰਦੀ ਅਤੇ ਅੰਗਰੇਜ਼ੀ ਵਿਚ ਵੀ 4 ਪੁਸਤਕਾਂ ਪ੍ਰਕਾਸ਼ਤ ਹੋ ਚੁੱਕੀਆਂ ਹਨ। ਇਸ ਪੁਸਤਕ ਦਾ ਪਹਿਲਾ ਐਡੀਸ਼ਨ ਪੰਜਾਬੀ ਸੱਥ ਵਾਲਸਲ ਇੰਗਲੈਂਡ ਦੇ ਸੰਚਾਲਕ ਮੋਤਾ ਸਿੰਘ ਸਰਾਏ ਅਤੇ ਉਨ੍ਹਾਂ ਦੇ ਸਹਿਯੋਗੀਆਂ ਵੱਲੋਂ ਪ੍ਰਕਾਸ਼ਤ ਕਰਵਾਇਆ ਗਿਆ ਸੀ। ਲੇਖਕ ਨੇ '5 ਕਕਾਰਾਂ' ਦੀ ਮਹੱਤਤਾ ਬਾਰੇ ਵਿਸਥਾਰ ਨਾਲ ਗੁਰਬਾਣੀ ਵਿਚੋਂ ਉਦਾਹਰਣਾ ਸਹਿਤ ਜਾਣਕਾਰੀ ਦਿੱਤੀ ਹੈ, ਜਿਹੜੀ ਸਿੱਖ ਸ਼ਰਧਾਲੂਆਂ ਲਈ ਲਾਭਦਾਇਕ ਸਾਬਤ ਹੋਵੇਗੀ। ਜਸਮੇਰ ਸਿੰਘ ਹੋਠੀ ਨੇ ਇਨ੍ਹਾਂ ਕਕਾਰਾਂ ਦੀ ਵਿਗਿਆਨਕ ਮਹੱਤਤਾ ਦਾ ਵੀ ਜ਼ਿਕਰ ਕੀਤਾ ਹੈ।

**ਕੇਸ:** ਕੇਸ ਰੱਖਣ ਦੀ ਵਿਸ਼ੇਸ਼ ਮਹੱਤਤਾ ਹੈ ਕਿਉਂਕਿ ਕੇਸ ਜਨਮ ਤੋਂ ਹੀ ਇਨਸਾਨ ਦੇ ਨਾਲ ਆਉਂਦੇ ਹਨ। ਇਸ ਕਰਕੇ ਇਨ੍ਹਾਂ ਨੂੰ ਸਰੀਰ ਦਾ ਖਾਸ ਅੰਗ ਮੰਨਿਆ ਜਾਂਦਾ ਹੈ। ਇਹ ਪ੍ਰਭੂ ਦੀ ਬਖ਼ਸ਼ਿਸ਼ ਦੇ ਰੂਪ ਵਿਚ ਮਿਲਦੇ ਹਨ। ਕੇਸ ਗੁਰੂ ਦੀ ਮੋਹਰ ਹਨ, ਕੇਸਾਂ ਤੋਂ ਬਿਨਾ ਸਿੱਖ ਨਹੀਂ ਅਖਵਾ ਸਕਦਾ। ਕੇਸ ਸਿੱਖ ਦੇ ਸੁਹਾਗ ਵਾਂਗੂੰ ਨਿਸ਼ਾਨੀ ਹਨ। ਕੇਸਾਂ ਤੋਂ ਬਿਨਾ ਪਤਿਤ ਸਿੱਖ ਹੁੰਦਾ ਹੈ। ਕੇਸਾਂ ਤੋਂ ਬਿਨਾ ਬਾਕੀ ਕਕਾਰ ਪ੍ਰਵਾਨ ਨਹੀਂ ਹਨ। ਕੇਸਾਂ ਨੂੰ ਸਰੀਰ ਦੇ ਬਾਕੀ ਅੰਗਾਂ ਵਾਂਗ ਵਾਹਿਗੁਰੂ ਦੀ



ਦਾਤ ਮੰਨਿਆਂ ਜਾਂਦਾ ਹੈ, ਜਿਵੇਂ ਕਿਸੇ ਅੰਗ ਦੇ ਕੱਟੇ ਜਾਣ 'ਤੇ ਇਨਸਾਨ ਅੰਗਹੀਣ ਬਣ ਜਾਂਦਾ ਹੈ, ਉਸੇ ਤਰ੍ਹਾਂ ਕੇਸਾਂ ਤੋਂ ਬਿਨਾ ਸਿੱਖ ਨਹੀਂ ਹੋ ਸਕਦਾ। 5 ਕਕਾਰਾਂ ਵਿਚੋਂ ਕੇਸ ਸਰੀਰ ਦੇ ਨਾਲ ਹੀ ਅੰਗ ਦੀ ਤਰ੍ਹਾਂ ਹਨ ਪਰੰਤੂ ਬਾਕੀ 4 ਕਕਾਰ ਸਰੀਰ 'ਤੇ ਪਹਿਨਣੇ ਪੈਂਦੇ ਹਨ। ਕੇਸ ਇਨਸਾਨ ਦੇ ਸਰੀਰ ਦੇ ਏਰੀਅਲ ਅਕਾਸ਼ੀ ਬਿਜਲੀ ਗ੍ਰਾਹਕ ਦੀ ਤਰ੍ਹਾਂ ਕੰਮ ਕਰਦੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਜਦੋਂ ਵੀ ਅਕਾਲ ਪੁਰਖ ਦਾ ਚਿਤਰਨ ਕੀਤਾ ਹੈ, ਉਥੇ ਉਸ ਨੂੰ ਕੇਸਾਂ ਵਾਲਾ ਬਿਆਨਿਆਂ ਗਿਆ ਹੈ।

**ਕੰਘਾ** : ਕੰਘਾ ਸਤਿਗੁਰ ਜੀ ਵੱਲੋਂ ਬਖ਼ਸ਼ੀਆਂ ਦਾਤਾਂ ਵਿਚੋਂ ਇਕ ਹੈ। ਸਤਿਗੁਰ ਨੇ ਕੰਘਾ ਲਕੜ ਦਾ ਬਖ਼ਸ਼ਿਆ ਹੈ। ਸਤਿਗੁਰ ਦਾ ਸੰਕੇਤ ਕੰਘੇ ਨੂੰ ਕੇਸਾਂ ਵਿਚ ਬਿਰਾਜਮਾਨ ਕਰਨਾ ਹੈ। ਦਸਮਾ ਦੁਆਰ ਸਿਰ ਵਿਚ ਹੈ। ਕੰਘਾ ਦਸਵੇਂ ਦੁਆਰ ਦੀ ਪਹਿਚਾਣ ਕਰਵਾਉਂਦਾ ਹੈ। ਕੇਸਾਂ ਵਿਚ ਕੰਘਾ ਕਰਨਾ ਚਾਹੀਦਾ ਹੈ। ਕੇਸ ਸਾਫ਼ ਰਹਿੰਦੇ ਹਨ ਅਤੇ ਸਿੱਖ ਤਾਜ਼ਾ-ਦਮ, ਨਰੋਆ ਤੇ ਚੁਸਤ ਮਹਿਸੂਸ ਕਰਨ ਲੱਗਦਾ ਹੈ। ਕੰਘਾ ਕਰਦਿਆਂ ਨਾਲ ਹੀ ਮਨ ਵਿਚ ਕੰਘਾ ਫੇਰਨਾ ਚਾਹੀਦਾ ਹੈ, ਤਾਂ ਜੋ ਜੇ ਮਨ ਵਿਚ ਕੋਈ ਗ਼ਲਤ ਵਿਚਾਰ ਹੋਣ ਤਾਂ ਉਹ ਦੂਰ ਹੋ ਜਾਣ। ਕੰਘਾ ਸਵੱਛਤਾ ਦਾ ਪ੍ਰਤੀਕ ਹੈ। ਲਕੜੀ ਦਾ ਕੰਘਾ ਸਿਰ ਵਿਚ ਰੱਖਣ ਨਾਲ ਸ਼ਾਂਤੀ ਰਹਿੰਦੀ ਹੈ। ਮਨੁੱਖ ਦੇ ਸਿਰ ਵਿਚ ਬਿਜਲੀ ਦੀ ਤਰ੍ਹਾਂ ਸ਼ਕਤੀ ਹੁੰਦੀ ਹੈ। ਕੰਘਾ ਅਰਸ਼ੀ ਤੇ ਅਕਾਸ਼ੀ ਸ਼ਕਤੀ ਨੂੰ ਆਪਣੇ ਸਰੀਰ ਵਿਚ ਲਿਆਉਣ ਦਾ ਮਾਧਿਅਮ ਹੈ। ਮਨੁੱਖੀ ਸਿਰ ਵਿਖੇ ਸੂਰਜੀ ਕੇਂਦਰ ਹੈ, ਜੋ ਮਰਦਾਂ ਦੇ ਸਿਰ ਦੇ ਅਗਲੇ ਹਿੱਸੇ ਅਤੇ ਬੀਬੀਆਂ ਦੇ ਸਿਰ ਵਿਚ ਥੋੜ੍ਹਾ ਪਿਛਲੇਰੇ ਹਿੱਸੇ ਵਿਚ ਹੁੰਦਾ ਹੈ। ਕੰਘਾ ਇਹ ਸੂਰਜੀ ਸ਼ਕਤੀ ਨੂੰ ਦਿਮਾਗ ਵਿਚ ਲਿਆਉਂਦਾ ਹੈ। ਇਨਸਾਨੀ ਖੋਪਰੀ ਦੇ ਹੇਠਾਂ ਚਰਬੀ ਹੁੰਦੀ ਹੈ, ਜੋ ਕਿ ਤੇਲ ਦੀ ਤਰ੍ਹਾਂ ਖੋਪਰੀ ਵਿਚੋਂ ਪੈਦਾ ਕਰਦੀ ਹੈ, ਜਿਸ ਨੂੰ ਲਕੜੀ ਦਾ ਕੰਘਾ ਬਹੁਤ ਪ੍ਰਬੀਨਤਾ ਤੇ ਨਿਪੁੰਨਤਾ ਨਾਲ ਸਾਰੇ ਕੇਸਾਂ ਨੂੰ ਵੰਡਦਾ ਹੈ।

**ਕੜਾ:** ਸ੍ਰੀ ਗੁਰੂ ਸਾਹਿਬ ਨੇ ਕੜਾ ਸਿੱਖ ਨੂੰ ਸਦੀਵੀ ਸ਼ਹੀਦੀ ਗਾਨਾ ਬਖ਼ਸ਼ਿਆ ਹੈ, ਜੋ ਦਸਾਂ-ਨੌਹਾਂ ਦੀ ਕਿਰਤ ਕਰਨ ਤੇ ਵੰਡ ਛੱਕਣ ਦੀ ਪ੍ਰੇਰਨਾ ਬਖ਼ਸ਼ਦਾ ਹੈ। ਕੜਾ ਸਰਬਲੋਹ ਧਾਤ ਦਾ ਹੁੰਦਾ ਹੈ। ਲੋਹੇ ਵਿਚ ਇਹ ਖਾਸ ਗੁਣ ਹੈ ਕਿ ਇਹ ਤੁਹਾਡੀ ਨਾਕਾਰਾਤਮਿਕਤਾ ਤੋਂ ਰੱਖਿਆ ਕਰਦਾ ਹੈ। ਇਨਸਾਨ ਦਾ ਸਵੈ-ਮਾਨ ਤੇ ਸਵੈ ਭਰੋਸਾ ਵਧਾਉਂਦਾ ਹੈ। ਸਰੀਰ ਨੂੰ ਸ਼ਕਤੀ ਦਿੰਦਾ ਹੈ। ਸਰਬ ਲੋਹ ਮੁਕੰਮਲ ਤੱਤ ਹੈ, ਇਹ ਇਲੈਕਟ੍ਰਾਨਿਕ ਬਿਜਲਾਣੂਆਂ ਨੂੰ ਨਾ ਲੈਂਦਾ ਅਤੇ ਨਾ ਵੰਡਦਾ ਹੈ। ਸਰਬ ਲੋਹ ਦਾ ਕੜਾ ਉਸ ਅਸੀਮ ਪ੍ਰਭੂ ਦੀ ਅਨੰਨਤਾ ਨਾਲ ਜੋੜਨ ਤੇ ਮਿਲਾਪ ਕਰਵਾਉਣ ਅਤੇ ਪ੍ਰਾਣਾ ਦਾ ਪ੍ਰਤੀਕ ਹੈ। ਲੋਹਾ ਹੋਮੋਗਲੋਬਿਨ ਲਹੂ ਦੇ ਇਕ ਅੰਸ਼ ਦਾ ਰੂਪ ਧਾਰਨ ਕਰਕੇ ਇਨਸਾਨ ਦੇ ਸੈੱਲਾਂ ਕੋਸ਼ਾਣੂਆਂ ਨੂੰ ਆਕਸੀਜਨ ਪਹੁੰਚਾਉਂਦਾ ਹੈ। ਕੜਾ ਪਰ ਧਨ ਦੇ ਤਿਆਗ ਦੀ ਯਾਦ ਦਿਵਾਉਂਦਾ ਹੈ। ਕੜਾ ਧਰਮ ਦਾ ਪ੍ਰਤੀਕ ਚੱਕਰ ਹੈ। ਇਕੋ ਸਮੇਂ ਮੀਰੀ ਤੇ ਪੀਰੀ ਦਾ ਪ੍ਰਤੀਕ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖ਼ੁਸ਼ਹਾਲੀ ਦਾ ਚਿੰਨ੍ਹ ਕੜਾ ਸਿੱਖਾਂ ਨੂੰ ਪਹਿਨਾਇਆ ਹੈ।

**ਕ੍ਰਿਪਾਨ:** ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਖਾਲਸੇ ਨੂੰ ਬਖ਼ਸ਼ੀ ਇਹ ਪ੍ਰੇਮ ਨਿਸ਼ਾਨੀ ਹੈ। ਕ੍ਰਿਪਾਨ ਬਹੁਤ ਹੀ ਪਵਿੱਤਰ ਕਕਾਰ ਹੈ। ਅਕਾਲ ਪੁਰਖ ਦਾ ਸ਼ਸਤਰ ਹੈ। ਇਸ ਨੂੰ ਸਰੀਰ ਤੋਂ ਦੂਰ ਨਹੀਂ ਕਰਨਾ, ਤਾਂ ਕਿ ਅਕਾਲ ਪੁਰਖ ਤੇ ਗੁਰੂ ਸਾਹਿਬ ਅਭੇਦ ਹਨ। ਸੰਤ ਸਿਪਾਹੀ ਮਜ਼ਲੂਮ ਦੀ ਰੱਖਿਆ ਕਰਦਾ ਹੈ। ਸਤਿਗੁਰ ਜੀ ਨੇ ਸੰਤ ਨੂੰ ਸਿਪਾਹੀ ਬਣਾਇਆ ਤੇ ਜਿਥੇ ਸੰਤ ਸਤਾ ਲਈ ਬਾਣੀਆਂ ਦਾ ਨਿਤਨੇਮ ਲਾਜ਼ਮੀ ਹੈ, ਉਥੇ ਹੀ ਸਿਪਾਹੀ ਦਾ ਪ੍ਰਤੀਕ ਸ਼ਸਤਰ ਕ੍ਰਿਪਾਨ ਬਖ਼ਸ਼ੀ ਹੈ। ਕ੍ਰਿਪਾਨ ਅਕਾਲ ਪੁਰਖ ਦੀ ਆਦਿ ਸ਼ਕਤੀ ਹੈ। ਇਸ ਦਾ ਪੂਰਾ ਅਦਬ ਰੱਖਣਾ ਚਾਹੀਦਾ ਹੈ। ਕ੍ਰਿਪਾਨ ਗਾਤਰੇ ਵਿਚ ਰੱਖਣੀ ਚਾਹੀਦੀ ਹੈ। ਜਿਸ ਨੇ ਮਨ ਨੂੰ ਸਾਧ ਲਿਆ, ਉਸ ਦੇ ਕ੍ਰਿਪਾਨ ਜ਼ੁਲਮ ਨਹੀਂ ਕਰੇਗੀ, ਸਗੋਂ ਜ਼ੁਲਮ ਨੂੰ ਰੋਕੇਗੀ। ਕ੍ਰਿਪਾਨ ਕ੍ਰਿਪਾ ਤੇ ਆਨ ਸ਼ਬਦਾਂ ਦਾ ਜੋੜ ਹੈ।

**ਕਛਹਿਰਾ:** ਪੰਜਵਾਂ ਕਕਾਰ ਕਛਹਿਰਾ ਹੈ। ਕਛਹਿਰਾ ਨਿਪੁੰਨਤਾ ਤੇ ਕੁਸ਼ਲਤਾ ਨਾਲ ਆਪਣਾ ਉਦੇਸ਼ ਪੂਰਾ ਕਰਦਾ ਹੈ। ਕਛਹਿਰਾ ਪਹਿਨਣ ਵਾਲੇ ਨੂੰ ਗੌਰਵ, ਵਡਿਆਈ, ਨਿਮਰਤਾ, ਲੱਜਾ, ਨੇਕਚਲਣੀ, ਪਵਿੱਤਰਤਾ, ਸਤ, ਸਨਮਾਨ, ਇੱਜ਼ਤ ਤੇ ਉਚਤਾ ਦਾ ਅਹਿਸਾਸ ਕਰਾਉਂਦਾ ਹੈ। ਗੁਰੂ ਸਾਹਿਬ ਨੇ ਹੋਰ ਪੁਸ਼ਾਕ ਦੀ ਕੋਈ ਬੰਦਸ਼ ਨਹੀਂ ਲਗਾਈ, ਪ੍ਰੰਤੂ ਕਛਹਿਰੇ ਤੇ ਦਸਤਾਰ ਪਹਿਨਣ ਦਾ ਫ਼ੁਰਮਾਨ ਜਾਰੀ ਕੀਤਾ ਹੈ। ਕਛਹਿਰਾ ਪਹਿਨਣਾ ਸਿਰਫ ਜਨਣ ਇੰਦਰੀ ਨੂੰ ਢਕਣਾ ਹੀ ਨਹੀਂ, ਸਗੋਂ ਪਹਿਨਣ ਵਾਲੇ ਉਪਰ ਸਵੈ-ਨਿਯੰਤਰਣ ਲਾਗੂ ਕਰਨ ਦਾ ਆਦੇਸ਼ ਵੀ ਹੈ। ਸਮਾਜਿਕ ਮਰਿਆਦਾ 'ਚਿ ਰਹਿਣਾ ਜ਼ਰੂਰੀ ਹੈ। ਕਛਹਿਰਾ ਉਤਾਰ ਕੇ ਨੰਗਾ ਨਹੀਂ ਸਉਣਾ। ਅੰਮ੍ਰਿਤਧਾਰੀਆਂ ਨੇ ਇਸ਼ਨਾਨ ਕਰਨ ਉਪਰੰਤ ਗਿੱਲੇ ਕਛਹਿਰੇ ਦਾ ਇਕ ਪਹੁੰਚਾ ਲਾਹ ਕੇ ਸੁੱਕਾ ਨਵਾਂ ਪਾ ਕੇ ਫਿਰ ਦੂਜਾ ਪਹੁੰਚਾ ਉਤਾਰਨਾ ਹੈ। ਇਕੱਠੇ ਨਹੀਂ ਲਾਹੁਣੇ। ਸਤਿਗੁਰ ਜੀ ਨੇ ਸੰਜਮੀ, ਸੁਸ਼ੀਲ ਪੁਸ਼ਾਕ ਲਿਬਾਸ ਦੇ ਰੂਪ ਵਿਚ ਨਿਰਮਾਣ ਕਛਹਿਰਾ ਬਖ਼ਸ਼ਿਆ ਹੈ। ਕਛਹਿਰਾ ਜੰਗੀ ਪੁਸ਼ਾਕ ਹੈ। ਯੁੱਧ ਵਿਚ ਸੂਰਬੀਰਾਂ ਲਈ ਕੱਸਵਾਂ ਲਿਬਾਸ ਹੀ ਦਰੁੱਸਤ ਹੈ। ਕਛਹਿਰਾ ਪਵਿੱਤਰਤਾ ਦਾ ਪ੍ਰਤੀਕ ਹੈ।

ਜਸਮੇਰ ਸਿੰਘ ਸੇਠੀ ਨੇ ਸਿੱਖ ਪੰਥ ਲਈ '5 ਕਕਾਰਾਂ' ਬਾਰੇ ਜਾਣਕਾਰੀ ਦੇ ਸਿੱਖ ਸ਼ਰਧਾਂਲੂਆਂ ਦਾ ਮਾਰਗ ਦਰਸ਼ਨ ਕੀਤਾ ਹੈ ਪ੍ਰੰਤੂ ਕੁਝ ਥਾਵਾਂ 'ਤੇ ਚਮਤਕਾਰਾਂ ਦੀਆਂ ਉਦਾਹਰਣਾ ਦਿੱਤੀਆਂ ਹਨ, ਜਿਨ੍ਹਾਂ ਦੀ ਸਿੱਖ ਧਰਮ ਵਿਚ ਮਾਨਤਾ ਨਹੀਂ ਹੈ। ਇਹ ਪੁਸਤਕ ਡਾ. ਨਿਰਮਲ ਸਿੰਘ, ਪ੍ਰਿੰ. ਕੁਲਵਿੰਦਰ ਸਿੰਘ ਅਤੇ ਮੋਤਾ ਸਿੰਘ ਸਰਾਏ ਤੋਂ ਪ੍ਰਾਪਤ ਕੀਤੀ ਜਾ ਸਕਦੀ ਹੈ। 144 ਪੰਨਿਆਂ ਦੀ ਇਹ ਪੁਸਤਕ ਭਾਈ ਚਤਰ ਸਿੰਘ ਜੀਵਨ ਸਿੰਘ ਅੰਮ੍ਰਿਤਸਰ ਨੇ ਪ੍ਰਕਾਸ਼ਤ ਕੀਤੀ ਹੈ।


ਵਕਤ ਬਦਲ ਚੁੱਕਾ ਹੈ, ਵਕਤ ਦੇ ਨਾਲ ਬਦਲ ਚੁੱਕੇ ਨੇ Entertainment ਦੇ ਸਾਧਨ ਵੀ
e-Baba Entertainment App ਨੂੰ Download ਕਰੋ।




ਹੁਣ ਕਿਸੇ ਵੀ Company ਦੇ ਬਣੇ Android TV 'ਚ eBaba App ਡਾਊਨਲੋਡ ਕਰੋ ਜਾਂ ਸਮਾਰਟ TV ਦੀ HDMI Port 'ਚ Google TV Dongle ਲਾਵੋ ਤੇ eBaba ਡਾਊਨਲੋਡ ਕਰਕੇ ਰਿਮੋਟ ਦੀ ਵਰਤੋਂ ਰਾਹੀਂ, ਵੱਡੀ TV Screen ਉਤੇ ਬਹੁਤ ਸਾਰੇ English, Punjabi, Hindi ਅਤੇ Urdu ਦੇ TV Channel ਫ੍ਰੀ 'ਚ ਵੇਖੋ ਅਤੇ ਰੇਡੀਓ 'ਚ ਸੁਣੋ, also eBaba Entertainment App available for your ਸਮਾਰਟ phone on app store and Play store.




Cast Dongle ਦੀ ਮਦਦ ਨਾਲ ਆਪਣੀ ਪਸੰਦੀਦਾ TV Channel ਜਾਂ Movies ਆਪਣੇ TV 'ਤੇ ਵੀ ਦੇਖ ਸਕਦੇ ਹੋ ਅਤੇ Drive ਕਰਦੇ ਵੇਲੇ Bluetooth ਨਾਲ ਰੇਡਿਓ ਵੀ ਸੁਣ ਸਕਦੇ ਹੋ।




ਇਸ ਲਈ ਜਲਦੀ ਤੋਂ ਜਲਦੀ ਇਹ App Download ਕਰੋ
ਅਤੇ ਆਪਣੇ ਦੋਸਤਾਂ ਨਾਲ ਵੀ ਇਹ ਜਾਣਕਾਰੀ Share ਕਰੋ।

# ਜੇ ਕਮਲ਼ਾ ਹੋਜੇ ਵਿਹੜਾ......

-ਦਵਿੰਦਰ ਸਿੰਘ ਸੇਖੋਂ
(Punjab Mail USA)



ਧਾਰਮਿਕ ਅਤੇ ਸਮਾਜਿਕ ਤਿਓਹਾਰ ਜਾਂ ਦਿਹਾੜੇ ਅਤੀਤ ਤੋਂ ਕੁਝ ਸਿੱਖਣ ਲਈ ਹੁੰਦੇ ਹਨ। ਉਨ੍ਹਾਂ ਦਿਹਾੜਿਆਂ ਨੂੰ ਯਾਦ ਕਰਨ ਜਾਂ ਮਨਾਉਣ ਦਾ ਤਾਂ ਹੀ ਫ਼ਾਇਦਾ ਏ, ਜੇ ਉਨ੍ਹਾਂ ਦਿਹਾੜਿਆਂ ਪਿੱਛੇ ਲੁਕੇ ਸੁਨੇਹੇ ਨੂੰ ਮਹਿਸੂਸ ਕੀਤਾ ਜਾਵੇ ਜਾਂ ਅਮਲੀ ਰੂਪ ਵਿਚ ਉਸ ਪ੍ਰੀਕਿਰਿਆ ਵਿਚੋਂ ਲੰਘਿਆਂ ਜਾਵੇ। ਸਿਆਣੀਆਂ ਕੌਮਾਂ ਆਪਣੇ ਇਤਿਹਾਸਿਕ ਦਿਹਾੜਿਆਂ ’ਤੇ ਉਸ ਪ੍ਰੀਕਿਰਿਆ ਵਿਚੋਂ ਲੰਘ ਕੇ ਜਾਂ ਉਸੇ ਢੰਗ ਨਾਲ਼ ਜਿਓਂ ਕੇ ਆਪਣੇ ਇਤਿਹਾਸ ਨੂੰ ਦਿਲ ਤੇ ਦਿਮਾਗ ਵਿਚ ਤਰੋ-ਤਾਜ਼ਾ ਰੱਖਦੀਆਂ ਹਨ।

ਅੱਜਕੱਲ੍ਹ ਮੁਸਲਮਾਨ ਧਰਮ ਵਿਚ ਰਮਾਦਾਨ ਦੇ ਦਿਨ ਚੱਲ ਰਹੇ ਹਨ। ਚੱਲਦੀਆਂ ਗੱਲਾਂ ਵਿਚ ਕਿਸੇ ਮੁਸਲਮਾਨ ਵੀਰ ਨੇ ਦੱਸਿਆਂ ਵੱਡਿਆਂ ਦੀ ਰੀਸ ਵਿਚ ਆਮ ਤੌਰ ’ਤੇ 8-10 ਸਾਲ ਬੱਚੇ ਵੀ ਰੋਜ਼ੇ ਰੱਖਣੇ ਸ਼ੁਰੂ ਕਰ ਦਿੰਦੇ ਹਨ। ਮੁਸਲਮਾਨਾਂ ਵਿਚ ਰੋਜ਼ੇ ਰੱਖਣ ਵਾਲ਼ੇ ਨੂੰ ਸਤਿਕਾਰ ਦੀ ਨਿਗ੍ਹਾ ਨਾਲ਼ ਦੇਖਿਆ ਜਾਂਦਾ ਹੈ। ਇਸ ਕਰਕੇ ਕਿਸੇ ਰੋਜ਼ੇ ਰੱਖਣ ਵਾਲ਼ੇ/ਵਾਲੀ ਤੋਂ ਬੱਚਿਆਂ ਦਾ ਪ੍ਰਭਾਵਿਤ ਹੋਣਾ ਕੁਦਰਤੀ ਹੈ। ਬੱਚੇ ਜੋ ਦੇਖਦੇ ਹਨ ਅਤੇ ਜੇਕਰ ਉਸ ਤੋਂ ਪ੍ਰਭਾਵਿਤ ਹੁੰਦੇ ਹਨ, ਤਾਂ ਲਾਜ਼ਮੀ ਹੈ ਕਿ ਉਹ ਉਸ ਦੀ ਰੀਸ ਜ਼ਰੂਰ ਕਰਨਗੇ। ਇਸ ਕਰਕੇ ਉਸ ਵੀਰ ਮੁਤਾਬਿਕ ਜਿਹੜੇ ਬੱਚਿਆਂ ਨੂੰ ਜੇਕਰ ਘਰ ਜਾਂ ਸਮਾਜ ਵਿਚੋਂ ਇਹੋ ਜਿਹਾ ਮਾਹੌਲ ਮਿਲਦਾ ਹੈ, ਤਾਂ ਉਹ ਸੁਭਾਵਿਕ ਹੀ ਰੀਸ ਕਰਦੇ-ਕਰਦੇ ਧਰਮ ਨਾਲ਼ ਜੁੜ ਜਾਂਦੇ ਹਨ। ਰਮਾਦਾਨ ਦੀ ਸਮਾਪਤੀ ਨੂੰ ਬੜੀ ਸ਼ਰਧਾ-ਭਾਵਨਾ ਨਾਲ਼ ਧਾਰਮਿਕ ਤੌਰ ’ਤੇ ਮਨਾਇਆ ਜਾਂਦਾ ਹੈ, ਜੋ ਉਨ੍ਹਾਂ ਦੇ ਬੱਚਿਆਂ ਤੇ ਧਰਮ ਨਾਲ਼ ਜੋੜਨ ਵਾਲ਼ਾ ਪ੍ਰਭਾਵ ਛੱਡਕੇ ਜਾਂਦਾ ਹੈ।

ਰਮਾਦਾਨ ਦਿਨਾਂ ਦੀ ਸਮਾਪਤੀ ਦੇ ਨੇੜੇ ਦੇ ਦਿਨਾਂ ਵਿਚ ਹੀ ਇੱਕ ਸਿੱਖਾਂ ਦਾ ਅਹਿਮ ਦਿਹਾੜਾ “ਖ਼ਾਲਸਾ ਸਾਜਨਾ ਦਿਵਸ” ਜਾਂ “ਵਿਸਾਖੀ” ਹੁੰਦਾ ਹੈ। ਪਰ ਸਾਡਾ ਮਨਾਉਣ ਦਾ ਤਰੀਕਾ ਸਿਰਫ਼ ਖਾਨਾਪੂਰਤੀ ਤੱਕ ਹੀ ਸੀਮਤ ਹੈ। ਬਹੁਤਿਆਂ ਨੂੰ ਤਾਂ ਇਹ ਵੀ ਨਹੀਂ ਪਤਾ ਕਿ ਇਸ ਦਿਨ ਨੂੰ “ਖ਼ਾਲਸਾ ਸਾਜਨਾ ਦਿਵਸ” ਵੀ ਕਹਿੰਦੇ ਹਨ। ਪਰ ਸਾਡੇ ਬੱਚੇ ਇਨ੍ਹਾਂ ਦਿਨਾਂ ਵਿਚ ਕਿਸੇ ਧਾਰਮਿਕ ਰੰਗ ਵਿਚ ਨਹੀਂ ਰੰਗੇ ਹੁੰਦੇ, ਨਾ ਹੀ ਸਾਡੇ ਘਰਾਂ ਦਾ ਮਾਹੌਲ ਧਾਰਮਿਕ ਹੁੰਦਾ ਹੈ। ਸਾਡੀ ਕੌਮ ਦੇ “ਸਿਆਣੇ” ਭੈਣ-ਭਰਾ ਇਨ੍ਹਾਂ ਦਿਨਾਂ ਵਿਚ ਸਾਡੇ ਬੱਚਿਆਂ ਨੂੰ ਜਵਾਨੀ, ਫੁਕਰੇਪੁਣ, ਨਸ਼ਿਆਂ, ਹਥਿਆਰਾਂ ਅਤੇ ਅਸ਼ਲੀਲਤਾ ਉਕਸਾਉਣ ਵਾਲ਼ੇ ਗੀਤਾਂ ’ਤੇ ਨਚਾਉਣ ਲੱਗੇ ਹੁੰਦੇ ਹਨ। ਬੱਚਿਆਂ ਨੂੰ ਅਸ਼ਲੀਲ ਗੀਤ ਤਾਂ ਰਟਾਏ ਜਾਂਦੇ ਹਨ ਪਰ ਪੰਜ ਪਿਆਰਿਆਂ ਦੇ ਨਾਂ ਨਹੀਂ ਦੱਸੇ ਜਾਂਦੇ। ਇਹ ਤਾਂ ਦੱਸਿਆ ਜਾਂਦਾ ਹੈ ਕਿ ਲੱਕ ਕਿਵੇਂ ਹਿਲਾਉਣਾ ਹੈ, ਇਹ ਨਹੀਂ ਦੱਸਿਆ ਜਾਂਦਾ ਕਿ ਜ਼ੁਲਮ ਦਾ ਸਿੰਘਾਸਣ ਕਿਵੇਂ ਹਿਲਾਉਣਾ ਹੈ। ਨਚਾਰਾਂ ਵਾਲ਼ੇ ਲੀੜੇ ਤੇ ਨਚਾਰਾਂ ਵਾਲ਼ੇ ਗਹਿਣੇ ਤਾਂ ਪਵਾਏ ਜਾਂਦੇ ਹਨ, ਪਰ ਗੁਰੂ ਸਾਹਿਬ ਜੀ ਦੇ ਬਖਸ਼ੇ ਕਕਾਰ ਨਹੀਂ ਪਵਾਏ ਜਾਂਦੇ। ਨਚਾਰ ਮੇਲਿਆਂ ਦੇ ਨਤੀਜੇ ਸਾਡੇ ਸਾਹਮਣੇ ਹਨ। ਬੀਤੇ 20-25 ਸਾਲਾਂ ਵਿਚ ਨਾਚੇ-ਨਾਚੀਆਂ ਦੀ ਤਾਂ ਫੌਜ ਤਿਆਰ ਹੋ ਗਈ ਪਰ ਖ਼ਾਲਸਾ ਰੂਪ ਵਾਲ਼ੇ ਬੱਚੇ ਬੱਚੀਆਂ ਆਟੇ ’ਚ ਲੂਣ ਦੇ ਬਰਾਬਰ ਵੀ ਨਹੀਂ।

ਜੇਕਰ ਕਿਸੇ ਨੂੰ ਮੇਰੇ ਵੱਲੋਂ ਵਰਤੇ ਸ਼ਬਦ “ਨਚਾਰ” ਤੋਂ ਐਲਰਜੀ ਹੈ, ਤਾਂ ਭਾਈ ਕਾਹਨ ਸਿੰਘ ਨਾਭਾ ਦਾ ਮਹਾਨ ਕੋਸ਼ ਜ਼ਰੂਰ ਦੇਖ ਲਿਓ। ਸੌ ਪ੍ਰਤੀਸ਼ਤ ਤਸੱਲੀ ਹੋਣ ਦੇ ਗਰੰਟੀ ਹੈ। ਭਾਈ ਕਾਹਨ ਸਿੰਘ ਜੀ ਨੇ “ਨਚਾਰ” ਸ਼ਬਦ ਦਾ ਇੱਕ ਹੋਰ ਅਰਥ “ਲਾਚਾਰ” ਵੀ ਲਿਖਿਆ ਹੈ, ਇਸ ਨੂੰ ਪੜ੍ਹ ਕੇ ਸ਼ਾਇਦ ਕਿਸੇ ਦੀਆਂ ਬੰਦ ਅੱਖਾਂ ਵੀ ਖੁੱਲ੍ਹ ਜਾਣ।

“ਖ਼ਾਲਸਾ ਸਾਜਨਾ ਦਿਵਸ” ਉਹ ਅਹਿਮ ਦਿਹਾੜਾ ਹੈ, ਜਿਸ ਦਿਨ ਦੇ ਸਾਜੇ ਖ਼ਾਲਸੇ ਨੇ ਹਿੰਦੋਸਤਾਨ ਦੀ ਸਦੀਆਂ ਦੀ ਗ਼ੁਲਾਮੀ ਖ਼ਤਮ ਕੀਤੀ। ਗੁਰੂ ਸਾਹਿਬ ਜੀ ਨੇ ਅਜਿਹੀ ਰੂਹ ਫੂਕੀ ਕਿ ਚਿੜੀਆਂ ਵੀ ਬਾਜ਼ ’ਤੇ ਫ਼ਤਹਿ ਹਾਸਿਲ ਕਰਨ ਲੱਗੀਆਂ। ਭਾਈਆਂ ਨੂੰ ਸਿੰਘ ਦਾ ਨਾਂ ਦੇ ਕੇ ਸ਼ੇਰ ਨਾਲ਼ ਤੁਲਨਾ ਕੀਤੀ ਅਤੇ ਬੀਬੀਆਂ ਨੂੰ ਕੌਰ ਨਾਂ ਦੇ ਕੇ ਸਾਹਿਬਜ਼ਾਦੀਆਂ ਵਾਂਗ ਨਿਵਾਜਿਆ। ਪਰ ਅੱਜ ਸਾਡੀ ਕੌਮ ਦੇ “ਸਿਆਣੇ” ਲੋਕ ਸ਼ੇਰਾਂ ਨੂੰ “ਸਰਕਸੀ ਸ਼ੇਰ” ਬਣਾ ਕੇ ਲੋਕਾਂ ਅੱਗੇ ਨਚਾ ਰਹੇ ਹਨ ਅਤੇ ਸਾਹਿਬਜ਼ਾਦੀਆਂ ਦਾ ਸਵੈਮਾਣ ਖ਼ਤਮ ਕਰਕੇ ਨਾਚੀਆਂ ਬਣਾ ਰਹੇ ਹਨ। ਜੇਕਰ ਕਿਸੇ ਨੂੰ ਅੱਜ ਕਿਹਾ ਜਾਵੇ ਕਿ ਤੇਰੀ ਮਾਂ ਮੇਲਿਆਂ ’ਤੇ ਲੋਕਾਂ ਅੱਗੇ ਨੱਚਦੀ ਸੀ ਜਾਂ ਤੇਰਾ ਪਿਓ ਮੇਲਿਆਂ ’ਤੇ ਲੋਕਾਂ ਅੱਗੇ ਨੱਚ ਕੇ ਉਨ੍ਹਾਂ ਦਾ ਮਨੋਰੰਜਨ ਕਰਿਆ ਕਰਦਾ ਸੀ, ਤਾਂ ਉਹ ਗੁੱਸੇ ਵਿਚ ਤੁਹਾਡੇ ਗਲ਼ ਪੈ ਜਾਵੇਗਾ। ਪਰ ਜਦੋਂ ਇਹੀ ਗੱਲ ਇਸ ਤਰ੍ਹਾਂ ਕਹਿ ਦਿੱਤੀ ਜਾਂਦੀ ਹੈ ਕਿ ਲੋਕਾਂ ਅੱਗੇ ਨੱਚਣਾ ਤੁਹਾਡਾ ਸੱਭਿਆਚਾਰ ਹੈ, ਤਾਂ ਕਿਸੇ ਨੂੰ ਇਸ ਵਿਚ ਇਤਰਾਜ਼ ਨਹੀਂ ਲੱਗਦਾ। ਇਹ ਸ਼ਬਦਾਂ ਦੀ ਹੀ ਕਮਾਲ ਹੈ ਕਿ ਸੱਭਿਆਚਾਰ ਕਹਿਣ ਨਾਲ਼ ਸਾਰੀ ਗੱਲ ਮੂਰਖ਼ ਬੰਦੇ ਦੀ ਸਮਝ ਤੋਂ ਬਾਹਰ ਹੋ ਜਾਂਦੀ ਹੈ। ਉਹ ਇਹ ਨਹੀਂ ਸਮਝਦੇ ਕਿ ਜੇਕਰ ਅੱਜ ਸਾਨੂੰ ਆਪਣੇ ਮਾਂ-ਪਿਓ ਨੂੰ ਮੇਲਿਆਂ ਵਿਚ ਨੱਚਣ ਵਾਲ਼ੇ ਕਹਾਉਣ ਵਿਚ ਸ਼ਰਮ ਮਹਿਸੂਸ ਹੁੰਦੀ ਹੈ, ਫ਼ਿਰ ਆਪਣੇ ਬੱਚਿਆਂ ਲਈ ਇਹ ਬੇਸ਼ਰਮੀ ਦਾ ਖੂਹ ਕਿਉਂ ਪੁੱਟ ਰਹੇ ਹਾਂ?? ਇਹ ਬੇਸ਼ਰਮੀ ਵਾਲ਼ੀ ਗੱਲ ਕੱਲ੍ਹ ਨੂੰ ਉਨ੍ਹਾਂ ਦਾ ਸੱਚ ਹੋਵੇਗਾ। ਇਹ ਨਸਲਕੁਸ਼ੀ ਸਭ ਤੋਂ ਖ਼ਤਰਨਾਕ ਹੈ, ਜਿਸ ਵਿਚ ਸਿੰਘਾਂ, ਸਿੰਘਣੀਆਂ ਨੂੰ ਨਾਚੇ, ਨਾਚੀਆਂ ਬਣਾਇਆ ਜਾ ਰਿਹਾ ਹੈ।

ਮੁੱਕਦੀ ਗੱਲ ਇਹ, ਸਾਡੀ ਸਥਿਤੀ ਅੱਜ ਇਹੀ ਬਣੀ ਹੋਈ ਹੈ ਕਿ “ਜੇਕਰ ਕਮਲ਼ਾ ਹੋਵੇ ਇੱਕ ਤਾਂ ਸਮਝਾਵੇ ਵਿਹੜਾ, ਪਰ ਜੇ ਕਮਲ਼ਾ ਹੋਜੇ ਵਿਹੜਾ ਫ਼ਿਰ ਸਮਝਾਵੇ ਕਿਹੜਾ?” ਅੱਜ ਜਦੋਂ ਕੌਮ ਦੇ ਨੌਜਵਾਨਾਂ ਨੂੰ ਝੂਠੇ ਕੇਸ ਪਾ ਕੇ ਜੇਲ੍ਹਾਂ ਵਿਚ ਡੱਕਿਆ ਜਾ ਰਿਹਾ ਹੈ, ਹਰ ਸੱਚ ਬੋਲਣ ਵਾਲ਼ੇ ਦਾ ਮੂੰਹ ਬੰਦ ਕੀਤਾ ਜਾ ਰਿਹਾ ਹੈ, ਨੌਜਵਾਨਾਂ ’ਤੇ ਅੰਨ੍ਹਾ ਤਸ਼ੱਦਦ ਕੀਤਾ ਜਾ ਰਿਹਾ ਹੈ, ਸਿੱਖਾਂ ਦੇ ਘਰਾਂ ਵਿਚ ਜਾ ਕੇ ਬੀਬੀਆਂ, ਭੈਣਾਂ ਨੂੰ ਤੰਗ-ਪ੍ਰੇਸ਼ਾਨ ਕੀਤਾ ਜਾ ਰਿਹਾ ਹੈ, ਕਿੰਨੇ ਹੀ ਸਿੱਖ ਬੱਚੇ ਲਾਪਤਾ ਦੱਸੇ ਜਾਂਦੇ ਹਨ, ਬੰਦੀ ਸਿੰਘਾਂ ਲਈ ਮੋਰਚੇ ਚੱਲ ਰਹੇ ਹਨ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦਾ ਇਨਸਾਫ਼ ਨਹੀਂ ਮਿਲ਼ ਰਿਹਾ, ਉਸ ਸਮੇਂ ’ਤੇ ਸਾਡੀ ਕੌਮ ਦੇ “ਸੂਝਵਾਨ” ਲੋਕ ਆਪਣੀ “ਇਨਸਾਨੀਅਤ” ਦਾ ਅਤੇ ਜ਼ਮੀਰ ਦੇ “ਜਿਉਂਦੀ” ਹੋਣ ਦਾ ਸਬੂਤ ਦਿੰਦੇ ਹੋਏ ਨੱਚ ਕੇ ਖੁਸ਼ੀਆਂ ਮਨਾ ਰਹੇ ਹਨ। ਆਮ ਲੋਕ “ਸਿਆਣੇ” ਲੋਕਾਂ ਦਾ ਸਾਥ ਦੇਣ ਲਈ ਵੱਧ-ਚੜ੍ਹ ਕੇ ਤਨੋ, ਮਨੋ ਤੇ ਧਨੋ ਯੋਗਦਾਨ ਪਾ ਰਹੇ ਹਨ।

ਕਾਸ਼! ਮੇਰੀ ਕੌਮ ਨੂੰ ਵਿਸਾਖੀ ਦਿਹਾੜੇ ਦੀ ਮਹੱਤਤਾ ਅਤੇ ਸੱਭਿਆਚਾਰ ਦੇ ਅਰਥ ਸਮਝ ਆ ਜਾਣ।



# ਹੋਮਿਓਪੈਥੀ ਦੇ ਜਨਮਦਾਤਾ ਕ੍ਰਿਸ਼ਚੀਅਨ ਫਾਉਂਡਰ ਡਾ. ਹੈਨੇਮਨ

## ਡਾਕਟਰ ਹੈਨੇਮਨ ਦੀ ਖੋਜ ਦੁਨੀਆਂ ਅੰਦਰ ਇਕ ਮਿਸਾਲ ਬਣ ਚੁੱਕੀ ਹੈ

-ਡਾ. ਅਮਿਤਾ
98554-68092
(Punjab Mail USA)


ਹੋਮਿਓਪੈਥਿਕ ਕੁਦਰਤ ਦਾ ਇਕ ਅਨਮੋਲ ਖਜ਼ਾਨਾ ਹੈ। ਲਾ-ਇਲਾਜ ਰੋਗੀਆਂ ਨੂੰ ਸਿਰਫ ਹੋਮੀਓਪੈਥੀ ਦਵਾਈ ਹੀ ਠੀਕ ਕਰਦੀ ਹੈ। ਇਸ ਗੱਲ ਦਾ ਦਾਅਵਾ ਹੋਰਨਾਂ ਪ੍ਰਣਾਲੀਆਂ ਨਾਲ ਇਲਾਜ ਕਰ ਰਹੇ ਡਾਕਟਰਾਂ ਨੇ ਭਲੀਭਾਂਤ ਮੰਨ ਲਿਆ ਹੈ ਤੇ ਆਪਣਾ ਝੁਕਾਓ ਵੀ ਹੁਣ ਹੋਮਿਓਪੈਥੀ ਵੱਲ ਕਰ ਲਿਆ ਹੈ। ਹੈਮਿਓਪੈਥਿਕ ਇਕ ਕੁਦਰਤੀ ਇਲਾਜ ਪ੍ਰਣਾਲੀ ਹੈ, ਇਹ ਦੁਨੀਆਂ ਦੀ ਇਕੋ ਇਕ ਅਜਿਹੀ ਇਲਾਜ ਪ੍ਰਣਾਲੀ ਹੈ, ਜੋ ਬਿਮਾਰੀ ਨੂੰ ਜੜ੍ਹ ਤੋਂ ਖਤਮ ਕਰਦੀ ਹੈ ਅਤੇ ਇਸ ਦਾ ਕੋਈ ਸਾਈਡਇਫੈਕਟ ਨਹੀਂ ਹੈ। ਇਹ ਬਿਮਾਰੀ ਨੂੰ ਜੜ੍ਹ ਤੋਂ ਖਤਮ ਕਰਨ ਦੀ ਤਾਕਤ ਰੱਖਦੀ ਹੈ। ਜਰਮਨ ਤੋਂ ਸ਼ੁਰੂ ਹੋ ਕੇ ਦੁਨੀਆਂ ਦੇ ਹਰ ਕੋਨੇ ਮਸ਼ਹੂਰ ਹੋਣ ਵਾਲੀ ਹੋਮਿਓਪੈਥਿਕ ਦਵਾਈ ਦੀ ਖੋਜ ਦੁਨੀਆਂ ਦੇ ਮਸੀਹਾ ਵਜੋ ਜਾਣੇ ਜਾਂਦੇ ਡਾਕਟਰ ਸੈਮਿਊਲ ਹੈਨੇਮਨ ਨੇ ਕੀਤੀ ਹੈ।

ਡਾਕਟਰ ਸੈਮਿਊਲ ਹੈਨੇਮਨ ਦਾ ਜਨਮ 10 ਅਪ੍ਰੈਲ, 1755 ਨੂੰ ਜਰਮਨ (ਯੂਰਪ) ਦੇ ਪਿੰਡ ਮੀਸ਼ਨ ਵਿਚ ਹੋਇਆ। ਆਪ ਦੇ ਘਰ ਅੰਤਾਂ ਦੀ ਗਰੀਬੀ ਸੀ, ਪਿਤਾ ਚੀਨੀ ਦੇ ਬਰਤਨਾਂ ਉਪਰ ਚਿੱਤਰਕਾਰੀ ਕਰਦੇ ਸਨ। ਆਪ ਨੇ ਵੀ ਪੜ੍ਹਾਈ ਦੇ ਨਾਲ-ਨਾਲ ਪਿਤਾ ਨਾਲ ਕੰਮ ਵਿਚ ਹੱਥ ਵਟਾਉਣਾ ਸ਼ੁਰੂ ਕੀਤਾ। ਗਰੀਬੀ ਅਤੇ ਪਰਿਵਾਰਿਕ ਦੁੱਖ ਉਨ੍ਹਾਂ ਦੇ ਰਾਹ ਵਿਚ ਕਾਫੀ ਵੱਡੀਆਂ ਮੁਸੀਬਤਾਂ ਲੈ ਕੇ ਆਏ ਪਰ ਆਪ ਨੇ ਬੜੀ ਦਲੇਰੀ ਨਾਲ ਇਨ੍ਹਾਂ ਮੁਸੀਬਤਾਂ ਦਾ ਸਾਹਮਣਾ ਕਰਦੇ ਹੋਏ ਪੂਰੀ ਲਗਨ ਅਤੇ ਮਿਹਨਤ ਨਾਲ ਪੜ੍ਹਾਈ ਵਿਚ ਅੱਗੇ ਵਧਦੇ ਗਏ। ਇਹੀ ਕਾਰਨ ਸੀ ਕਿ ਡਾਕਟਰ ਸੈਮਿਊਲ ਹੈਨੇਮਨ ਦੁਨੀਆਂ ਦੀਆਂ 11 ਭਾਸ਼ਾਵਾਂ ਦਾ ਗਿਆਨ ਰੱਖਦੇ ਸਨ। ਡਾਕਟਰ ਸੈਮਿਊਲ ਹੈਨੇਮਨ ਨੇ 24 ਸਾਲ ਦੀ ਉਮਰ ਵਿਚ ਮੈਡੀਕਲ ਸਾਇੰਸ ਵਿਚ ਵੱਡੀਆਂ ਮੱਲ੍ਹਾਂ ਮਾਰਦੇ ਹੋਏ ਡਾਕਟਰੀ ਦੀ ਵੱਡੀ ਡਿਗਰੀ ਐੱਮ.ਡੀ. ਕਰ ਲਈ ਸੀ, ਇਹ ਡਿਗਰੀ ਮਿਲਦਿਆਂ ਹੀ ਡਰੂਸਡਿਨ ਹਸਪਤਾਲ ਵਿਚ ਬਤੌਰ ਮੁੱਖ ਡਾਕਟਰ ਨਿਯੁਕਤ ਹੋਏ। ਉਨ੍ਹਾਂ ਨੂੰ ਬਚਪਨ ਤੋਂ ਹੀ ਘਰ ਤੋਂ ਮਿਲੀ ਸੇਵਾ ਕਰਨ ਦੀ ਲਗਨ ਕਾਰਨ ਰੋਗੀਆਂ ਨੂੰ ਰੋਗ ਮੁਕਤ ਕਰਨ ਦੀ ਦਿਲਚਸਪੀ ਸੀ। ਇੱਥੇ ਨੌਕਰੀ ਕਰਦੇ ਸਮੇਂ ਡਾਕਟਰ ਹੈਨੇਮਨ ਦੇ ਦਿਮਾਗ ਵਿਚ ਦਵਾਈਆਂ ਦੇ ਅਸਰਾਂ ਬਾਰੇ ਤਰ੍ਹਾਂ-ਤਰ੍ਹਾਂ ਦੇ ਖਿਆਲ ਆਉਣ ਕਾਰਨ ਆਪ ਦੀ ਪ੍ਰੇਸ਼ਾਨੀ ਬਹੁਤ ਵਧ ਗਈ, ਉਨ੍ਹਾਂ ਨੇ ਦਵਾਈਆਂ ਦੀ ਖੋਜ ਕਰਨੀ ਸ਼ੁਰੂ ਕਰ ਦਿੱਤੀ। ਜਦੋਂ ਡਾਕਟਰ ਹੈਨੇਮਨ ਨੇ ਦੇਖਿਆ ਕਿ ਇਕੋ ਦਵਾਈ ਇਕ ਤਰ੍ਹਾਂ ਦੀ ਬਿਮਾਰੀ ਵਾਲੇ ਮਰੀਜ਼ਾਂ ਨੂੰ ਹਰ ਵਾਰ ਠੀਕ ਨਹੀਂ ਕਰ ਸਕਦੀ, ਤਾਂ ਖੋਜ ਕਰਦਿਆਂ ਇਸ ਸਿੱਟੇ ’ਤੇ ਪੁੱਜੇ ਕਿ ਇਕ ਦਵਾਈ ਦਾ ਅਲੱਗ-ਅਲੱਗ ਰੋਗੀਆਂ ’ਤੇ ਅਲੱਗ-ਅਲੱਗ ਅਸਰ ਹੁੰਦਾ ਹੈ। ਉਨ੍ਹਾਂ ਨੇ ਖੋਜ ਦੌਰਾਨ ਪਤਾ ਲਗਾਇਆ ਕਿ ਅਲੱਗ-ਅਲੱਗ ਰੋਗੀਆਂ ਵਿਚ ਰੋਗ ਭਾਵੇਂ ਇਕੋ ਜਿਹਾ ਹੋਵੇ ਪਰ ਰੋਗੀਆਂ ਦੇ ਸੁਭਾਅ ਮੁਤਾਬਿਕ ਅਲੱਗ ਤਰ੍ਹਾਂ ਦੀ ਹੀ ਅਸਰ ਕਰਦੀ ਹੈ। ਰੋਗੀ ਦੇ ਰੋਗ ਦੇ ਨਾਲ-ਨਾਲ ਸੁਭਾਅ, ਮਾਨਸਿਕ ਅਤੇ ਸਰੀਰਕ ਇਲਾਜ ਕਰਨਾ ਵੀ ਬਹੁਤ ਜ਼ਰੂਰੀ ਹੁੰਦਾ ਹੈ। ਇਸ ਖੋਜ ਨੂੰ ਹੋਰ ਡੂੰਘਾਈ ਤੱਕ ਲੈ ਕੇ ਜਾਣ ਲਈ ਡਾਕਟਰ ਹੈਨੇਮਨ ਨੇ ਆਪਣੀ ਨੌਕਰੀ ਤੋਂ ਅਸਤੀਫਾ ਦੇ ਕੇ ਦਵਾਈਆਂ ਦੀ ਖੋਜ ਕਰਨ ਵੱਲ ਜੁੱਟ ਗਏ।

ਸੰਨ 1790 ਵਿਚ ਡਾਕਟਰ ਹੈਨੇਮਨ ਨੇ ਇਕ ਕਿਤਾਬ ਦਾ ਅਨੁਵਾਦ ਕਰਦਿਆਂ ਹੋਇਆਂ ਨੂੰ ਖਿਆਲ ਆਇਆ ਕਿ ਕੋਕੀਨ ਖਾਣ ਨਾਲ ਬੁਖਾਰ ਚੜ੍ਹ ਜਾਂਦਾ ਹੈ, ਇਹ ਖਿਆਲ ਪੂਰੀ ਦੁਨੀਆਂ ਲਈ ਸੁਭ ਸ਼ਗਨ ਸੀ। ਇਸ ਖਿਆਲ ਦੇ ਆਉਂਦੇ ਹੀ ਡਾ. ਹੈਨੇਮਨ ਨੇ ਕੋਕੀਨ ਦਿਨ ਵਿਚ ਦੋ ਵਾਰ ਖਾਣੀ ਸ਼ੁਰੂ ਕਰ ਦਿੱਤੀ ਅਤੇ ਉਨ੍ਹਾਂ ਨੂੰ ਬੁਖਾਰ ਚੜ੍ਹਨਾ ਸ਼ੁਰੂ ਹੋ ਗਿਆ ਅਤੇ ਬਾਅਦ ਵਿਚ ਇਸੇ ਨਾਲ ਹੀ ਠੀਕ ਹੋ ਗਿਆ। ਇਸ ਤਜ਼ਰਬੇ ਨਾਲ ਡਾ. ਹੈਨੇਮਨ ਖੁਸ਼ੀ ਵਿਚ ਖੀਵੇ ਹੁੰਦੇ ਹੋਏ ਗਦਗਦ ਕਰ ਉਠੇ, ਉਹ ਇਸ ਨਾਲ ਇਹ ਸਿੱਟੇ ’ਤੇ ਪੁੱਜੇ ਕਿ ਜੋ ਦਵਾਈ ਰੋਗ ਨੂੰ ਜਨਮ ਦੇ ਸਕਦੀ ਹੈ, ਤਾਂ ਉਹ ਉਸੇ ਰੋਗ ਨੂੰ ਖਤਮ ਵੀ ਕਰ ਸਕਦੀ ਹੈ। ਇਹੋ ਹੋਮਿਓਪੈਥੀ ਦਵਾਈ ਦਾ ਅਸਲੀ ਸਿਧਾਂਤ ਹੈ। ਹੋਮਿਓਪੈਥੀ ਨਿਯਮ ਅਨੁਸਾਰ ਦਵਾਈ ਰੋਗ ਅਤੇ ਰੋਗੀ ਨਾਲੋਂ ਵਧੇਰੇ ਸ਼ਕਤੀਸ਼ਾਲੀ ਹੋਣੀ ਚਾਹੀਦੀ ਹੈ। ਸੰਨ 1795 ਵਿਚ ਡਾ. ਹੈਨੇਮਨ ਨੇ ਹੋਮਿਓਪੈਥੀ ਉਪਰ ਇਕ ਹੋਰ ਕਿਤਾਬ ਦੀ ਰਚਨਾ ਕੀਤੀ, ਜਿਸ ਵਿਚ 27 ਦਵਾਈਆਂ ਦਾ ਜ਼ਿਕਰ ਕੀਤਾ ਅਤੇ ਅਲਾਮਤਾਂ ਦੱਸੀਆਂ ਗਈਆਂ। ਸੰਨ 1810 ਵਿਚ ਇਕ ਹੋਰ ਕਿਤਾਬ ਲਿਖੀ ਤੇ ਹੋਮਿਓਪੈਥੀ ਦੇ ਬੁਨਿਆਦੀ ਅਸੂਲਾਂ ਨੂੰ ਇਸ ਵਿਚ ਦਰਸਾਇਆ ਗਿਆ। ਇਹ ਕਿਤਾਬ ਹੋਮਿਓਪੈਥੀ ਵਿਚ ਇਕ ਵੱਡੇ ਧਾਰਮਿਕ ਗ੍ਰੰਥ ਦੀ ਤਰ੍ਹਾਂ ਮੰਨੀ ਜਾਂਦੀ ਹੈ।

ਸੰਨ 1821 ਤੱਕ ਡਾਕਟਰ ਹੈਨੇਮਨ ਦੀ ਜ਼ਿੰਦਗੀ ਵਿਚ ਮਿੱਤਰਾਂ ਦੇ ਨਾਲ-ਨਾਲ ਵਿਰੋਧੀਆਂ ਦੀ ਗਿਣਤੀ ਵੀ ਵਧ ਗਈ। ਜਿਸ ਕਾਰਨ ਡਾ. ਹੈਨੇਮਨ ਨੂੰ ਲਿਪਜਿਕ ਦਾ ਸ਼ਹਿਰ ਛੱਡ ਕੇ ਜਾਣਾ ਪਿਆ। ਜਿਸ ਜਗ੍ਹਾ ’ਤੇ ਰਹਿੰਦਿਆਂ ਵੱਡੀਆਂ ਖੋਜਾਂ ਅਤੇ ਪ੍ਰਾਪਤੀਆਂ ਕੀਤੀਆਂ ਸਨ, ਨੂੰ ਛੱਡ ਕੇ ਜਾਣ ਦਾ ਦੁੱਖ ਹੋਇਆ। ਇਸ ਦੁੱਖ ਨੂੰ ਆਪਣੇ ਅੰਦਰ ਸਮੋ ਕੇ ਸ਼ਹਿਰ ਛੱਡ ਕੇ ਤੁਰ ਪਏ, ਪਰ ਕੁਦਰਤ ਨੂੰ ਕੁਝ ਹੋਰ ਹੀ ਮਨਜ਼ੂਰ ਸੀ, ਰਸਤੇ ਵਿਚ ਜਾਂਦਿਆ ਇਕ ਹਾਦਸਾ ਵਾਪਰਿਆ। ਇਸ ਹਾਦਸੇ ਦੌਰਾਨ ਡਾ. ਹੈਨੇਮਨ ਦੇ ਦੋ ਨੌਜਵਾਨ ਬੱਚਿਆਂ ਦੀਆਂ ਜਾਨਾਂ ਚਲੀਆਂ ਗਈਆਂ। ਐਨੇ ਵੱਡੇ ਦੁੱਖ ਦੇ ਬਾਵਜੂਦ ਉਨ੍ਹਾਂ ਹੌਂਸਲਾ ਨਾ ਹਾਰਿਆ, ਸਗੋਂ ਦਵਾਈ ਦੀਆਂ ਖੋਜਾਂ ਵਿਚ ਜੁਟੇ ਰਹੇ। ਸੰਨ 1828 ਵਿਚ ਹੈਨੇਮਨ ਨੇ ਗੰਭੀਰ ਬਿਮਾਰੀਆਂ ’ਤੇ ਖੋਜ ਕਰਦਿਆਂ ਇਕ ਕਿਤਾਬ ਲਿਖੀ, ਜਿਸ ਤੋਂ ਬਾਅਦ ਓਹ ਮੈਡੀਕਲ ਸਾਇੰਸ ਦੀ ਦੁਨੀਆਂ ਅੰਦਰ ਕਾਫੀ ਮਸ਼ਹੂਰ ਹੋ ਗਏ। ਇਸ ਪੁਸਤਕ ਵਿਚ ਬੜੀ ਬਾਰੀਕੀ ਨਾਲ ਖੋਜ ਦੇ ਵੇਰਵੇ ਦਿੰਦਿਆਂ ਲਿਖਿਆ ਕਿ ਕਿਸੇ ਵੀ ਦਵਾਈ ਨੂੰ ਜਿੰਨਾ ਸੂਖਸ਼ਮ ਰੂਪ ਵਿਚ ਬਣਾਇਆ ਜਾਵੇ, ਉਨੀਂ ਹੀ ਦਵਾਈ ਦੀ ਤਾਕਤ ਵਧਦੀ ਹੈ। ਕਈ ਛੋਟੀ ਸੋਚ ਵਾਲੇ ਲੋਕਾਂ ਨੇ ਡਾ. ਹੈਨੇਮਨ ਦਾ ਮਜ਼ਾਕ ਉਡਾਉਂਦਿਆ ਗਲਤ ਸ਼ਬਦ ਵੀ ਬੋਲੇ। ਉਨ੍ਹਾਂ ਲੋਕਾਂ ਨੇ ਕਿਹਾ ਕਿ ਇਹ ਸੂਖਸ਼ਮ ਦਵਾਈਆਂ ਵੱਡੀ ਤੋ ਵੱਡੀ ਬਿਮਾਰੀ ਨੂੰ ਖਤਮ ਕਰਨ ਦੀ ਤਾਕਤ ਕਿਵੇਂ ਰੱਖ ਸਕਦੀ ਹੈ। ਪਰ ਇਹ ਗੱਲ ਹੁਣ ਵਿਗਿਆਨੀਆਂ ਦੀ ਸਮਝ ਵਿਚ ਵੀ ਆ ਚੁੱਕੀ ਹੈ। ਸੰਨ 1830 ਵਿਚ ਡਾ. ਹੈਨੇਮਨ ਦੀ ਪਤਨੀ ਦਾ ਦਿਹਾਂਤ ਹੋ ਗਿਆ, ਜਿਸ ਤੋਂ ਬਾਅਦ ਹੈਨੇਮਨ ਇਕੱਲੇਪਣ ਮਹਿਸੂਸ ਕਰਦਿਆਂ 80 ਸਾਲ ਦੀ ਉਮਰ ਵਿਚ ਦੂਸਰਾ ਵਿਆਹ ਮਾਲਿਨੀ ਨਾਮ ਦੀ ਔਰਤ ਨਾਲ ਕਰਵਾ ਲਿਆ ਅਤੇ ਵਿਆਹ ਤੋਂ ਤੇਰਾਂ ਸਾਲ ਬਾਅਦ 2 ਜੁਲਾਈ, 1843 ਨੂੰ ਪੈਰਿਸ, ਫਰਾਂਸ, ਵਿਖੇ ਇਸ ਫਾਨੀ ਦੁਨੀਆਂ ਨੂੰ ਅਲਵਿਦਾ ਆਖ ਗਏ। ਪਰ ਡਾ. ਹੈਨੇਮਨ ਦੀ ਮ੍ਰਿਤਕ ਦੇਹ ਨੂੰ ਸਮਸ਼ਾਨ ਘਾਟ ਮੋਟਮਿਟਰੀ ਵਿਖੇ ਲਿਜਾਣ ਲਈ 4 ਨੇੜਲੇ ਰਿਸ਼ਤੇਦਾਰਾਂ ਨੇ ਹੀ ਮੋਢਾ ਦਿੱਤਾ, ਉਨ੍ਹਾਂ ਦੇ ਲਈ ਅਫਸੋਸ ਕਰਨ ਲਈ ਹੋਰ ਕੋਈ ਵੀ ਨਹੀਂ ਗਿਆ।

ਸਮਾਂ ਬੀਤਦੇ ਵਿਰੋਧੀਆਂ ਨੂੰ ਇਸ ਗੱਲ ਦਾ ਪਤਾ ਲੱਗਾ ਕਿ ਡਾ. ਹੈਨੇਮਨ ਨਾਲ ਗਲਤ ਸਲੂਕ ਕਰਕੇ ਬਹੁਤ ਵੱਡੀ ਗਲਤੀ ਕੀਤੀ ਹੈ, ਸਗੋ ਉਹ ਤਾਂ ਦੁਨੀਆਂ ਲਈ ਦਵਾਈ ਦੇ ਰੂਪ ਵਿਚ ਇਕ ਬਹੁਤ ਵੱਡੀ ਸੁਗਾਤ ਦੇ ਗਏ ਹਨ, ਤਾਂ ਉਨ੍ਹਾਂ ਨੇ ਆਪਣਾ ਕੀਤੇ ’ਤੇ ਪਛਤਾਵਾ ਕਰਦੇ ਹੋਏ ਸੰਨ 1899 ਵਿਚ ਡਾ. ਹੈਨੇਮਨ ਦੀ ਮੌਤ ਤੋਂ 56 ਸਾਲ ਬਾਅਦ ਉਨ੍ਹਾਂ ਦੀ ਕਬਰ ’ਚੋ ਮ੍ਰਿਤਕ ਦੇਹ ਨੂੰ ਕੱਢ ਕੇ ਬੜੀ ਸ਼ਾਨੋ-ਸ਼ੌਕਤ ਨਾਲ ਸ਼ਾਹੀ ਕਬਰ ਵਿਚ ਦਫਨਾਇਆ। ਹੁਣ ਡਾਕਟਰ ਸੈਮਿਓਲ ਹੈਨੇਮਨ ਦੀ ਯਾਦਗਾਰ ਵਜੋਂ ਜਰਮਨ ਦੇ ਲਿਪਜਿਕ ਸ਼ਹਿਰ ਵਿਚ ਬੁੱਤ ਲੱਗਿਆ ਹੋਇਆ ਹੈ, ਜਿਸ ਨੂੰ ਲੋਕ ਸਿਰ ਝੁਕਾਅ ਕੇ ਲੰਘਦੇ ਹਨ। ਡਾਕਟਰ ਹੈਨੇਮਨ ਦੀ ਖੋਜ ਦੁਨੀਆਂ ਅੰਦਰ ਇਕ ਮਿਸਾਲ ਬਣ ਚੁੱਕੀ ਹੈ।



# ਰਾਸ਼ਨ ਨੂੰ ਗੇੜਾ ਦੇਣ ਵਾਲੇ ਇਨਸਾਨ

ਬਲਰਾਜ ਸਿੰਘ ਸਿੱਧੂ ਐਸ.ਪੀ.
ਪੰਡੋਰੀ ਸਿੱਧਵਾਂ 95011-00062
(Punjab Mail USA)



ਸਾਡੇ ਸਮਾਜ ਵਿਚ ਕਈ ਲੋਕਾਂ ਦਾ ਥੋੜ੍ਹਾ ਖਾ ਕੇ ਸਰ ਜਾਂਦਾ ਹੈ ਤੇ ਕਈ ਤੌਣ ਹਿਲਾ ਦੇਂਦੇ ਹਨ। ਕਈ ਬੰਦੇ ਭਾਵੇਂ ਜਿੰਨਾ ਮਰਜ਼ੀ ਰਾਸ਼ਨ ਖਾ ਲੈਣ, ਪਤਲੇ ਦੇ ਪਤਲੇ ਹੀ ਰਹਿੰਦੇ ਹਨ ਤੇ ਕਈਆਂ ਨੂੰ ਪਾਣੀ ਵੀ ਘਿਉ ਵਾਂਗ ਲੱਗਦਾ ਹੈ। ਮਿਹਨਤਕਸ਼ ਬੰਦੇ ਚਾਹੇ ਜ਼ਹਿਰ ਖਾ ਲੈਣ, ਦਿਨ ਭਰ ਦੀ ਹੱਡ-ਤੋੜ ਮੁਸ਼ੱਕਤ ਕਾਰਨ ਉਹ ਵੀ ਅੰਮ੍ਰਿਤ ਬਣ ਜਾਂਦਾ ਹੈ। ਦੂਸਰੇ ਪਾਸੇ ਵਿਹਲੜਾਂ ਦੇ ਸਿਰ 'ਤੇ ਡਾਕਟਰਾਂ ਦੇ ਘਰ ਚੱਲਦੇ ਹਨ, ਕਦੇ ਗੈਸ, ਕਦੇ ਖੱਟੇ ਡਕਾਰ, ਕਦੇ ਅਲਸਰ ਤੇ ਕਦੇ ਐਸੀਡਿਟੀ। ਇੱਕ ਵਾਰ ਇੱਕ ਆੜ੍ਹਤੀ ਨੇ ਆਪਣੀ ਪੱਕੀ ਅਸਾਮੀ ਇੱਕ ਮਿਹਨਤਕਸ਼ ਜੱਟ ਨੂੰ ਆਪਣੇ ਘਰ ਖਾਣੇ 'ਤੇ ਬੁਲਾ ਲਿਆ। ਰਸੋਈਆ ਛੁੱਟੀ 'ਤੇ ਹੋਣ ਕਾਰਨ ਸੇਠਾਨੀ ਆਪ ਰੋਟੀਆਂ ਪਕਾਉਣ ਲੱਗ ਗਈ ਤੇ ਮਾਂਹ ਛੋਲਿਆਂ ਦੀ ਦੇਸੀ ਘਿਉ ਦੇ ਤੜਕੇ ਵਾਲੀ ਦਾਲ ਨਾਲ ਛੋਟੇ-ਛੋਟੇ 4-5 ਫੁਲਕੇ ਪਕਾ ਕੇ ਜੱਟ ਦੇ ਅੱਗੇ ਪਰੋਸ ਦਿੱਤੇ। ਅਖਬਾਰ ਦੇ ਛੇ ਨੰਬਰ ਪੇਜ ਵਰਗੀਆਂ ਵੱਡੀਆਂ-ਵੱਡੀਆਂ ਰੋਟੀਆਂ ਖਾਣ ਦੇ ਆਦੀ ਜੱਟ ਨੇ ਫੁਲਕਿਆਂ ਦੀਆਂ ਪੰਜ-ਸੱਤ ਬੁਰਕੀਆਂ ਹੀ ਕੀਤੀਆਂ। ਹੈਰਾਨ ਪਰੇਸ਼ਾਨ ਤੇ ਮੁੜਕੇ ਨਾਲ ਲੱਥ-ਪਲੱਥ ਹੋਈ ਸੇਠਾਨੀ ਪਕਾਈ ਜਾਵੇ ਤੇ ਜੱਟ ਨਾਲ-ਨਾਲ ਦੀ ਨਾਲ ਥਾਲੀ ਸਫਾਚੱਟ ਕਰੀ ਜਾਵੇ। ਜਦੋਂ ਜੱਟ ਪੰਦਰਾਂ-ਵੀਹ ਰੋਟੀਆਂ ਰਗੜ ਗਿਆ, ਤਾਂ ਦਾਲ ਦੀ ਪਤੀਲੀ ਵੀ ਖਾਲੀ ਹੋ ਗਈ। ਉਦਰੋਂ ਸੇਠ ਦਾ ਮੁੰਡਾ ਭੁੱਖ ਨਾਲ ਰੂੰ-ਰੂੰ ਕਰੀ ਜਾਵੇ, ਜੱਟ ਰੱਜੇ ਤਾਂ ਉਸ ਨੂੰ ਰੋਟੀ ਮਿਲੇ। ਸੜੀ-ਬਲੀ ਸੇਠਾਨੀ ਬੱਚੇ ਨੂੰ ਕਹਿੰਦੀ, "ਚੁੱਪ ਕਰਦਾ ਆਂ ਕਿ ਸੁੱਟਾਂ ਜੱਟ ਦੇ ਥਾਲ 'ਚ?" ਅੱਗੋਂ ਜੱਟ ਵੀ ਕਿਹੜਾ ਘੱਟ ਸੀ, ਕਹਿੰਦਾ, "ਭੈਣ ਜੀ ਦਾਲ ਨਾਲ ਲਬੇੜ ਕੇ ਸੁੱਟਿਉ। ਰੁੱਖੀ ਰੋਟੀ ਪਹਿਲਾਂ ਈ ਬੜੀ ਮੁਸ਼ਕਿਲ ਨਾਲ ਲੰਘ ਰਹੀ ਆ।"

ਲੱਕੋਂ ਫਾਹੇ ਆਈ ਸੇਠਾਨੀ ਨੇ ਜਦੋਂ ਸੇਠ ਨੂੰ ਲਾਲ-ਲਾਲ ਡੇਲੇ ਵਿਖਾਏ, ਤਾਂ ਸੇਠ ਭਲਾ ਮਾਣਸ ਜਿਹਾ ਬਣ ਕੇ ਜੱਟ ਨੂੰ ਸਮਝਾਉਣ ਲੱਗ ਪਿਆ, "ਵੇਖੋ ਭਾਊ ਜੀ, ਹਕੀਮ ਕਹਿੰਦੇ ਨੇ ਕਿ ਆਪਣੇ ਢਿੱਡ ਵਿਚ ਦਸ ਗਿੱਠਾਂ ਦੀ ਨਾੜ ਹੁੰਦੀ ਆ। ਉਸ ਵਿਚੋਂ ਦੋ ਗਿੱਠਾਂ ਰੋਟੀ ਨਾਲ ਭਰੀ ਦੀ ਆ ਤੇ ਦੋ ਗਿੱਠਾਂ ਪਾਣੀ ਨਾਲ, ਬਾਕੀ ਦੀ ਸਾਹ ਆਉਣ ਲਈ ਖਾਲੀ ਰੱਖੀਦੀ ਆ।" ਜੱਟ ਦਾਲ ਤੋਂ ਬਿਨਾਂ ਰੁੱਖੀਆਂ ਰੋਟੀਆਂ ਪਾਣੀ ਨਾਲ ਅੰਦਰ ਧੱਕਦਾ ਹੋਇਆ ਬੋਲਿਆ, "ਸੇਠ ਸਾਹਿਬ, ਆਪਾਂ ਤਾਂ ਦਸ ਦੀਆਂ ਦਸ ਗਿੱਠਾਂ ਰੋਟੀਆਂ ਨਾਲ ਈ ਭਰੀਦੀਆ ਆਂ। ਪਾਣੀ ਝੀਥਾਂ ਵਿਚੋਂ ਲੰਘ ਜਾਂਦਾ ਆ ਤੇ ਸਾਹ ਤੋਂ ਆਪਾਂ ਕੀ ਲੈਣਾ? ਆਪੇ ਰੋ ਪਿੱਟ ਕੇ ਆ ਜਾਊਗਾ।"



ਹੁਣ ਤਾਂ ਪੁਲਿਸ ਕਾਫੀ ਮਾਡਰਨ ਹੋ ਗਈ ਹੈ ਪਰ ਪੁਰਾਣੇ ਸਮੇਂ ਵਿਚ ਪੁਲਿਸ ਵਾਲੇ ਵੀ ਮੁਫਤ ਦਾ ਰਾਸ਼ਨ ਪਾੜਨ ਲੱਗਿਆਂ ਅੱਗਾ ਪਿੱਛਾ ਨਹੀਂ ਸੀ ਵੇਖਦੇ ਹੁੰਦੇ, ਜੋ ਮਿਲੀ ਜਾਵੇ ਸਭ ਦੱਬੀ ਜਾਂਦੇ ਸਨ। ਚਾਹ ਤੋਂ ਬਾਅਦ ਲੱਸੀ, ਲੱਸੀ ਤੋਂ ਬਾਅਦ ਦੁੱਧ ਤੇ ਦੁੱਧ ਤੋਂ ਬਾਅਦ ਭਾਵੇਂ ਦਹੀਂ ਮਿਲ ਜਾਵੇ, ਸਭ ਰਗੜ ਜਾਂਦੇ ਸਨ। ਕਈ ਪੁਲਿਸ ਵਾਲੇ ਸਵੇਰੇ ਹੀ ਜੇਬ ਵਿਚ ਖੰਡ ਦੀਆਂ ਪੰਜ-ਸੱਤ ਪੁੜੀਆਂ ਬਣਾ ਕੇ ਪਾ ਲੈਂਦੇ ਸਨ। ਜਿਸ ਘਰ ਜਾਣਾ ਉਥੇ ਬੀਬੀ ਨੂੰ ਕਹਿਣਾ, "ਭੈਣ ਜੀ ਦੁੱਧ ਦਾ ਗਲਾਸ ਤਾਂ ਦਿਉ, ਦਵਾਈ ਖਾਣੀ ਹੈ।" ਸ਼ਾਮ ਤੱਕ ਮਲਾਈ ਵਾਲਾ ਅੱਠ-ਦਸ ਗਲਾਸ ਦੁੱਧ ਤਾਂ ਪੀ ਹੀ ਜਾਂਦੇ ਸਨ। ਇਹ ਤਾਂ ਚਲੋ ਕਥਾ ਕਹਾਣੀਆਂ ਹਨ, ਮੈਂ ਆਪਣੀ ਨੌਕਰੀ ਦੌਰਾਨ ਇੱਕ ਵਿਆਕਤੀ ਨੂੰ ਐਨਾ ਰਾਸ਼ਨ ਖਾਂਦੇ ਹੋਏ ਵੇਖਿਆ ਹੈ ਕਿ ਸੂਰ ਵੀ ਸ਼ਰਮਾ ਜਾਣ। ਮੈਂ ਮਲੋਟ ਵਿਖੇ ਐੱਸ.ਪੀ. ਲੱਗਾ ਹੋਇਆ ਸੀ ਤੇ ਉਹ ਸੀ.ਐੱਮ. ਸਕਿਉਰਿਟੀ ਵਿਚ ਬਤੌਰ ਇੰਸਪੈਕਟਰ ਡਿਊਟੀ ਕਰਦਾ ਸੀ। ਉਸ ਸਮੇਂ ਦੇ ਮੁੱਖ ਮੰਤਰੀ ਸਾਹਿਬ ਦਾ ਜੱਦੀ ਜ਼ਿਲ੍ਹਾ ਹੋਣ ਕਾਰਨ ਉਹ ਮੁਕਤਸਰ ਵਿਚ ਬਹੁਤ ਆਉਂਦੇ-ਜਾਂਦੇ ਸਨ। ਦੋ-ਚਾਰ ਕਥਿਤ ਮੋਹਤਬਰਾਂ ਨੂੰ ਛੱਡ ਕੇ ਮੁਕਤਸਰ ਦੇ ਲੋਕ ਰੋਟੀ ਪਾਣੀ ਛਕਾਉਣ ਨੂੰ ਤਕੜੇ ਹਨ ਤੇ ਲੀਡਰਾਂ ਅਤੇ ਪੁਲਿਸ ਦੀ ਰੋਟੀ ਦਾ ਵਧੀਆ ਪ੍ਰਬੰਧ ਕਰਦੇ ਸਨ।

ਉਹ ਇੰਸਪੈਕਟਰ ਕੋਈ 120 ਕਿੱਲੋ ਤੋਂ ਉੱਪਰ ਹੀ ਭਾਰਾ ਸੀ ਤੇ ਲੋਕ ਪਠਾਨ ਫਿਲਮ ਨਾਲੋਂ ਵੀ ਜ਼ਿਆਦਾ ਧਿਆਨ ਨਾਲ ਉਸ ਨੂੰ ਖਾਂਦਾ ਹੋਇਆ ਵੇਖਦੇ ਸਨ। ਉਹ ਲੋਕਾਂ ਵਾਂਗ ਪਲੇਟ ਵਿਚ ਖਾਣਾ ਪਾਉਣ ਦੀ ਬਜਾਏ ਵੇਟਰ ਨੂੰ ਕਹਿ ਕੇ ਹਰੇਕ ਪਕਵਾਨ ਦਾ ਇੱਕ ਇੱਕ ਡੌਂਗਾ ਮੇਜ 'ਤੇ ਰਖਵਾ ਲੈਂਦਾ ਸੀ ਤੇ ਸਾਰੇ ਦਾ ਸਾਰਾ ਸਾਫ ਕਰ ਦੇਂਦਾ ਸੀ। ਦਿਨ ਵਿਚ ਇੱਕ ਦੋ ਵਾਰ ਨਹੀਂ, ਬਲਕਿ ਜਿੰਨੇ ਸੰਗਤ ਦਰਸ਼ਨ ਹੁੰਦੇ ਸਨ, ਉਨੀ ਵਾਰ। ਉਹ ਖੁਦ ਦੱਸਦਾ ਹੁੰਦਾ ਸੀ ਕਿ ਮੈਂ ਰਾਤ ਨੂੰ ਪੈੱਗ ਲਾਉਣ ਲੱਗਾ ਆਂਡਿਆਂ ਦੀ ਪੂਰੀ ਟਰੇਅ ਖਾ ਜਾਂਦਾ ਹਾਂ ਤੇ ਫਿਰ ਡਿਨਰ ਕਰਦਾ ਹਾਂ। ਬਠਿੰਡੇ ਵਿਖੇ ਤਾਇਨਾਤ ਇੱਕ ਅਫਸਰ ਨੇ ਉਸ ਦੀ ਇੱਕ ਕਰਤੂਤ ਸੁਣਾਈ ਸੀ। ਇੱਕ ਰਾਤ ਉਹ ਅਫਸਰ ਕਿਸੇ ਹੋਟਲ ਵਿਚ ਆਪਣੇ ਕੁਝ ਸਾਥੀਆਂ ਨਾਲ ਬੈਠਾ ਸੀ ਕਿ ਉਹ ਇੰਸਪੈਕਟਰ ਵੀ ਉਥੇ ਕਿਸੇ ਵੀ.ਆਈ.ਪੀ. ਨਾਲ ਆ ਗਿਆ। ਉਸ ਅਫਸਰ ਨਾਲ ਉਸ ਦੀ ਥੋੜ੍ਹੀ ਬਹੁਤੀ ਵਾਕਫੀ ਸੀ, ਜਿਸ ਕਾਰਨ ਬਿਨ ਬੁਲਾਏ ਉਹ ਉਸ ਦੀ ਟੇਬਲ 'ਤੇ ਆ ਬੈਠਾ ਤੇ ਪੂਰੀ ਬੇਸ਼ਰਮੀ ਨਾਲ ਖਾਣਾ-ਪੀਣਾ ਸ਼ੁਰੂ ਕਰ ਦਿੱਤਾ। ਉਸ ਨੇ ਟੇਬਲ 'ਤੇ ਪਿਆ ਸਾਰਾ ਸੋਮ ਰਸ ਅਤੇ ਖਾਣਾ ਸਾਫ ਕਰ ਦਿੱਤਾ ਤੇ ਫਿਰ ਬਿਨਾਂ ਕਿਸੇ ਨੂੰ ਪੁੱਛੇ ਇੱਕ ਦੋ ਪਕਵਾਨਾਂ ਦਾ ਹੋਰ ਆਰਡਰ ਦੇ ਦਿੱਤਾ। ਜਿਸ ਦੋਸਤ ਨੇ ਉਸ ਅਫਸਰ ਨੂੰ ਬੁਲਾਇਆ ਸੀ, ਉਸ ਨੇ ਬਿੱਲ ਵਿਚ ਚਾਰ ਗੁਣਾ ਇਜ਼ਾਫਾ ਹੁੰਦਾ ਵੇਖ ਕੇ ਵੇਟਰ ਨੂੰ ਕਹਿ ਦਿੱਤਾ ਕਿ ਇਸ ਤੋਂ ਬਾਅਦ ਜੇ ਕੋਈ ਚੀਜ਼ ਇਸ ਭੁੱਖੜ ਨੇ ਮੰਗਵਾਈ, ਤਾਂ ਉਸ ਦੇ ਪੈਸੇ ਇਹ ਹੀ ਦੇਵੇਗਾ। ਪਰ ਬੇਇੱਜ਼ਤੀ ਕਰਵਾ ਕੇ ਵੀ ਉਸ ਦੀ ਭੁੱਖ ਸ਼ਾਂਤ ਨਾ ਹੋਈ। ਪੱਲਿਉਂ ਹੋਰ ਭੋਜਨ ਮੰਗਾਉਣ ਦੀ ਬਜਾਏ ਉਸ ਨੇ ਇੱਕ ਬਹੁਤ ਹੀ ਘਟੀਆ ਹਰਕਤ ਕੀਤੀ। ਉਸ ਨੇ ਸਾਰੀਆਂ ਪਲੇਟਾਂ ਵਿਚ ਬਚਿਆ ਖੁਚਿਆ ਖਾਣਾ ਆਪਣੀ ਪਲੇਟ ਵਿਚ ਪਲਟ ਲਿਆ ਤੇ ਮੱਝ ਦੇ ਗੁਤਾਵਾ ਖਾਣ ਵਾਂਗ ਘਪਰ-ਘਪਰ ਖਾ ਗਿਆ। ਉਸ ਦੀ ਇਹ ਕਰਤੂਤ ਵੇਖ ਕੇ ਇੱਕ ਸੈਂਸਟਿਵ ਜਿਹੇ ਬੰਦੇ ਨੂੰ ਦਿਲ ਖਰਾਬ ਹੋ ਜਾਣ ਕਾਰਨ ਬਾਥਰੂਮ ਵੱਲ ਭੱਜਣਾ ਪਿਆ।

# ਵਿਸਾਖੀ ਮੇਲੇ ਦੀ ਇੱਕ ਯਾਦ

-ਪ੍ਰੋ. ਨਵ ਸੰਗੀਤ ਸਿੰਘ
-ਅਕਾਲ ਯੂਨੀਵਰਸਿਟੀ,
ਤਲਵੰਡੀ ਸਾਬੋ (ਬਠਿੰਡਾ)
94176-92015
(Punjab Mail USA)



ਇਹ ਗੱਲ ਕਰੀਬ 50 ਸਾਲ ਪੁਰਾਣੀ ਹੈ। ਅਸੀਂ ਉਦੋਂ ਗੋਨਿਆਨਾ ਮੰਡੀ (ਬਠਿੰਡਾ) ਵਿਖੇ ਰਹਿੰਦੇ ਸਾਂ। ਪਿਤਾ ਜੀ ਸਰਕਾਰੀ ਸਕੂਲ ਵਿਚ ਅਧਿਆਪਕ ਸਨ। ਮੈਂ ਚੌਥੀ ਜਮਾਤ ਵਿਚ ਅਤੇ ਮੇਰਾ ਭਰਾ ਪੰਜਵੀਂ ਵਿਚ ਪੜ੍ਹਦੇ ਸਾਂ। ਮੇਰੇ ਪਿਤਾ ਹਰ ਸਾਲ ਵਿਸਾਖੀ ਦੇ ਮੇਲੇ 'ਤੇ ਤਖ਼ਤ ਸ੍ਰੀ ਦਮਦਮਾ ਸਾਹਿਬ ਸੇਵਾ ਲਈ ਜਾਂਦੇ ਸਨ। ਉਹ ਆਪਣੇ ਨਾਲ ਸਾਨੂੰ, ਪਰਿਵਾਰ ਦੇ ਮੈਂਬਰਾਂ ਨੂੰ ਵੀ ਲੈ ਕੇ ਜਾਂਦੇ ਸਨ। ਉਨ੍ਹੀਂ ਦਿਨੀਂ ਪਿੰਡਾਂ ਤੋਂ ਲੋਕੀਂ ਸਾਈਕਲਾਂ 'ਤੇ ਮੇਲੇ ਆਇਆ ਕਰਦੇ ਸਨ। ਸਾਈਕਲ ਸੰਭਾਲਣ ਦੀ ਸੇਵਾ ਪਿਤਾ ਜੀ ਕਰਦੇ। ਉਨ੍ਹਾਂ ਦਾ ਨਾਂ ਵੀ ਸ਼੍ਰੋਮਣੀ ਕਮੇਟੀ ਦੇ ਇਸ਼ਤਿਹਾਰਾਂ ਵਿਚ ਲਿਖਿਆ ਹੁੰਦਾ ਸੀ। ਅਸੀਂ ਤਿੰਨ ਦਿਨ ਉਥੇ ਰੁਕਦੇ। ਨਾਲੇ ਦਰਸ਼ਨ ਇਸ਼ਨਾਨ ਕਰਦੇ, ਨਾਲੇ ਸੇਵਾ। ਯਾਨੀ ਨਾਲੇ ਪੁੰਨ ਨਾਲੇ ਫ਼ਲੀਆਂ। ਪਿਤਾ ਜੀ ਨੇ ਆਪਣਾ ਲਿਖਿਆ ਗੁਰੂ ਗੋਬਿੰਦ ਸਿੰਘ ਜੀ ਬਾਰੇ ਇੱਕ ਭਾਸ਼ਣ ਸਾਨੂੰ ਤਿਆਰ ਕਰਵਾਇਆ ਸੀ। ਇਹ ਭਾਸ਼ਣ ਅਸੀਂ ਇਥੇ ਤਖ਼ਤ ਸਾਹਿਬ ਵਿਖੇ ਹੋਣ ਵਾਲੇ ਸਮਾਗਮ ਵਿਚ ਪੜ੍ਹਿਆ ਕਰਦੇ ਸਾਂ। ਪਰ ਸਮਾਂ ਲੈਣ ਲਈ ਬਹੁਤ ਮਿਹਨਤ ਕਰਨੀ ਪੈਂਦੀ। ਪਿਤਾ ਜੀ ਹੀ ਸਾਨੂੰ ਸਮਾਂ ਲੈ ਕੇ ਦਿੰਦੇ ਸਨ। ਸਾਡਾ ਭਾਸ਼ਣ ਪੜ੍ਹਨ ਦਾ ਤਰੀਕਾ ਬਿਲਕੁਲ ਨਵਾਂ ਤੇ ਵੱਖਰਾ ਸੀ। ਇਸਦੀ ਇੱਕ ਪੰਕਤੀ ਮੈਂ ਤੇ ਅਗਲੀ ਪੰਕਤੀ ਮੇਰਾ ਭਰਾ ਪੜ੍ਹਦਾ। ਜ਼ੁਬਾਨੀ ਯਾਦ ਕੀਤੇ ਇਸ ਭਾਸ਼ਣ ਨੂੰ ਅਸੀਂ ਵਿਸ਼ੇਸ਼ ਸੰਕੇਤਾਂ/ਇਸ਼ਾਰਿਆਂ ਦੀ ਮਦਦ ਨਾਲ ਬੜੇ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕਰਦੇ। ਵਿੱਚ-ਵਿੱਚ ਕਵਿਤਾ ਦੀਆਂ ਪੰਕਤੀਆਂ ਨੂੰ ਅਸੀਂ ਗਾ ਕੇ ਅਤੇ ਇਕੱਠੇ ਸੁਰਤਾਲ ਨਾਲ ਸੁਣਾਉਂਦੇ। ਪੰਜ ਤੋਂ ਸੱਤ ਮਿੰਟ ਦੇ ਇਸ ਭਾਸ਼ਣ ਨੂੰ ਸੰਗਤਾਂ ਇਕਾਗਰਚਿੱਤ ਅਤੇ ਅਚੰਭੇ ਨਾਲ ਸੁਣਦੀਆਂ। ਛੋਟੀ ਉਮਰ ਦੇ ਬੱਚਿਆਂ ਵੱਲੋਂ ਬਿਨਾਂ ਝਿਜਕੇ, ਬਿਨਾਂ ਡੋਲਿਆਂ, ਬਿਨਾਂ ਭੁੱਲਿਆਂ ਪੇਸ਼ ਕੀਤਾ ਇਹ ਭਾਸ਼ਣ ਸੰਗਤ ਉੱਤੇ ਜਾਦੂਈ ਅਸਰ ਪਾਉਂਦਾ ਤੇ ਉਹ ਇਨਾਮ ਵਜੋਂ ਨੋਟਾਂ ਦਾ ਮੀਂਹ ਵਰ੍ਹਾ ਦਿੰਦੇ। ਨੋਟ ਤਾਂ ਭਾਵੇਂ ਉਦੋਂ ਦੋ-ਦੋ, ਪੰਜ-ਪੰਜ ਦੇ ਹੀ ਹੁੰਦੇ ਸਨ, ਕਦੇ ਕੋਈ ਪੰਜਾਹ ਜਾਂ ਸੌ ਦਾ ਨੋਟ ਵੀ ਇਨਾਮ ਵਜੋਂ ਦੇ ਦਿੰਦਾ। ਅੱਜ ਵੀ ਜਦੋਂ



# ਸਬਰ ਦਾ ਫਲ

## (ਮਿੰਨੀ ਕਹਾਣੀ)

ਐਡਵੋਕੇਟ ਰਵਿੰਦਰ ਸਿੰਘ ਧਾਲੀਵਾਲ
ਪੰਜਾਬ ਹਰਿਆਣਾ ਹਾਈ ਕੋਰਟ
ਚੰਡੀਗੜ੍ਹ
ਮੋਬ .78374-90309
(Punjab Mail USA)




ਬਚਨ ਸਿੰਘ ਦੀ ਉਮਰ ਦਾ ਵੱਡਾ ਹਿੱਸਾ ਭੱਠੇ 'ਤੇ ਇੱਟਾਂ ਪੱਥਦੇ ਦਾ ਲੰਘਿਆ ਤੇ ਆਪਣੇ ਲੜਕੇ ਤਾਰੀ ਨੂੰ ਵੀ ਨਾਲ ਲਗਾ ਰੱਖਿਆ। ਮਿੱਟੀ ਮੱਧਣ ਤੋਂ ਇੱਟਾਂ ਬਣਾਉਣ ਤੱਕ ਦਾ ਕੰਮ ਬੜੇ ਸਲੀਕੇ ਨਾਲ ਕਰਦੇ। ਜਿਸ ਕਰਕੇ ਆਲੇ-ਦੁਆਲੇ ਦੇ ਭੱਠਿਆਂ ਵਾਲੇ ਵੀ ਬਚਨ ਸਿਆਂ ਨੂੰ ਪਹਿਲ ਦੇ ਆਧਾਰ 'ਤੇ ਕੰਮ ਦਿੰਦੇ। ਕੰਮ ਪ੍ਰਤੀ ਈਮਾਨਦਾਰੀ ਤੇ ਦ੍ਰਿੜ੍ਹਤਾ ਕਰਕੇ ਇਲਾਕੇ ਵਿਚ ਚੰਗਾ ਨਾਂਅ ਬਣਾਇਆ। ਪਰ ਤਾਰੀ ਦੇ ਵਿਆਹ ਪਿੱਛੋਂ ਨਵੀਂ ਤਕਨੀਕਾਂ ਦੇ ਚੱਲਦਿਆਂ ਕੰਮ ਘਟਦਾ ਦੇਖ ਚਿੰਤਾ ਵਿਚ ਰਹਿਣ ਲੱਗਾ। ਤਾਰੀ ਨੂੰ ਘਰ ਦੀਆਂ ਮਜਬੂਰੀਆਂ ਕਾਰਨ ਸਕੂਲੋਂ ਹਟਾਉਣ ਅਤੇ ਹੱਥੀਂ ਕੰਮ ਨਾ ਸਿਖਾਉਣ ਦਾ ਝੋਰਾ ਵੱਢ-ਵੱਢ ਖਾਂਦਾ। ਇਹ ਦੁੱਖ ਤਾਰੀ ਦੇ ਜਵਾਨ ਹੋ ਰਹੇ ਮੁੰਡੇ ਕਰਮੇ ਨੂੰ ਦੇਖ ਹੋਰ ਵੱਡਾ ਹੋ ਗਿਆ, ਜੋ ਪੜ੍ਹਾਈ ਵਿਚ ਬਹੁਤ ਹੁਸ਼ਿਆਰ ਤੇ ਬਾਰ੍ਹਵੀਂ ਵਿਚੋ ਚੰਗੇ ਨੰਬਰਾਂ ਨਾਲ ਪਾਸ ਹੋਇਆ। ਭਾਵੇਂ ਤਾਰੀ ਨੇ ਕਰਮੇ ਦੀ ਅੱਗੇ ਪੜ੍ਹਨ ਵਾਲੀ ਇੱਛਾ ਮਨ ਵਿਚ ਹੀ ਦਬਾ ਲਈ। ਪਰ ਬਚਨਾਂ ਪੁੱਤ ਦੀ ਤਰੱਕੀ ਪੋਤੇ ਰਾਹੀ ਦੇਖਣ ਲ਼ੱਗਾ। ਕਰਮੇ ਵਿਚੋ ਪਰਿਵਾਰਕ ਸੰਸਕਾਰ ਝਲਕ ਰਹੇ ਸਨ। ਕਾਲਜ ਪੜ੍ਹਦਿਆਂ ਵੀ ਦਾਦੇ ਜਾਂ ਪਿਤਾ ਨੂੰ ਕਦੇ ਵੀ ਭੱਠੇ ਦੇ ਕੰਮ ਨੂੰ ਜਵਾਬ ਨਹੀਂ ਸੀ ਦਿੱਤਾ। ਔਕੜਾਂ ਔੜਾ ਵਿਚੋਂ ਲੰਘਦੇ ਪੜ੍ਹਾਈ ਜਾਰੀ ਰੱਖੀ। ਦਾਦਾ ਪੋਤੇ ਦੀ ਪੜ੍ਹਾਈ ਸਿਰੇ ਲੱਗਣ 'ਤੇ ਬਹੁਤ ਖੁਸ਼ ਸੀ। ਕਾਲਜ ਖਤਮ ਹੋਣ 'ਤੇ ਕਰਮਾ ਭੱਠੇ 'ਤੇ ਆਉਣ ਲੱਗਾ। ਭੱਠੇ ਦੇ ਮਾਲਕ ਦਾ ਮੁੰਡਾ ਸ਼ਕਾਲਰਸਿਪ ਦੇ ਪੇਪਰ ਪਾਸ ਅਮਰੀਕਾ ਪੜ੍ਹਨ ਚਲਾ ਗਿਆ। ਜੋ ਵਿਹਲ ਵਿਚ ਭੱਠਾ ਦਾ ਕੰਮ ਦੇਖਦਾ ਸੀ। ਹੁਣ ਭੱਠੇ ਦਾ ਮਾਲਕ ਖੁਦ ਕੰਮ-ਕਾਰ ਦੇਖਦਾ। ਦੋ-ਤਿੰਨ ਦਿਨਾਂ ਤੋਂ ਬਚਨੇ ਨਾਲ ਆ ਰਹੇ ਕਰਮੇ ਨੂੰ ਘੋਖਦਾ ਰਿਹਾ। ਇਕੱਗਰਤਾ ਤੇ ਠਰੰਮੇ ਨਾਲ ਕੰਮ ਕਰਦਿਆਂ ਦੇਖ ਬਚਨੇ ਨੂੰ ਲੜਕੇ ਬਾਰੇ ਪੁੱਛਣ ਰਿਹਾ ਨਾ ਗਿਆ। ਬਚਨੇ ਨੇ ਆਪਣੇ ਹੋਣਹਾਰ ਪੋਤੇ ਬਾਰੇ ਵਿਸਥਾਰ ਵਿਚ ਦੱਸਿਆ। ਸੇਠ ਨੂੰ ਆਪਣੇ ਪਿਤਾ ਵਲੋ ਦੱਸੇ ਦਾਦੇ ਨਾਲ ਭੱਠਾ ਸ਼ੁਰੂ ਕਰਨ ਦੇ ਦਿਨ ਯਾਦ ਆ ਗਏ। ਕਿਵੇਂ ਦੋਵਾਂ ਨੇ ਮਿੱਟੀ ਨਾਲ ਮਿੱਟੀ ਹੋ ਕੇ ਇਥੇ ਤੱਕ ਪਹੁਚੇ। ਜਿਸ ਕਰਕੇ ਇਹ ਪਰਿਵਾਰ ਮਿਹਨਤ ਕਰਨ ਵਾਲਿਆਂ ਦੀ ਮਦਦ ਕਰਨਾ ਆਪਣਾ ਧਰਮ ਸਮਝਦੇ।

ਅਚਾਨਕ ਇਕ ਦਿਨ ਭੱਠੇ ਦੇ ਮਾਲਕ ਨੇ ਕਰਮੇ ਨੂੰ ਗੱਲੀਬਾਤੀਂ ਟੋਹਣ ਦੀ ਕੋਸ਼ਿਸ਼ ਕੀਤੀ, ਇੰਨੀਆਂ ਮੁਸ਼ਕਲਾਂ ਤੇ ਸਹੂਲਤਾਂ ਤੋਂ ਬਿਨਾ ਪੜ੍ਹਨ ਦਾ ਜਜ਼ਬਾ ਚਰਮ ਸੀਮਾ 'ਤੇ ਸੀ। ਭੱਠੇ ਦੇ ਮਾਲਕ ਵਲੋਂ ਸਰਕਾਰੀ ਨੌਕਰੀ ਦੇ ਇਮਤਿਹਾਨਾਂ ਦੀ ਤਿਆਰੀ ਲਈ ਹੁੰਗਾਰਾ ਭਰ ਦਿੱਤਾ। ਇਹ ਸੁਣ ਬਚਨੇ ਦੇ ਸੁਪਨਿਆਂ ਨੂੰ ਖੰਭ ਮਿਲ ਗਏ। ਵੱਡੇ ਸ਼ਹਿਰ ਵਿਚ ਸੇਠ ਵਲੋਂ ਉਸਦੀ ਪੜ੍ਹਾਈ ਅਤੇ ਰਹਿਣ ਦਾ ਬੰਦੋਬਸਤ ਕਰ ਦਿੱਤਾ ਗਿਆ। ਸਾਲ ਭਰ ਦੀ ਘਾਲਣਾ ਪਿੱਛੋਂ ਬਚਨੇ ਦਾ ਪੋਤਾ ਫੂਡ ਇੰਸਪੈਕਟਰ ਦਾ ਇਮਤਿਹਾਨ ਪਾਸ ਕਰ ਸਰਕਾਰੀ ਅਫ਼ਸਰ ਬਣ ਗਿਆ। ਮਜ਼ਦੂਰ ਪਰਿਵਾਰ ਦੀ ਮਿਹਨਤ ਔਕੜਾਂ ਵਿਚ ਕਰਮਾ ਤਰਾਸ਼ੇ ਹੀਰੇ ਵਾਂਗ ਚਮਕ ਰਿਹਾ ਸੀ। ਉਸਦੀ ਤਰੱਕੀ ਦੀ ਲੋਅ ਕਰਕੇ ਪੂਰਾ ਇਲਾਕੇ ਦੇ ਲੋਕ ਵਧਾਈਆਂ ਦੇ ਰਹੇ ਸਨ। ਬਚਨੇ ਤੇ ਤਾਰੀ ਵਲੋਂ ਕੀਤੀ ਉਮਰਾਂ ਦੀ ਮਿਹਨਤ ਤੇ ਇਮਾਨਦਾਰੀ ਦਾ ਕੱਦ ਹੋਰ ਉੱਚਾ ਹੋ ਗਿਆ। ਸਵੇਰੇ ਭੱਠੇ 'ਤੇ ਜਾਣ ਲੱਗਿਆਂ ਮਿਲੇ ਸਬਰ ਦੇ ਫਲ ਕਰਕੇ ਫਖਰ ਮਹਿਸੂਸ ਕਰ ਰਹੇ ਸਨ।

# ਪੰਛੀਆਂ ਦੇ ਪ੍ਰੇਮੀ ਸੰਦੀਪ ਧੌਲਾ, ਜਿਨ੍ਹਾਂ ਸਦਕਾ ਹੁਣ ਤੱਕ ਪੰਛੀਆਂ ਨੂੰ ਮਿਲੇ 40 ਹਜ਼ਾਰ ਤੋਂ ਵੀ ਵੱਧ ਘਰ

-ਬਲਦੇਵ ਸਿੰਘ ਬੇਦੀ
ਜਲੰਧਰ
90419-25181
(Punjab Mail USA)









ਪੰਛੀਆ ਦਾ ਨਾਂ ਸੁਣਦਿਆਂ ਹੀ ਮਨ ਵਿਚ ਇੱਕ ਵਖਰਾ ਹੀ ਉਤਸ਼ਾਹ ਪੈਦਾ ਹੁੰਦਾ ਹੈ, ਜਿਸ ਨੂੰ ਸਿਰਫ਼ ਉਹ ਲੋਕ ਚੰਗੀ ਤਰ੍ਹਾਂ ਸਮਝ ਸਕਦੇ ਹਨ, ਜਿਨ੍ਹਾਂ ਨੇ ਪੰਛੀਆਂ ਨੂੰ ਦੇਖਣ ਦਾ ਆਨੰਦ ਲਿਆ ਹੋਵੇ। ਇਹ ਇੱਕ ਅਜਿਹਾ ਸ਼ੌਕ ਹੈ, ਜੋ ਮਨ ਨੂੰ ਸੰਸਾਰਿਕ ਮੋਹ ਮਾਇਆ ਤੋਂ ਦੂਰ ਕਰਕੇ ਨਾ ਸਿਰਫ਼ ਸ਼ਾਂਤੀ ਪ੍ਰਦਾਨ ਕਰਦਾ ਹੈ, ਸਗੋਂ ਮਨੁੱਖ ਨੂੰ ਕੁਦਰਤ ਦੇ ਨੇੜੇ ਵੀ ਲਿਆਉਂਦਾ ਹੈ। ਇਸ ਸ਼ੌਕ ਨਾਲ ਜੁੜਨ 'ਤੇ ਸਾਨੂੰ ਆਪਣੇ ਆਲੇ-ਦੁਆਲੇ ਪੰਛੀਆਂ ਦੀਆਂ ਵੱਖੋ-ਵੱਖ ਅਵਾਜ਼ਾਂ ਸੁਣਨ ਦਾ ਮੌਕਾ ਵੀ ਮਿਲਦਾ ਹੈ। ਕਿਉਂਕਿ ਇਹ ਅਵਾਜ਼ਾਂ ਵੀ ਸਾਡੇ ਸਮਾਜ ਦਾ ਹੀ ਇਕ ਅਹਿਮ ਹਿੱਸਾ ਹਨ। ਇਨ੍ਹਾਂ ਦੇ ਦਿਲ ਸੱਚੇ ਹੁੰਦੇ ਹਨ ਅਤੇ ਉਨ੍ਹਾਂ ਨੂੰ ਵੀ ਪਿਆਰ ਦੀ ਲੋੜ ਹੁੰਦੀ ਹੈ। ਜਿੰਨਾ ਵੱਧ ਅਸੀਂ ਇਨ੍ਹਾਂ ਨੂੰ ਪਿਆਰ ਕਰਾਂਗੇ, ਉਸ ਤੋਂ ਕਿਤੇ ਵੱਧ ਇਹ ਸਾਨੂੰ ਪਿਆਰ ਕਰਨਗੇ।

ਵਾਤਾਵਰਨ ਨੂੰ ਸੰਤੁਲਿਤ ਰੱਖਣ ਲਈ ਰੁੱਖਾਂ ਅਤੇ ਪੌਦਿਆਂ ਤੋਂ ਇਲਾਵਾ ਪੰਛੀਆਂ ਦੀ ਭੂਮਿਕਾ ਵੀ ਮਹੱਤਵਪੂਰਨ ਹੈ। ਮਨੁੱਖੀ ਦਖਲਅੰਦਾਜ਼ੀ ਕਾਰਨ ਇਨ੍ਹਾਂ ਦੀ ਗਿਣਤੀ ਲਗਾਤਾਰ ਘਟਦੀ ਜਾ ਰਹੀ ਹੈ। ਮਨੁੱਖ ਆਪਣੇ ਸੁਆਰਥ ਵਿਚ ਇੰਨਾ ਅੰਨ੍ਹਾ ਹੋ ਗਿਆ ਹੈ ਕਿ ਉਸ ਨੂੰ ਆਪਣੇ ਫਾਇਦੇ ਤੋਂ ਇਲਾਵਾ ਹੋਰ ਕੁਝ ਨਹੀਂ ਦਿੱਸਦਾ। ਮਨੁੱਖ ਆਪਣੇ ਸਵਾਰਥ ਲਈ ਕੁਦਰਤ ਨਾਲ ਲਗਾਤਾਰ ਛੇੜਛਾੜ ਕਰ ਰਿਹਾ ਹੈ ਅਤੇ ਜਿਸ ਦੇ ਮਾੜੇ ਪ੍ਰਭਾਵ ਵੀ ਦੇਖਣ ਨੂੰ ਮਿਲ ਰਹੇ ਹਨ। ਜਦੋਂ ਸਾਡੇ ਘਰ ਕੱਚੇ ਹੁੰਦੇ ਸਨ, ਘਰਾਂ ਦੀਆਂ ਛੱਤਾਂ ਬਾਲਿਆਂ ਦੀਆਂ ਹੁੰਦੀਆਂ ਸਨ। ਵੇਹੜੇ 'ਚ ਨਿੰਮ, ਤੂਤ, ਡੇਕ, ਟਾਲੀ ਜਿਹੇ ਦੇਸੀ ਦਰੱਖਤ ਲੱਗੇ ਹੁੰਦੇ ਸਨ, ਜਿਨ੍ਹਾਂ ਅੰਦਰ ਅਕਸਰ ਇਹ ਪੰਛੀ ਆਪਣੇ ਆਲ੍ਹਣੇ ਪਾ ਕੇ ਰਹਿੰਦੇ ਸਨ ਪਰ ਜਿਉਂ-ਜਿਉਂ ਸਾਡੇ ਘਰ ਕੋਠੀਆਂ ਦੇ ਰੂਪ ਵਿਚ ਤਬਦੀਲ ਹੋ ਗਏ, ਪੁਰਾਣੇ ਘਰਾਂ ਵਿਚਲੇ ਬਾਲਿਆਂ ਦੀਆਂ ਕੱਚੀਆਂ ਛੱਤਾਂ ਦੇ ਨਾਲ-ਨਾਲ ਇਨ੍ਹਾਂ ਦੇ ਘਰ ਵੀ ਚਲੇ ਗਏ। ਕੀਟਨਾਸ਼ਕਾਂ ਦੀ ਵਧਦੀ ਵਰਤੋਂ ਕਾਰਨ ਜਿੱਥੇ ਪੰਛੀਆਂ ਦੀ ਗਿਣਤੀ ਲਗਾਤਾਰ ਘੱਟ ਰਹੀ ਹੈ, ਅਤੇ ਕੁਝ ਨਸਲਾਂ ਖ਼ਤਮ ਹੋਣ ਦੀ ਕਗਾਰ 'ਤੇ ਵੀ ਪਹੁੰਚ ਗਈਆਂ। ਹੁਣ ਸਾਨੂੰ ਆਪਣੇ ਆਲੇ-ਦੁਆਲੇ ਇਨ੍ਹਾਂ ਪੰਛੀਆਂ ਦੀਆਂ ਉਹ ਆਵਾਜ਼ਾਂ ਸੁਣਨ ਨੂੰ ਨਹੀਂ ਮਿਲਦੀਆਂ, ਜਿਨ੍ਹਾਂ ਨਾਲ ਸਾਡੀ ਸਵੇਰ ਦੀ ਅੱਖ ਖੁੱਲਦੀ ਸੀ।

ਸਾਡੀ ਵੀ ਹੁਣ ਇਹ ਜ਼ਿੰਮੇਵਾਰੀ ਬਣਦੀ ਹੈ ਕਿ ਅਸੀ ਇਨ੍ਹਾਂ ਪੰਛੀਆਂ ਦੀਆਂ ਨਸਲਾਂ ਨੂੰ ਬਚਾਈਏ, ਇਨ੍ਹਾਂ ਨੂੰ ਮੁੜ ਸੁਰਜੀਤ ਕਰੀਏ। ਪਰ ਇਨ੍ਹਾਂ ਗੱਲਾਂ ਨੂੰ ਕੇਵਲ ਉਹੀ ਮਨੁੱਖ ਸਮਝ ਸਕਦਾ ਹੈ, ਜਿਨ੍ਹਾਂ ਨੂੰ ਇਨ੍ਹਾਂ ਨਾਲ ਮੋਹ ਅਤੇ ਪਿਆਰ ਹੋਵੇ।

ਇਨ੍ਹਾਂ ਪੰਛੀਆਂ ਦੇ ਮੁੜ ਰੈਣ-ਬਸੇਰੇ ਲਈ ਬਹੁਤ ਹੀ ਸ਼ਲਾਘਾਯੋਗ ਉਪਰਾਲਾ ਕੀਤਾ ਹੈ ਬਰਨਾਲੇ ਜ਼ਿਲ੍ਹੇ ਵਿਚ ਪੈਂਦੇ ਪਿੰਡ ਧੌਲਾ ਨਿਵਾਸੀ ਸੰਦੀਪ ਧੌਲਾ ਨੇ। 40 ਕੁ ਸਾਲਾਂ ਇਸ ਨੌਜਵਾਨ ਦੇ ਉਦਮ ਸਦਕਾ 2008 ਤੋਂ ਬਰਨਾਲੇ ਦੇ ਵੱਖੋ-ਵੱਖ ਪਿੰਡਾਂ, ਕਸਬਿਆਂ ਵਿਚ ਤਕਰੀਬਨ ਕੋਈ 40 ਕੁ ਹਜ਼ਾਰ ਘਰ ਪੰਛੀਆਂ ਲਈ ਲਗਾਏ ਗਏ ਹਨ। ਬੀਤੇ ਦਿਨੀਂ 20 ਮਾਰਚ ਨੂੰ ਮਨਾਏ ਗਏ ਚਿੜੀ ਦਿਵਸ ਦੇ ਮੌਕੇ 'ਤੇ ਇਨ੍ਹਾਂ ਦੀ ਟੀਮ ਵਲੋਂ ਇੱਕੋ ਹੀ ਦਿਨ ਵਿਚ ਕੋਈ 3000 ਹਜ਼ਾਰ ਪੰਛੀਆਂ ਲਈ ਘਰ ਟੰਗੇ ਗਏ।

ਹੋਈ ਗੱਲਬਾਤ ਦੌਰਾਨ ਸੰਦੀਪ ਧੌਲਾ ਨੇ ਦੱਸਿਆ ਕਿ ਇਸ ਧਰਤੀ 'ਤੇ ਹਰੇਕ ਜੀਵ ਦਾ ਓਨਾਂ ਹੀ ਅਧੀਕਾਰ ਹੈ, ਜਿੰਨਾ ਮਨੁੱਖ ਦਾ, ਪਰ ਅਸੀਂ ਆਪਣੇ ਸਵਾਰਥ ਲਈ ਇਨ੍ਹਾਂ ਪੰਛੀਆਂ ਨੂੰ ਘਰ ਬਣਾਉਣ ਲਈ ਕੋਈ ਜਗ੍ਹਾ ਨਹੀਂ ਦਿੱਤੀ, ਜਿੱਥੇ ਕਿ ਇਹ ਆਪਣਾ ਆਲ੍ਹਣਾ ਬਣਾ ਸਕਣ। ਸੋ ਅਸੀਂ ਆਪਣੀ ਟੀਮ ਨਾਲ ਮਿਲਕੇ ਪੰਛੀਆਂ ਦੀ ਏਸੇ ਲੋੜ ਨੂੰ ਧਿਆਨ 'ਚ ਰੱਖਦੇ ਹੋਏ ਇਨ੍ਹਾਂ ਲਈ ਲਕੜੀ ਦੇ ਘਰ ਬਣਾਕੇ ਘਰਾਂ ਦੀਆਂ ਛੱਤਾਂ ਹੇਠ, ਛੇਡਾਂ ਥੱਲੇ, ਖੰਬਿਆਂ ਉਤੇ, ਦੀਵਾਰਾਂ ਉਪਰ ਤੋ ਇਲਾਵਾ ਵੱਖ-ਵੱਖ ਤਰ੍ਹਾਂ ਦੀਆਂ ਵੇਲਾਂ ਦੇ ਵਿਚ ਟੰਗੇ ਹਨ। ਜਿਨ੍ਹਾਂ ਦੇ ਵਿਚ ਪੰਛੀ ਆਪਣੇ ਆਲ੍ਹਣੇ ਖ਼ੁਦ ਤਿਆਰ ਕਰ ਆਪਣੇ ਬੱਚੇ ਪੈਦਾ ਕਰਦੇ ਹਨ ਅਤੇ ਆਪਣੀ ਨਸਲਾਂ ਨੂੰ ਅੱਗੇ ਵਧਾਉਂਦੇ ਹਨ।

ਇੱਥੇ ਇਹ ਵੀ ਗੱਲ ਜ਼ਿਕਰਯੋਗ ਹੈ ਕਿ ਸੰਦੀਪ ਧੌਲਾ ਨੇ ਪੰਛੀਆਂ ਦੇ ਆਲ੍ਹਣੇ ਟੰਗਣ ਤੋਂ ਇਲਾਵਾ ਆਪਣੇ ਆਲੇ-ਦੁਆਲੇ ਨੂੰ ਖੁਸ਼ਹਾਲ ਅਤੇ ਹਰਿਆ-ਭਰਿਆ ਬਣਾਉਣ ਲਈ ਕੋਈ 20000 ਤੋਂ ਵੀ ਵੱਧ ਦਰੱਖਤ ਵੀ ਲਗਾਏ ਹਨ, ਜਿਨ੍ਹਾਂ ਨੂੰ ਇਨ੍ਹਾਂ ਦੀ ਟੀਮ ਵਲੋਂ ਪਾਣੀ ਅਤੇ ਸਮੇਂ ਮੁਤਾਬਿਕ ਖਾਦ ਆਦਿ ਵੀ ਪਾਈ ਜਾਂਦੀ ਹੈ।

ਪੰਛੀਆਂ, ਦਰੱਖਤਾਂ ਅਤੇ ਵਾਤਾਵਰਣ ਨੂੰ ਪਿਆਰ ਕਰਨ ਵਾਲੇ ਸੰਦੀਪ ਧੌਲਾ ਦੀ ਪੰਛੀ ਪ੍ਰੇਮੀ ਸੋਸਾਇਟੀ ਬਰਨਾਲਾ ਨੂੰ ਵੱਖੋ-ਵੱਖ ਮੌਕੇ ਦੀਆ ਸਰਕਾਰਾਂ ਵੱਲੋਂ ਕਈ ਵਾਰ ਮਾਣ-ਸਨਮਾਣ ਵੀ ਮਿਲਿਆ। ਇਸ ਤੋਂ ਇਲਾਵਾ ਇਸ ਸੋਸਾਇਟੀ ਨੂੰ ਸਮਾਜ ਅਤੇ ਵਾਤਾਵਰਨ ਦੇਖ-ਰੇਖ ਸੰਬੰਧੀ ਕੰਮ ਕਰਨ ਲਈ ਕਈ ਐਵਾਰਡ ਵੀ ਮਿਲੇ। ਇਸ ਸੰਬੰਧੀ ਹੋਰ ਉਪਰਾਲਿਆਂ ਬਾਰੇ ਉਨ੍ਹਾਂ ਦੱਸਿਆ ਕਿ ਮੇਰੇ ਵਲੋਂ ਇੱਕਲੇ ਹੀ ਕੀਤੇ ਇਸ ਉਪਰਾਲੇ ਨਾਲ ਅੱਜ ਮੈਨੂੰ ਸੈਂਕੜੇ ਲੋਕਾਂ ਦਾ ਸਹਿਯੋਗ ਹੈ। ਲੋਕ ਵੱਧ-ਚੜ੍ਹ ਕੇ ਸਾਡੀ ਇਸ ਸੋਸਾਇਟੀ ਨੂੰ ਯੋਗਦਾਨ ਦੇ ਰਹੇ ਹਨ। ਸਾਡੇ ਵਲੋਂ ਕੀਤੇ ਇਸ ਉਪਰਾਲੇ ਨੂੰ ਵੇਖਕੇ ਪਿੰਡਾ, ਸ਼ਹਿਰਾਂ ਤੋਂ ਇਲਾਵਾ ਦੇਸ਼-ਵਿਦੇਸ਼ ਵਿਚ ਵੀ ਇਸ ਮੁਹਿੰਮ ਨੂੰ ਚਲਾਇਆ ਜਾ ਰਿਹਾ ਹੈ।

ਡੇਅਰੀ ਫ਼ਾਰਮਿੰਗ ਦਾ ਕੰਮ ਕਰਨ ਵਾਲੇ ਸੰਦੀਪ ਧੌਲਾ ਨੇ ਐੱਮ.ਬੀ.ਏ. ਅਤੇ ਐੱਮ.ਸੀ.ਏ. ਦੀ ਡਿਗਰੀ ਵੀ ਹਾਸਲ ਕੀਤੀ ਹੈ। ਆਪਣੇ ਵਲੋਂ ਦਿੱਤੇ ਇੱਕ ਸੁਨੇਹੇ ਵਿਚ ਉਨ੍ਹਾਂ ਦੱਸਿਆ ਕਿ ਇਨ੍ਹਾਂ ਪੰਛੀਆਂ ਦੇ ਰੈਣ-ਬਸੇਰੇ ਖਤਮ ਕਰਨ 'ਚ ਸਾਡੇ ਲੋਕਾਂ ਦਾ ਹੀ ਹੱਥ ਹੈ ਅਤੇ ਹੁਣ ਸਾਡਾ ਹੀ ਫ਼ਰਜ਼ ਬਣਦਾ ਹੈ ਕਿ ਅਸੀਂ ਹੀ ਇਨ੍ਹਾਂ ਪੰਛੀਆਂ ਦੇ ਮੁੜ ਵਸੇਬੇ ਲਈ ਕੋਈ ਨਾ ਕੋਈ ਯਤਨ ਕਰੀਏ, ਚਾਹੇ ਅਸੀਂ ਆਲ੍ਹਣੇ ਟੰਗੀਏ, ਘਰਾਂ ਦੀਆਂ ਛੱਤਾਂ 'ਤੇ ਪਾਣੀ ਵਾਲੇ ਕੁੱਜੇ ਰੱਖੀਏ ਜਾਂ ਫੇਰ ਇਨ੍ਹਾਂ ਪੰਛੀਆਂ ਲਈ ਖਾਣ ਲਈ ਚੋਗੇ ਆਦਿ ਦਾ ਪ੍ਰਬੰਧ ਕਰੀਏ।

---

# ਕੀ ਹੋਵੇਗਾ ਪੰਜਾਬ ਦੇ ਕਾਲਜਾਂ ਅਤੇ ਯੂਨੀਵਰਸਿਟੀਆਂ ਦਾ ਭਵਿੱਖ

ਹਰਕੀਰਤ ਕੌਰ
97791-18066
(Punjab Mail USA




ਨੈਲਸਨ ਮੰਡੇਲਾ ਦਾ ਕਹਿਣਾ ਹੈ ਕਿ "ਸਿੱਖਿਆ ਇਕ ਸਭ ਤੋਂ ਸ਼ਕਤੀਸ਼ਾਲੀ ਹਥਿਆਰ ਹੈ, ਜੋ ਵਿਸ਼ਵ ਨੂੰ ਬਦਲਣ ਲਈ ਮੌਜੂਦ ਹੈ"। ਉਨ੍ਹਾਂ ਦਾ ਇਹ ਕਹਿਣਾ ਬਿਲਕੁਲ ਸਹੀ ਹੈ। ਸਿੱਖਿਆ ਮਨੁੱਖੀ ਜੀਵਨ ਨੂੰ ਸੇਧ ਦੇਣ ਦਾ ਇੱਕ ਮਾਤਰ ਰਸਤਾ ਹੈ।

ਸਿੱਖਿਆ ਇੱਕ ਚੰਗਾ ਮਨੁੱਖ ਅਤੇ ਸਮਾਜ ਸਿਰਜਣ ਦੀ ਨੀਂਹ ਹੈ ਅਤੇ ਤਰੱਕੀ ਦਾ ਆਧਾਰ ਹੈ। ਦੁਨੀਆਂ ਦੇ ਮਹਾਨ ਚਿੰਤਕਾਂ ਅਤੇ ਮਨੁੱਖ ਜਾਤੀ ਦੇ ਇਤਿਹਾਸ ਦੇ ਸਭ ਤੋਂ ਉੱਤਮ ਮਨਾਂ ਨੇ ਆਜ਼ਾਦੀ ਪ੍ਰਾਪਤ ਕਰਨ ਲਈ ਸਿੱਖਿਆ ਦੀ ਮਹੱਤਤਾ ਦੀ ਗੱਲ ਕੀਤੀ ਹੈ।

ਪੁਰਾਤਨ ਸਮਿਆਂ ਵਿਚ ਸਿੱਖਿਆ ਦੇ ਸਾਧਨ ਬਹੁਤ ਘੱਟ ਸਨ। ਕੁਝ ਖਾਸ ਘਰਾਣਿਆਂ ਦੇ ਬੱਚੇ ਜਾਂ ਜਾਤਾਂ ਦੇ ਬੱਚੇ ਹੀ ਸਿੱਖਿਆ ਹਾਸਿਲ ਕਰ ਸਕਦੇ ਸਨ। ਸਮਾਂ ਬੀਤਿਆ ਅਤੇ ਸਮਾਜ ਸੁਧਾਰਕਾਂ ਨੇ ਸਿੱਖਿਆ ਪ੍ਰਾਪਤ ਕਰਨ ਨੂੰ ਹਰ ਮਨੁੱਖ ਦਾ ਮੁੱਢਲਾ ਅਧਿਕਾਰ ਦੱਸਿਆ। ਹੌਲੀ-ਹੌਲੀ ਲੋਕਾਂ ਨੇ ਆਪਣੇ ਲੜਕਿਆਂ ਦੀ ਸਿੱਖਿਆ ਵੱਲ ਧਿਆਨ ਦੇਣਾ ਸ਼ੁਰੂ ਕੀਤਾ, ਪਰ ਲੜਕੀਆਂ, ਔਰਤ ਵਰਗ ਇਸ ਸਹੂਲਤ ਤੋਂ ਫਿਰ ਵੀ ਵਾਂਝਾ ਰਹਿ ਗਿਆ। ਸਮੇਂ ਵਿਚ ਹੋਰ ਪਰਿਵਰਤਨ ਹੋਇਆ, ਸਮਾਜ ਸੁਧਾਰਕਾਂ ਨੇ ਔਰਤਾਂ ਨੂੰ ਸਿੱਖਿਆ ਦੇਣ ਲਈ ਲੋਕਾਂ ਨੂੰ ਜਾਗਰੁਕ ਕੀਤਾ ਅਤੇ ਔਰਤਾਂ ਦੀ ਸਿੱਖਿਆ ਦੀ ਵਿਵਸਥਾ ਵੀ ਕੀਤੀ ਜਾਣ ਲੱਗੀ। ਇਸ ਤਰ੍ਹਾਂ ਸਮਾਂ ਆਪਣੀ ਚਾਲੇ ਚੱਲਦਾ ਰਿਹਾ ਤੇ ਅਸੀਂ ਇੱਕਵੀਂ ਸਦੀ ਵਿਚ ਪ੍ਰਵੇਸ਼ ਕੀਤਾ, ਜਿੱਥੇ ਸਿੱਖਿਆ ਦੀ ਸਹੂਲਤ ਹਰ ਤਰ੍ਹਾਂ ਦੀ ਬੰਦਿਸ਼ ਨੂੰ ਤੋੜਦੀ ਹੋਈ ਲੜਕੇ, ਲੜਕੀਆਂ, ਹਰ ਵਰਗ ਦੇ ਲੋਕਾਂ ਤੱਕ ਪੰਹੁਚੀ।

ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ ਦਾ ਨਿਰਮਾਣ ਹੋਣ ਲੱਗਾ ਤੇ ਕਈ ਨਿੱਜੀ ਅਤੇ ਸਰਕਾਰੀ ਸਿੱਖਿਆ ਦੇ ਅਦਾਰਿਆਂ ਦਾ ਨਿਰਮਾਣ ਹੋਇਆ। ਅੱਜ ਪੰਜਾਬ ਵਿਚ ਕੁੱਲ 1053 ਕਾਲਜ ਹਨ, 29 ਯੂਨੀਵਰਸਿਟੀਆਂ ਹਨ, ਜਿਨ੍ਹਾਂ ਵਿਚੋਂ 13 ਸਰਕਾਰੀ ਅਤੇ 16 ਪ੍ਰਾਈਵੇਟ ਯੂਨੀਵਰਸਿਟੀਆਂ ਹਨ। ਤਕਰੀਬਨ ਅੱਜ ਤੋਂ ਦੱਸ ਪੰਦਰਾਂ ਸਾਲ ਪਹਿਲਾਂ ਇਨ੍ਹਾਂ ਕਾਲਜਾਂ, ਯੂਨੀਵਰਸਿਟੀਆਂ ਵਿਚ ਦਾਖਲਾ ਲੈਣ ਲਈ ਵਿਦਿਆਰਥੀ ਕਈ ਤਰ੍ਹਾਂ ਦੇ ਟੈਸਟਾਂ ਦੀਆਂ ਤਿਆਰੀਆਂ ਕਰਦੇ ਸਨ, ਕੋਚਿੰਗ ਸੈਂਟਰਾਂ ਵਿਚ ਦਾਖਲਾ ਲੈ ਵਧੀਆ ਕਾਲਜਾਂ ਜਾਂ ਯੂਨੀਵਰਸਿਟੀ ਵਿਚ ਸੀਟ ਲੈਣ ਲਈ ਆਪਣੀ ਤਿਆਰੀ ਕਰਦੇ, ਪਰ ਅੱਜ ਪੰਜਾਬ ਵਿਚ ਉੱਚ ਵਿੱਦਿਆ ਦਾ ਢਾਂਚਾ ਬਹੁਤ ਹੀ ਤਰਸਯੋਗ ਹਾਲਤ ਵਿਚ ਹੈ। ਜਦੋਂ ਦੇ ਪੰਜਾਬੀ ਵਿਦਿਆਰਥੀਆਂ ਨੇ ਵਿਦੇਸ਼ਾਂ ਵੱਲ ਨੂੰ ਵਹੀਰਾਂ ਘੱਤਣੀਆਂ ਸ਼ੁਰੂ ਕੀਤੀਆਂ ਹਨ, ਉਦੋਂ ਤੋਂ ਪੰਜਾਬ ਦੇ ਕਾਲਜਾਂ, ਯੂਨੀਵਰਸਿਟੀਆਂ ਵਿਚ ਵਿਦਿਆਰਥੀਆਂ ਦੀ ਗਿਣਤੀ ਬਹੁਤ ਘੱਟ ਗਈ ਹੈ। ਪੰਜਾਬ ਦੇ 1053 ਕਾਲਜਾਂ ਵਿਚੋਂ ਤਕਰੀਬਨ 155 ਕਾਲਜ ਇੰਜੀਨੀਅਰਿੰਗ ਦੇ ਕਾਲਜ ਹਨ। ਸੰਨ 2000 ਦੀ ਸ਼ੁਰੂਆਤ ਵਿਚ ਇੰਜੀਨੀਅਰਿੰਗ ਦੀ ਪੜ੍ਹਾਈ ਦਾ ਯੁੱਗ ਆਇਆ। ਪਰ ਇਹ ਸਿਰਫ਼ 10 ਕੁ ਸਾਲ ਹੀ ਚੱਲਿਆ। ਅੱਜ ਇੰਜੀਨੀਅਰਿੰਗ ਕਾਲਜ ਦੇ ਨਾਲ ਬਹੁਤ ਸਾਰੇ ਕਾਲਜ ਅਤੇ ਯੂਨੀਵਰਸਿਟੀਆਂ ਵਿਦਿਆਰਥੀਆਂ ਦੀ ਗਿਣਤੀ ਨਾ ਹੋਣ ਕਾਰਨ ਬੰਦ ਹੋ ਚੁੱਕੇ ਹਨ ਅਤੇ ਕੁਝ ਹੋਣ ਦੀ ਕਗਾਰ 'ਤੇ ਹਨ।



ਪਾਰਲੀਮੈਂਟ ਵਿਚ ਪੇਸ਼ ਕੀਤੀ ਗਈ ਇੱਕ ਰੀਪੋਰਟ ਦੇ ਅਨੁਸਾਰ ਸਾਲ 2022 ਵਿਚ 7.5 ਲੱਖ ਵਿਦਿਆਰਥੀਆਂ ਨੇ ਭਾਰਤ ਛੱਡਿਆ, ਜਿਨ੍ਹਾਂ ਵਿਚੋਂ ਪੰਜਾਬੀ ਵਿਦਿਆਰਥੀਆਂ ਦੀ ਗਿਣਤੀ ਸਭ ਤੋਂ ਵੱਧ ਸੀ। ਇਨ੍ਹਾਂ ਵਿਦਿਆਰਥੀਆਂ ਵਿਚ ਸਭ ਤੋਂ ਵੱਧ ਗਿਣਤੀ ਹਾਇਰ ਸਕੈਂਡਰੀ ਸਿੱਖਿਆ ਹਾਸਲ ਕਰ ਚੁੱਕੇ ਵਿਦਿਆਰਥੀਆਂ ਦੀ ਸੀ। ਭਾਵ ਕਿ 18-20 ਸਾਲ ਦੀ ਉਮਰ ਦੇ ਨੌਜਵਾਨ ਵਿਦਿਆਰਥੀਆਂ ਨੇ ਸਭ ਤੋਂ ਵੱਧ ਭਾਰਤ ਛੱਡਿਆ। 2017-2022 ਤੱਕ 30,12,934 ਵਿਦਿਆਰਥੀ ਨੇ ਉੱਚ ਸਿੱਖਿਆ ਹਾਸਿਲ ਕਰਨ ਲਈ ਭਾਰਤ ਛੱਡਿਆ, ਜਿਸਦਾ ਸਭ ਤੋਂ ਬੁਰਾ ਪ੍ਰਭਾਵ ਸਾਡੇ ਉੱਚ ਸਿੱਖਿਆ ਸਿਸਟਮ ਉੱਪਰ ਪਿਆ।

ਜਿੱਥੇ ਵਪਾਰ, ਹਸਪਤਾਲ, ਸੜਕਾਂ, ਉਦਯੋਗ, ਵੱਡੀਆਂ ਇਮਾਰਤਾਂ ਇੱਕ ਦੇਸ਼ ਦੀ ਮਜ਼ਬੂਤ ਅਰਥਵਿਵਸਥਾ ਦੀਆਂ ਉਦਾਹਰਣਾਂ ਹਨ, ਉੱਥੇ ਕਾਲਜ ਅਤੇ ਯੂਨੀਵਰਸਿਟੀਆਂ ਵੀ ਇੱਕ ਵੱਡਾ ਯੋਗਦਾਨ ਪਾਉਂਦੀਆਂ ਹਨ। ਪਰ ਏਨੇ ਵੱਡੇ ਪੱਧਰ 'ਤੇ ਹੋ ਰਿਹਾ ਨੌਜਵਾਨਾਂ ਦਾ ਪਰਵਾਸ ਇਨ੍ਹਾਂ ਕਾਲਜਾਂ, ਯੂਨੀਵਰਸਿਟੀਆਂ ਲਈ ਵੱਡਾ ਚਿੰਤਾਂ ਦਾ ਵਿਸ਼ਾ ਹੈ। ਵਿਦਿਆਰਥੀਆਂ ਦੀ ਗਿਣਤੀ ਨਾ ਦੇ ਬਰਾਬਰ ਹੋਣ ਕਰਕੇ ਇੱਕ ਵੱਡੀ ਲਾਗਤ ਨਾਲ ਤਿਆਰ ਹੋਈਆਂ ਇਹ ਸੰਸਥਾਵਾਂ ਦੇ ਖਰਚੇ ਵੀ ਪੂਰੇ ਨਹੀਂ ਹੋ ਰਹੇ।

ਇਸ ਸਾਰੀ ਚਰਚਾ ਨਾਲ ਸਵਾਲ ਕਈ ਉੱਠਦੇ ਹਨ, ਜਿਸ ਵਿਚ ਸਭ ਤੋਂ ਵੱਡਾ ਤੇ ਅਹਿਮ ਸਵਾਲ ਇਨ੍ਹਾਂ ਹਲਾਤਾਂ ਦਾ ਕਾਰਣ ਲੱਭਣਾ ਹੈ। ਜਦੋਂ ਮੈਂ ਇਸ ਸਵਾਲ ਦਾ ਜਵਾਬ ਲੱਭਣ ਲਈ ਨੌਜਵਾਨ ਵਿਦਿਆਰਥੀਆਂ ਦੀ ਰਾਇ ਅਤੇ ਵਿਚਾਰ ਪੜ੍ਹੇ, ਸੁਣੇ ਤਾਂ ਜ਼ਿਆਦਾਤਰ ਕਾਰਣ, ਮਹਿੰਗੀ ਸਿੱਖਿਆ, ਘੱਟ ਜਾਣਕਾਰੀ, ਪ੍ਰੈਕਟੀਕਲ ਵਰਕ ਦੀ ਘਾਟ, ਨੌਕਰੀਆਂ ਦੀ ਕਮੀ ਆਦਿ ਸਾਹਮਣੇ ਆਏ। ਵਿਦਿਆਰਥੀਆਂ ਦਾ ਕਹਿਣਾ ਹੈ ਕਿ ਭਾਰਤ, ਪੰਜਾਬ ਵਿਚ ਉੱਚ ਸਿੱਖਿਆ ਬਹੁਤ ਮਹਿੰਗੀ ਹੈ, ਸਰਕਾਰੀ ਕਾਲਜਾਂ, ਯੂਨੀਵਰਸਿਟੀਆਂ ਵਿਚ ਦਾਖਲਾ ਬਹੁਤ ਮੁਸ਼ਕਿਲ ਨਾਲ ਮਿਲਦਾ ਹੈ ਅਤੇ ਪ੍ਰਾਈਵੇਟ ਕਾਲਜਾਂ ਦੀਆਂ ਫੀਸਾਂ ਸਾਡੀ ਪਹੁੰਚ ਤੋਂ ਬਾਹਰ ਹਨ। ਨਾਲ ਹੀ ਨੌਜਵਾਨਾਂ ਦਾ ਕਹਿਣਾ ਹੈ ਕਿ ਪ੍ਰੈਕਟੀਕਲ ਵਰਕ ਦੀ ਘਾਟ ਕਾਰਣ ਜਾਣਕਾਰੀ ਅਤੇ ਸਿੱਖਣ ਦੇ ਬਹੁਤ ਵੱਡੇ ਹਿੱਸੇ ਤੋਂ ਅਸੀਂ ਵਾਂਝੇ ਰਹਿ ਜਾਂਦੇ ਹਾਂ। ਜੇਕਰ ਅਸੀਂ ਇੱਥੇ ਉੱਚ ਸਿੱਖਿਆ ਹਾਸਿਲ ਕਰ ਵੀ ਲੈਂਦੇ ਹਾਂ, ਤਾਂ ਸਾਨੂੰ ਭਵਿੱਖ ਵਿਚ ਰੁਜ਼ਗਾਰ ਦੇ ਕੋਈ ਸਾਧਨ ਨਜ਼ਰੀਂ ਨਹੀਂ ਆਉਂਦੇ। ਜਿਸ ਕਾਰਣ ਅਸੀਂ ਵਿਦੇਸ਼ੀ ਪੜ੍ਹਾਈ ਨੂੰ ਜੋ ਸਸਤੀ ਅਤੇ ਸਰਲ ਹੈ, ਨੂੰ ਪਹਿਲ ਦੇ ਰਹੇ ਹਾਂ।

ਇਸ ਤੋਂ ਇਹ ਸਿੱਧ ਹੁੰਦਾ ਹੈ ਕਿ ਸਾਡੇ ਦੇਸ਼ ਦੇ ਪ੍ਰਬੰਧਨ ਵਿਚ ਬਹੁਤ ਸਾਰੀਆਂ ਕਮੀਆਂ ਹਨ, ਜਿਨ੍ਹਾਂ ਵੱਲ ਧਿਆਨ ਦੇਣਾ ਸਮੇਂ ਦੀ ਪਹਿਲੀ ਮੰਗ ਹੈ। ਵਿਦਿਆਰਥੀਆਂ ਦੀਆਂ ਮੰਗਾਂ ਵੱਲ ਧਿਆਨ ਦੇਣ ਦੀ ਜ਼ਰੂਰਤ ਹੈ। ਅਜਿਹੇ ਕਦਮ ਚੁੱਕੇ ਜਾਣ, ਜਿਸ ਨਾਲ ਵਿਦਿਆਰਥੀ ਆਪਣੇ ਦੇਸ਼ ਵਿਚ ਰਹਿ ਕੇ ਹੀ ਆਸਾਨੀ ਨਾਲ ਉੱਚ ਸਿੱਖਿਆ ਹਾਸਿਲ ਕਰ ਸਕਣ।

ਜੇਕਰ ਇਸ ਰੁਝਾਨ ਨੂੰ ਰੋਕਿਆ ਨਾ ਗਿਆ ਤਾਂ ਉਹ ਦਿਨ ਦੂਰ ਨਹੀਂ, ਜਦੋਂ ਪੰਜਾਬ ਵਿਚੋਂ ਉੱਚ ਸਿੱਖਿਆ ਸੰਸਥਾਵਾਂ ਵਿਚ ਕੋਈ ਵੀ ਵਿਦਿਆਰਥੀ ਨਹੀਂ ਰਹੇਗਾ। ਇਹ ਸਿਰਫ਼ ਕਹਿਣ ਸੁਣਨ ਦੀਆਂ ਗੱਲਾਂ ਨਹੀਂ, ਬਲਕਿ ਅੱਜ ਪੰਜਾਬ ਦੀ ਹਕੀਕਤ ਹੈ। ਅੱਜ ਬਾਰਵੀਂ ਤੋਂ ਬਾਅਦ ਵਿਦਿਆਰਥੀਆਂ ਦਾ ਸੁਪਨਾ ਸਿਰਫ਼ ਆਈਲੈਟਸ ਵਿਚੋਂ ਬੈਂਡ ਲੈਣ ਤੱਕ ਸੀਮਤ ਹੋ ਚੁੱਕਾ ਹੈ। ਨੌਜਵਾਨੀ ਦੇ ਇਹ ਸੁਪਨੇ ਕਿਧਰੇ ਪੰਜਾਬ ਦੀ ਉੱਚ ਸਿੱਖਿਆ ਸਿਸਟਮ ਦੀ ਨੀਂਦ ਹਮੇਸ਼ਾ ਲਈ ਨਾ ਉਡਾ ਦੇਣ, ਇਸ ਲਈ ਜ਼ਰੂਰੀ ਹੈ ਕਿ ਸਮਾਂ ਰਹਿੰਦਿਆਂ ਇਸ ਵੱਲ ਗੌਰ ਕੀਤਾ ਜਾਵੇ। ਸਿੱਖਿਆ ਪ੍ਰਬੰਧ ਨੂੰ ਸਹੀ ਕੀਤਾ ਜਾਵੇ, ਲੋੜੀਂਦੀਆਂ ਤਬਦੀਲੀਆਂ ਕੀਤੀਆਂ ਜਾਣ, ਵਿਦਿਆਰਥੀਆਂ ਨੂੰ ਆਪਣੇ ਦੇਸ਼ ਵਿਚ ਰਹਿ ਕੇ ਪੜ੍ਹਾਈ ਕਰਨ ਦੀ ਮਹੱਤਤਾ ਨੂੰ ਦਰਸਾਉਂਦੇ ਜਾਗਰੂਕਤਾ ਸੈਮੀਨਾਰ ਕਰਵਾਏ ਜਾਣ। ਨੌਜਵਾਨ ਵਿਦਿਆਰਥੀਆਂ ਨੂੰ ਉਨ੍ਹਾਂ ਦੀ ਪੰਜਾਬ ਪ੍ਰਤੀ ਬਣਦੀ ਜ਼ਿੰਮੇਵਾਰੀ ਦਾ ਅਹਿਸਾਸ ਕਰਵਾਇਆ ਜਾਵੇ।


ਜੇਕਰ ਸਮਾਂ ਰਹਿੰਦਿਆਂ ਇਸ ਬਾਰੇ ਵਿਚਾਰ ਨਾ ਕੀਤੀ ਗਈ, ਤਾਂ ਉਹ ਦਿਨ ਦੂਰ ਨਹੀਂ, ਜਿਸ ਦਿਨ ਪੰਜਾਬ ਦੇ ਕਾਲਜਾਂ, ਯੂਨੀਵਰਸਿਟੀਆਂ ਦਾ ਧੁੰਦਲਾ ਹੋਇਆ ਭਵਿੱਖ ਹਮੇਸ਼ਾ ਲਈ ਕਿਸੇ ਹਨੇਰੇ ਵਿਚ ਅਲੋਪ ਹੋ ਜਾਵੇਗਾ ਅਤੇ ਸਾਡੇ ਕੋਲ ਪਛਤਾਵੇ ਤੋਂ ਬਿਨਾਂ ਬਾਕੀ ਕੁਝ ਨਹੀਂ ਰਹੇਗਾ।


## 'ਜੋ ਦਿਖਾ, ਸੋ ਲਿਖਾ'

# ਜਲੰਧਰ ਜ਼ਿਮਨੀ ਚੋਣ ਬਣੀ ਸਭ ਧਿਰਾਂ ਦੀ ਮੁੱਛ ਦਾ ਸਵਾਲ

## ਨਤੀਜਾ 2024 ਚੋਣਾਂ ਦੀ ਦਿਸ਼ਾ ਕਰੇਗਾ ਤੈਅ







ਦਰਸ਼ਨ ਸਿੰਘ ਸ਼ੰਕਰ
ਜ਼ਿਲ੍ਹਾ ਲੋਕ ਸੰਪਰਕ ਅਫਸਰ (ਰਿਟਾ.)
ਫੋਨ: 99158-36543
(Punjab Mail USA)


ਕਾਂਗਰਸ ਐੱਮ.ਪੀ. ਚੌਧਰੀ ਸੰਤੋਖ ਸਿੰਘ ਦੀ ਮੌਤ ਕਾਰਨ ਲੋਕ ਸਭਾ ਦੀ ਖਾਲੀ ਹੋਈ ਜਲੰਧਰ (ਰਾਖਵੀਂ) ਸੀਟ ਦੀ ਜ਼ਿਮਨੀ ਚੋਣ ਲਈ 10 ਮਈ ਨੂੰ ਵੋਟਾਂ ਪੈਣੀਆਂ ਨੇ ਅਤੇ 13 ਮਈ ਨੂੰ ਵੋਟਾਂ ਦੀ ਗਿਣਤੀ ਹੋਵੇਗੀ। 2019 ਵਿਚ ਸੀਟ ਕਾਂਗਰਸ ਦੇ ਚੌਧਰੀ ਸੰਤੋਖ ਸਿੰਘ ਨੇ ਅਕਾਲੀ ਦਲ-ਬੀ.ਜੇ.ਪੀ. ਦੇ ਚਰਨਜੀਤ ਸਿੰਘ ਅਟਵਾਲ ਨੂੰ ਫੱਸਵੇਂ ਮੁਕਾਬਲੇ ਵਿਚ 19491 ਵੋਟਾਂ ਦੇ ਫਰਕ ਨਾਲ ਹਰਾ ਕੇ ਜਿੱਤੀ ਸੀ। ਬੀ.ਐੱਸ.ਪੀ. ਦੇ ਉਮੀਦਵਾਰ ਨੂੰ 2.04 ਲੱਖ ਵੋਟਾਂ ਮਿਲੀਆਂ ਸਨ। ਇਸ ਲੋਕ ਸਭਾ ਹਲਕੇ ਅੰਦਰ 9 ਵਿਧਾਨ ਸਭਾ ਹਲਕੇ ਜਲੰਧਰ ਪੱਛਮੀ, ਜਲੰਧਰ ਕੈਂਟ, ਜਲੰਧਰ ਉਤਰੀ, ਜਲੰਧਰ ਕੇਂਦਰੀ, ਆਦਮਪੁਰ, ਕਰਤਾਰਪੁਰ, ਸ਼ਾਹਕੋਟ, ਫਿਲੌਰ ਅਤੇ ਨਕੋਦਰ ਸ਼ਾਮਲ ਨੇ। ਇਸ ਸਮੇਂ 5 ਹਲਕਿਆਂ 'ਚ ਕਾਂਗਰਸ ਅਤੇ 4 ਤੋਂ 'ਆਪ' ਦੇ ਵਿਧਾਇਕ ਨੇ। ਹਲਕੇ ਵਿਚ ਕੁੱਲ 1018998 ਵੋਟਰ ਨੇ। ਹਲਕਾ ਵਿਚ 37.97% ਦਲਿਤ ਵੋਟਰ ਨੇ, ਜਿਨ੍ਹਾਂ 'ਤੇ ਸਾਰੀਆਂ ਪਾਰਟੀਆਂ ਦਾ ਖਾਸ ਫੋਕਸ ਰਹੇਗਾ। ਬੀਤੇ ਵਿਚ ਹਲਕੇ ਦੀ ਨੁਮਾਇੰਦਗੀ ਸਾਬਕਾ ਪ੍ਰਧਾਨ ਮੰਤਰੀ ਇੰਦਰਕੁਮਾਰ ਗੁਜਰਾਲ (ਜਨਤਾ ਦਲ), ਸਾਬਕਾ ਕੇਂਦਰੀ ਮੰਤਰੀ ਸਵਰਨ ਸਿੰਘ (ਕਾਂਗਰਸ) ਅਤੇ ਇਕਬਾਲ ਸਿੰਘ ਢਿੱਲੋਂ (ਅਕਾਲੀ ਦਲ) ਵਰਗੇ ਕੱਦਾਵਰ ਨੇਤਾ ਕਰ ਚੁੱਕੇ ਨੇ। ਹੁਣ ਵੱਖ ਪਾਰਟੀਆਂ ਦੀਆਂ ਸੰਭਾਵਨਾਵਾਂ 'ਤੇ ਚਰਚਾ ਕਰਦੇ ਹਾਂ।

### ਸੱਤਾਧਾਰੀ 'ਆਪ' ਪਾਰਟੀ

ਵੱਡੇ ਬਹੁਮੱਤ ਨਾਲ ਬਣੀ ਸਰਕਾਰ ਦੇ ਤਿੰਨ ਮਹੀਨੇ ਪਿੱਛੋਂ ਹੀ ਆਮ ਆਦਮੀ ਪਾਰਟੀ ਨੂੰ ਸੰਗਰੂਰ ਜ਼ਿਮਨੀ ਚੋਣ ਦੌਰਾਨ ਵੱਡਾ ਝੱਟਕਾ ਲੱਗ ਚੁੱਕੈ। ਚੋਣ ਹੁਣ ਪਾਰਟੀ ਲਈ ਸੰਗਰੂਰ ਦੀ ਹਾਰ ਦਾ ਦਾਗ ਧੋਣ ਲਈ ਵਕਾਰ ਦਾ ਸਵਾਲ ਬਣ ਚੁੱਕੀ ਹੈ। 2019 ਵਿਚ 'ਆਪ' ਉਮੀਦਵਾਰ ਜਸਟਿਸ ਜੋਰਾ ਸਿੰਘ ਨੂੰ ਸਿਰਫ 25467 ਵੋਟਾਂ (2.5%) ਹੀ ਮਿਲੀਆਂ ਸਨ। ਪਰ 2022 ਦੀਆਂ ਵਿਧਾਨ ਸਭਾ ਚੋਣਾਂ ਸਮੇਂ 9 ਵਿਚੋਂ 4 ਵਿਧਾਨ ਸਭਾ ਹਲਕਿਆਂ ਵਿਚ ਇਸ ਦੇ ਉਮੀਦਵਾਰ ਜਿੱਤੇ ਅਤੇ ਵੋਟ ਸ਼ੇਅਰ ਵੀ ਵਧਿਆ। ਪਾਰਟੀ ਇਕ ਸਾਲ ਸੱਤਾ 'ਚ ਹੋਣ ਦੇ ਬਾਵਜੂਦ ਹਲਕੇ ਵਿਚ ਇਕ ਵੀ ਮਜ਼ਬੂਤ ਉਮੀਦਵਾਰ ਪੈਦਾ ਨਹੀਂ ਕਰ ਸਕੀ। ਕਾਫੀ ਮੱਥਾ-ਪੱਚੀ ਪਿੱਛੋਂ ਦਲ-ਬਦਲੀ ਕਰਵਾ ਕੇ ਕਾਂਗਰਸ ਦੇ ਸਾਬਕਾ ਵਿਧਾਇਕ ਸੁਸ਼ੀਲ ਕੁਮਾਰ ਰਿੰਕੂ ਨੂੰ ਉਮੀਦਵਾਰ ਐਲਾਨਿਆ ਗਿਐ। ਇਸ ਨਾਲ ਪਾਰਟੀ ਦੀ ਕਾਫੀ ਕਿਰਕਿਰੀ ਹੋ ਰਹੀ ਹੈ।

'ਆਪ' ਨੇ ਕਾਂਗਰਸ ਉਮੀਦਵਾਰ ਦੇ ਪਰਿਵਾਰ ਵਿਚੋਂ ਚੌਧਰੀ ਜਗਜੀਤ ਸਿੰਘ ਦੇ ਪੁੱਤਰ ਕਰਤਾਰਪੁਰ ਦੇ ਸਾਬਕਾ ਵਿਧਾਇਕ ਸੁਰਿੰਦਰ ਚੌਧਰੀ ਨੂੰ ਪਾਰਟੀ ਵਿਚ ਸ਼ਾਮਲ ਕਰਕੇ ਕਾਂਗਰਸ ਖੇਮੇ ਵਿਚ ਇਕ ਹੋਰ ਵੱਡੀ ਸੰਨ੍ਹ ਲਗਾ ਦਿੱਤੀ ਹੈ। 2022 ਵਿਧਾਨ ਸਭਾ ਚੋਣਾਂ ਸਮੇਂ ਵੀ ਬਹੁਤ ਸਾਰੇ ਉਮੀਦਵਾਰ ਰਵਾਇਤੀ ਪਾਰਟੀਆਂ ਵਿਚੋਂ ਲਏ ਲੀਡਰ ਹੀ ਸਨ। ਹੁਣ ਇਸ ਦਾ ਮੁਹਾਂਦਰਾ ਵੀ ਬਾਕੀ ਪਾਰਟੀਆਂ ਵਾਲਾ ਬਣ ਚੁੱਕੈ। ਪਿਛਲੇ ਦਿਨੀਂ ਦਲਿਤ ਭਾਈਚਾਰੇ ਨੂੰ ਪ੍ਰਭਾਵਿਤ ਕਰਨ ਲਈ ਮੁੱਖ ਮੰਤਰੀ ਭਗਵੰਤ ਮਾਨ ਅਤੇ ਪਾਰਟੀ ਸੁਪਰੀਮੋ ਕੇਜਰੀਵਾਲ ਨੇ ਬੱਲਾਂ ਡੇਰੇ ਜਾ ਕੇ ਭਗਤ ਰਵਿਦਾਸ ਖੋਜ ਕੇਂਦਰ ਲਈ 25 ਕਰੋੜ ਦਾ ਚੈਕ ਭੇਂਟ ਕੀਤਾ। ਪਾਰਟੀ ਨੂੰ ਸਿੱਖਿਆ, ਸਿਹਤ, ਮੁਫਤ ਬਿਜਲੀ, ਨੌਕਰੀਆਂ, ਭ੍ਰਿਸ਼ਟਾਂ 'ਤੇ ਕਾਰਵਾਈ ਵਰਗੇ ਅੱਛੇ ਕੰਮਾਂ ਦਾ ਲਾਭ ਮਿਲ ਸਕਦੈ। ਪਰ ਨਾਲ ਹੀ ਵਿਗੜੇ ਅਮਨ-ਕਾਨੂੰਨ, ਔਰਤਾਂ ਲਈ 1000 ਰੁਪਏ ਮਹੀਨਾ, 25000 ਰੁਪਏ ਮਹੀਨੇ ਪੈਨਸ਼ਨਾਂ, ਰੁੱਕੇ ਵਿਕਾਸ, ਲਤੀਫਪੁਰਾ ਉਜਾੜੇ ਆਦਿ ਮੁੱਦਿਆਂ 'ਤੇ ਜਵਾਬ ਦੇਣੇ ਹੋਣਗੇ। ਵਿੱਤ ਮੰਤਰੀ ਹਰਪਾਲ ਚੀਮਾ ਨੂੰ ਪਾਰਟੀ ਵਲੋਂ ਚੋਣ ਇੰਚਾਰਜ ਥਾਪਿਆ ਗਿਐ ਅਤੇ ਸਾਰੇ ਜ਼ਿਲ੍ਹਿਆਂ ਦੇ ਲੀਡਰਾਂ ਨੂੰ ਬੁਲਾਇਆ ਗਿਐ।

### ਕਾਂਗਰਸ ਦੇ ਦਾਅਵੇ

ਹਲਕਾ ਰਵਾਇਤੀ ਤੌਰ 'ਤੇ ਕਾਂਗਰਸੀ ਹਲਕਾ ਸਮਝਿਆ ਜਾਂਦੈ, ਹੁਣ ਤੱਕ ਬਹੁਤੀ ਵਾਰ ਸੀਟ ਤੇ ਕਾਂਗਰਸੀ ਉਮੀਦਵਾਰ ਜਿੱਤਦੇ ਰਹੇ ਨੇ। 2019 ਚੋਣਾਂ ਵਿਚ ਕਾਂਗਰਸ ਦੇ ਚੌਧਰੀ ਸੰਤੋਖ ਸਿੰਘ ਨੇ ਅਕਾਲੀ ਦਲ-ਬੀ.ਜੇ.ਪੀ. ਦੇ ਚਰਨਜੀਤ ਸਿੰਘ ਅਟਵਾਲ ਨੂੰ 19494 ਵੋਟਾਂ ਦੇ ਫਰਕ ਨਾਲ ਹਰਾਇਆ ਸੀ। ਕਾਂਗਰਸ ਪਾਰਟੀ ਸੂਬੇ 'ਚ ਖੋਇਆ ਆਧਾਰ ਉਭਾਰਨ ਲਈ ਪੂਰਾ ਤਾਣ ਲਗਾਏਗੀ। ਹਮਦਰਦੀ ਵੋਟ 'ਤੇ ਨਿਗ੍ਹਾ ਰੱਖਦੇ ਕਾਂਗਰਸ ਨੇ ਸਵ. ਚੌਧਰੀ ਸੰਤੋਖ ਸਿੰਘ ਦੀ ਪਤਨੀ ਕਰਮਜੀਤ ਕੌਰ 'ਤੇ ਦਾਅ ਖੇਡਿਐ। ਰਾਣਾ ਗੁਰਜੀਤ ਸਿੰਘ ਨੂੰ ਪ੍ਰਚਾਰ ਮੁਹਿੰਮ ਇੰਚਾਰਜ ਬਣਾਇਆ ਗਿਐ। ਪ੍ਰਤਾਪ ਬਾਜਵਾ, ਰਾਜਾ ਵੜਿੰਗ ਸਮੇਤ ਕਾਂਗਰਸ ਦੇ ਵੱਡੇ ਲੀਡਰ ਪੂਰੇ ਸਰਗਰਮ ਨੇ ਅਤੇ 'ਆਪ' 'ਤੇ ਵਾਅਦੇ ਪੂਰੇ ਨਾ ਕਰਨ ਲਈ ਹਮਲੇ ਕਰ ਰਹੇ ਨੇ। ਨਵਜੋਤ ਸਿੱਧੂ ਨੇ ਵੀ ਉਮੀਦਵਾਰ ਦੇ ਘਰ ਹਾਜ਼ਰੀ ਲਗਾਈ ਹੈ। ਪਰ ਅੰਦਰੂਨੀ ਕਲਾਹ ਸਪੱਸ਼ਟ ਝਲਕਦੀ ਹੈ। ਉਮੀਦਵਾਰ ਦੇ ਪੁੱਤਰ ਚੌਧਰੀ ਵਿਕਰਮ ਸਿੰਘ ਦਾ ਫਿਲੌਰ ਹਲਕੇ ਤੋਂ ਵਿਧਾਇਕ ਹੋਣ ਦਾ ਲਾਭ ਪਾਰਟੀ ਨੂੰ ਮਿਲ ਸਕਦੈ।

### ਅਕਾਲੀ ਦਲ ਬੀ.ਐੱਸ.ਪੀ. ਸਹਾਰੇ

ਅਕਾਲੀ ਦਲ-ਬੀ.ਐੱਸ.ਪੀ. ਗਠਬੰਧਨ ਨੇ ਇਸ ਸੀਟ 'ਤੇ ਅਕਾਲੀ ਦਲ ਦਾ ਉਮੀਦਵਾਰ ਖੜ੍ਹਾ ਕਰਨ ਦਾ ਫੈਸਲਾ ਕੀਤੈ। ਉਮੀਦਵਾਰ ਦੀ ਤਲਾਸ਼ ਵਿਚ ਉਲਝੇ ਅਕਾਲੀ ਦਲ ਨੂੰ ਸ਼ੁਰੂ ਵਿਚ ਹੀ ਜ਼ੋਰ ਦਾ ਝੱਟਕਾ ਲੱਗ ਚੁੱਕੈ। ਪਾਰਟੀ ਦੇ ਵੱਡੇ ਦਲਿਤ ਚਿਹਰੇ ਅਤੇ ਪਿਛਲੀ ਚੋਣ ਸਮੇਂ ਉਮੀਦਵਾਰ ਚਰਨਜੀਤ ਸਿੰਘ ਅਟਵਾਲ ਦਾ ਪੁੱਤਰ ਸਾਬਕਾ ਵਿਧਾਇਕ ਇੰਦਰ ਇਕਬਾਲ ਸਿੰਘ ਅਟਵਾਲ ਪਾਰਟੀ ਛੱਡ ਕੇ ਬੀ.ਜੇ.ਪੀ. ਵਿਚ ਸ਼ਾਮਲ ਹੋ ਗਿਆ। ਚਰਨਜੀਤ ਅਟਵਾਲ ਲੋਕ ਸਭਾ ਦੇ ਉੱਪ ਸਪੀਕਰ, ਪੰਜਾਬ ਵਿਧਾਨ ਸਭਾ ਦੇ ਸਪੀਕਰ ਅਤੇ ਮੰਤਰੀ ਸਮੇਤ ਕਈ ਵੱਡੇ ਅਹੁਦਿਆਂ 'ਤੇ ਰਹਿ ਚੁੱਕੇ ਨੇ ਅਤੇ ਉਹ ਸ਼ਰੀਫ ਅਤੇ ਬੇਦਾਗ ਲੀਡਰ ਸਮਝੇ ਜਾਂਦੇ ਨੇ। ਸੁਖਬੀਰ ਰਵੱਈਏ ਕਾਰਨ ਤਲਵੰਡੀ, ਢੀਂਡਸਾ, ਅਜਨਾਲਾ, ਅਟਵਾਲ ਅਤੇ ਬੀਬੀ ਜਗੀਰ ਕੌਰ ਅਦਿ ਟਕਸਾਲੀ ਪਰਿਵਾਰ ਪਾਰਟੀ ਛੱਡ ਚੁੱਕੇ ਨੇ। ਕੋਟਕਪੂਰਾ ਫਾਇਰਿੰਗ ਮਾਮਲੇ ਵਿਚ ਬਾਦਲਾਂ ਦੇ ਨਾਮ ਆਉਣ ਨਾਲ ਅਕਾਲੀ ਦਲ ਕਸੂਤੀ ਸਥਿਤੀ ਵਿਚ ਫਸਿਆ ਦਿੱਸਦੈ ਅਤੇ ਵਰਕਰ ਨਿਰਾਸ਼ਾ ਵਿਚ ਹੈ। ਅਕਾਲੀ ਦਲ 2019 ਵਿਚ ਬੀ.ਐੱਸ.ਪੀ. ਦੇ ਉਮੀਦਵਾਰ ਨੂੰ ਮਿਲੇ ਕਰੀਬ 2 ਲੱਖ ਵੋਟਾਂ ਨੂੰ ਵੱਡਾ ਸਹਾਰਾ ਮੰਨਦੈ। ਉਂਝ ਇਸ ਵਾਰ ਗੱਠਜੋੜ ਟੁੱਟਣ ਕਾਰਨ ਬੀ.ਜੇ.ਪੀ. ਵਾਲੀ ਵੋਟ ਦਾ ਵੱਡਾ ਨੁਕਸਾਨ ਵੀ ਰਹੇਗਾ। ਸਤਰਾਂ ਲਿਖਣ ਤੱਕ ਅਕਾਲੀ ਦਲ ਉਮੀਦਵਾਰ ਦਾ ਫੈਸਲਾ ਲੈਣ ਵਿਚ ਉਲਝਿਆ ਪਿਐ। ਬੀ.ਐੱਸ.ਪੀ. ਪਿਛੋਕੜ ਵਾਲੇ ਸਾਬਕਾ ਵਿਧਾਇਕ ਪਵਨ ਕੁਮਾਰ ਟੀਨੂ ਅਤੇ ਪਾਰਟੀ ਤੋਂ ਬਾਹਰ ਕੀਤੇ ਸਰਵਣ ਸਿੰਘ ਫਿਲੌਰ ਦੇ ਨਾਮ ਦੇ ਚਰਚੇ ਚਲਦੇ ਰਹੇ। ਆਖਿਰ ਲੰਮੀਆਂ ਵਿਚਾਰਾਂ ਪਿੱਛੋਂ ਸੁਖਬੀਰ ਬਾਦਲ ਨੇ ਅਕਾਲੀ ਦਲ-ਬੀ.ਐੱਸ.ਪੀ. ਗੱਠਜੋੜ ਦਾ ਅਕਾਲੀ ਦਲ ਦੇ ਬੰਗਾ ਤੋਂ ਵਿਧਾਇਕ ਡਾ. ਸੁਖਵਿੰਦਰ ਸਿੰਘ ਸੁੱਖੀ ਨੂੰ ਉਮੀਦਵਾਰ ਐਲਾਨਿਆ ਹੈ। ਬੀ.ਐੱਸ.ਪੀ. ਦੇ ਪਿਛੋਕੜ ਵਾਲੇ ਡਾ. ਸੁੱਖੀ ਦੋ ਵਾਰ ਦੇ ਵਿਧਾਇਕ ਨੇ ਅਤੇ ਵਿਧਾਨ ਸਭਾ ਵਿਚ ਪੂਰੇ ਜ਼ੋਰ ਨਾਲ ਜਨਤਾ ਦੇ ਮੁੱਦੇ ਉਠਾਉਂਦੇ ਨੇ। ਪਾਰਟੀ ਦੇ ਮੁੜ ਉਭਾਰ ਲਈ ਕਰੋ ਜਾਂ ਮਰੋ ਦੀ ਸਥਿਤੀ ਬਣ ਚੁੱਕੀ ਹੈ।

### ਬੀ.ਜੇ.ਪੀ. ਦਾ ਵਕਾਰ ਦਾਅ 'ਤੇ

ਬੀ.ਜੇ.ਪੀ. ਸੂਬੇ ਵਿਚ ਦੂਜੀਆਂ ਪਾਰਟੀਆਂ ਦੇ ਬਹੁਤ ਸਾਰੇ ਵੱਡੇ ਲੀਡਰਾਂ ਨੂੰ ਸ਼ਾਮਲ ਕਰਕੇ ਆਪਣਾ ਕਬੀਲਾ ਕਾਫੀ ਵਧਾ ਚੁੱਕੀ ਹੈ। ਸਾਬਕਾ ਆਈ.ਪੀ.ਐੱਸ. ਰਾਜਿੰਦਰ ਸਿੰਘ ਵੀ ਬੀ.ਜੇ.ਪੀ. ਵਿਚ ਸ਼ਾਮਲ ਹੋਇਐ। ਪਾਰਟੀ ਵੱਖ ਹੋਣ ਪਿੱਛੋਂ ਸੰਗਰੂਰ ਦੀ ਜ਼ਿਮਨੀ ਚੋਣ ਵਿਚ ਅਕਾਲੀ ਦਲ ਤੋਂ ਵੱਧ ਵੋਟ ਹਾਸਲ ਕਰਕੇ ਕਾਫੀ ਉਤਸ਼ਾਹਿਤ ਹੈ। ਬੀ.ਜੇ.ਪੀ. ਦੇ ਪੱਖ ਵਿਚ ਕੇਂਦਰੀ ਵਿਚ ਸੱਤਾਧਾਰੀ ਹੋਣ ਦਾ ਲਾਭ ਵੀ ਦਿੱਸਦੈ। ਅਕਾਲੀ ਦਲ ਦੇ ਵੱਡੇ ਦਲਿਤ ਚੇਹਰੇ ਚਰਨਜੀਤ ਸਿੰਘ ਅਟਵਾਲ ਦੇ ਪੁੱਤਰ ਸਾਬਕਾ ਵਿਧਾਇਕ ਇੰਦਰ ਇਕਬਾਲ ਸਿੰਘ ਅਟਵਾਲ ਨੂੰ ਪਾਰਟੀ ਵਿਚ ਸ਼ਾਮਲ ਕਰਕੇ ਆਕਾਲੀ ਦਲ ਨੂੰ ਪੱਟਕਣੀ ਮਾਰ ਚੁੱਕੀ ਹੈ। ਪਾਰਟੀ ਇੰਦਰ ਇਕਬਾਲ ਅਟਵਾਲ ਨੂੰ ਆਪਣਾ ਉਮੀਦਵਾਰ ਬਣਾ ਸਕਦੀ ਹੈ। ਛੋਟਾ ਅਟਵਾਲ ਚੋਣ ਕੰਪੇਨ ਵਿਚ ਕਾਫੀ ਨਿਪੁੰਨ ਹੋਣ ਕਾਰਨ ਵਿਰੋਧੀਆਂ ਨੂੰ ਸਖਤ ਟੱਕਰ ਦੇ ਸਕਦੈ। ਬੀ.ਜੇ.ਪੀ. ਵਿਚ ਵੱਡੇ ਲੀਡਰਾਂ ਦੀ ਸ਼ਮੂਲੀਅਤ ਤੋਂ ਸਪੱਸ਼ਟ ਹੈ ਕਿ ਬੀ.ਜੇ.ਪੀ. ਦੇ ਵਕਾਰ ਦਾ ਸਵਾਲ ਬਣਾ ਚੁੱਕੀ ਹੈ।

### ਰਾਜਨੀਤਕ ਦਿਸ਼ਾ ਹੋਵੇਗੀ ਤੈਅ

ਬੇਸ਼ੱਕ, ਇਹ ਚੋਣ ਸਿਰਫ ਇਕ ਸਾਲ ਲਈ ਹੀ ਹੋਣੀ ਹੈ, ਪਰ ਸਭ ਧਿਰਾਂ ਲਈ ਇਸ ਦੀ ਅਹਿਮੀਅਤ 5 ਸਾਲਾਂ ਵਾਲੀ ਚੋਣ ਤੋਂ ਰੱਤੀ ਭਰ ਵੀ ਘੱਟ ਨਹੀਂ। ਚੋਣ ਸੂਬੇ ਦੀਆਂ ਚਾਰੇ ਪ੍ਰਮੁੱਖ ਰਾਜਸੀ ਪਾਰਟੀਆਂ ਲਈ ਵਕਾਰ ਦਾ ਸਵਾਲ ਬਣ ਚੁੱਕੀ ਹੈ ਅਤੇ ਸਾਰੀਆਂ ਪਾਰਟੀਆਂ ਪੂਰੀ ਤਾਕਤ ਨਾਲ ਜਿੱਤਣ ਲਈ ਭਿੜਨਗੀਆਂ। ਇਸ ਦਾ ਨਤੀਜਾ ਪੰਜਾਬ ਅੰਦਰ ਭਵਿੱਖ ਦੀ ਰਾਜਨੀਤਕ ਦਿਸ਼ਾ ਤੈਅ ਕਰੇਗਾ।

# ਰਾਂਝੇ ਦਾ ਤੋਤਾ

## ਵਿਅੰਗ (ਕੰਡੇ ਦਾ ਕੰਡਾ)



-ਡਾ ਅਮਰੀਕ ਸਿੰਘ ਕੰਡਾ
1764, ਗੁਰੂ ਰਾਮ ਦਾਸ ਨਗਰ ਨੇੜੇ ਨੈਸ਼ਲੇ ਮੋਗਾ
98557-35666
(Punjab Mail USA)


ਰਾਂਝੇ ਨੂੰ ਪਤਾ ਨਹੀਂ ਕੀ ਸੁੱਝੀ, ਰਾਂਝਾ ਇਸ ਮਹਿੰਗਾਈ ਦੇ ਜ਼ਮਾਨੇ 'ਚ ਬਜ਼ਾਰੋਂ ਤੋਤਾ ਖਰੀਦ ਲਿਆਇਆ। ਤੋਤੇ ਦੀ ਖਾਸੀਅਤ ਇਹ ਸੀ ਕਿ ਉਹ ਬੰਦਿਆਂ ਵਾਂਗ ਬੰਦਿਆਂ ਦੀ ਭਾਸ਼ਾ ਬੋਲ ਲੈਂਦਾ ਸੀ। ਤੋਤੇ ਦੇ ਮਾਲਿਕ ਨੇ ਆਉਣ ਲੱਗੇ ਰਾਂਝੇ ਨੂੰ ਕਿਹਾ ਸੀ ਕਿ ਵੇਖਿਉ ਕਿਤੇ ਤੋਤੇ ਦੀ ਕਿਸੇ ਗੱਲ 'ਤੇ ਬੇਝਤੀ ਨਾ ਕਰ ਦਿਉ, ਇਹ ਬੰਦਿਆਂ ਵਰਗਾ ਨਹੀਂ ਹੈ। ਚਲੋ ਰਾਂਝਾ ਤੋਤਾ ਘਰ ਲੈ ਆਇਆ ਤੇ ਤੋਤੇ ਦਾ ਨਾਂ ਰੱਖਤਾ ਪ੍ਰਧਾਨ ਜੀ। ਹੀਰ ਕਹਿੰਦੀ, ਚੱਲੋ ਪ੍ਰਧਾਨ ਜੀ, ਮੇਰੇ ਮਗਰ ਮਗਰ ਬੋਲ, ਇੱਕ ਦੂਨੀ ਦੂਨੀ ਦੋ ਦੂਨੀ ਚਾਰ, ਚੱਲ। ਉਹ ਨਾ ਬੋਲਿਆ। ਉਹਨੇ ਰਾਂਝੇ ਨੂੰ ਮੋਬਾਈਲ ਕੀਤਾ ਕਿ ਪ੍ਰਧਾਨ ਤਾਂ ਬੋਲਦਾ ਹੀ ਨਹੀਂ, ਸਾਰਾ ਦਿਨ ਰਾਂਝਾ ਹੀਰ ਤੇ ਉਨ੍ਹਾਂ ਦੇ ਨਿਆਣੇ ਪੁੱਛੀ ਗਏ, ਪ੍ਰਧਾਨ ਚੂਰੀ ਖਾਣੀ ਆ, ਚੀਫ ਚੂਰੀ ਖਾਣੀ ਆ ? ਉਹ ਕੁਛ ਨਾ ਬੋਲਿਆ। ਰਾਂਝਾ ਬੜਾ ਹੈਰਾਨ ਸੀ। ਪਹਿਲਾਂ ਤਾਂ ਸਾਰਾ ਕੁੱਛ ਬੋਲਦਾ ਸੀ। ਰਾਂਝੇ ਨੇ ਜਿਸ ਕੋਲੋਂ ਤੋਤਾ ਲਿਆਂਦਾ, ਉਸ ਨੂੰ ਤੋਤਾ ਵਾਪਿਸ ਕਰਨ ਲਈ ਚਲਿਆ ਗਿਆ। ਸਾਰੀ ਕਹਾਣੀ ਦੱਸੀ। ਤੋਤੇ ਦੇ ਮਾਲਿਕ ਨੇ ਤੋਤੇ ਨੂੰ ਪੁਛਿਆ, "ਕੀ ਹੋਇਆ ਬਈ ਤੇਰੀ ਤਬੀਅਤ ਤਾਂ ਠੀਕ ਆ ?" ਤਾਂ ਅੱਗੋਂ ਤੋਤਾ ਬੋਲਿਆ, "ਪਹਿਲੀ ਗੱਲ ਮੇਰਾ ਨਾਂ ਗੰਗਾ ਰਾਮ ਠੀਕ ਆ, ਮੈਂ ਕੋਈ ਪ੍ਰਧਾਨ ਪ੍ਰਧੂਨ ਨਹੀਂ, ਇਨ੍ਹਾਂ ਮੇਰਾ ਨਾਂ ਪ੍ਰਧਾਨ ਰੱਖ ਦਿੱਤਾ, ਜਿਹੜੇ ਪ੍ਰਧਾਨ ਦੀ ਸਾਰੇ ਥੂ-ਥੂ ਹੋ ਰਹੀ ਆ, ਇਨ੍ਹਾਂ ਨੇ ਮੇਰੀ ਬੇਝਤੀ ਕਰ ਦਿੱਤੀ।" "ਇਹ ਪ੍ਰਧਾਨ ਕੌਣ ਆ ..?" ਤੋਤੇ ਦੇ ਮਾਲਿਕ ਨੇ ਤੋਤੇ ਨੂੰ ਪੁੱਛਿਆ, "ਇਹ ਬੇਵਕੂਫ ਬੰਦਾ ਹੈ ਜੀ ਪ੍ਰਧਾਨਾਂ ਦਾ ਪ੍ਰਧਾਨ। ਹਰ ਦੁੱਕੀ-ਤਿੱਕੀ ਪ੍ਰਧਾਨ ਹੈ ਜੀ, ਕੋਈ ਸ਼ਹਿਰ ਦਾ, ਕੋਈ ਨਹਿਰ ਦਾ, ਕੋਈ ਮੁਹੱਲੇ ਦਾ, ਕੋਈ ਗੱਲੇ ਦਾ, ਕੋਈ ਗਲੀਆਂ, ਕੋਈ ਫਲੀਆਂ ਦਾ। ਨਾਲੇ ਇਹ ਕਹਿੰਦੇ ਨੇ ਮੈਂ ਇਨ੍ਹਾਂ ਦੇ ਪਿੱਛੇ-ਪਿੱਛੇ ਬੋਲੀ ਜਾਂਵਾਂ, ਕੀ ਗੱਲ ਮੈਂ ਕੋਈ ਚਾਪਲੂਸੜ ਤੋਤਾ, ਬਈ ਥੋਡੇ ਪਿੱਛੇ-ਪਿੱਛੇ ਬੋਲੀ ਜਾਵਾਂ। ਮੈਨੂੰ ਪ੍ਰਧਾਨ ਕਹਿਣ ਦਾ ਕੀ ਮਤਲਬ, ਮੈਂ ਹਰ ਵੇਲੇ ਹੋਸ਼ੋ-ਹਵਾਸ 'ਚ ਰਹਿੰਦਾ ਹਾਂ, ਆਜ਼ਾਦ ਪੰਛੀ ਆਂ, ਆਪਣੀ ਮਰਜ਼ੀ ਨਾਲ ਬੋਲਦਾਂ, ਬੰਦਿਆਂ ਵਾਂਗ ਚਾਪਲੂਸ ਨਹੀਂ, ਸਮਝਿਆ ਕਿ ਨਹੀਂ ਗੈੱਟ ਆਊਟ ?" ਤੋਤੇ ਨੇ ਸਾਰੀ ਭੜਾਸ ਕੱਢਤੀ। ਰਾਂਝੇ ਦੇ ਇਹ ਸਭ ਸੁਣ ਕੇ ਤੋਤੇ ਉੱਡ ਗਏ।







Editorial Board

Chief Editor
Gurjatinder Singh Randhawa

Sub Editors
Sandeep Kumar
Amit Saini

Distributor
Jai Singh

Website
Nikhil



Punjab Mail USA
9883 Novara Way,
Elk Grove, CA 95757
Ph: 916-320-9444
Fax : 916-209-8726
Email : punjabmailusa@yahoo.com
web : www.punjabmailusa.com



Punjab Mail USA News Paper and Staff Associated with. it are not responsible for any claims made by the advertisers and do not endorse any product or advertised in the Punjab Mail. All concerns are advised to Consult the Attorney at Law. All Disputes to Sacramento Jurisdiction.
ਲੇਖਕ ਦੇ ਵਿਚਾਰਾਂ ਨਾਲ ਪੰਜਾਬ ਮੇਲ ਦੇ ਸੰਪਾਦਕ ਅਤੇ ਇਸ ਦੇ ਸਟਾਫ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਚੈਟ ਜੀ.ਪੀ.ਟੀ. ਦੇ ਫਾਇਦੇ ਅਤੇ ਨੁਕਸਾਨ

ਡਾ. ਅਮਨਪ੍ਰੀਤ ਸਿੰਘ ਬਰਾੜ
ਪੀ.ਐੱਚ.ਡੀ, ਬਿਜ਼ਨਸ ਮੈਨੇਜਮੈਂਟ
ਮੋਬਾ: 96537-90000
(Punjab Mail USA)



ਡਾ. ਬਲਵਿੰਦਰ ਤਨੇਜਾ
ਪੀ.ਐੱਚ.ਡੀ., ਕੰਪਿਊਟਰ ਐਪਲੀਕੇਸ਼ਨ
ਮੋਬਾ: 98725-73688
(Punjab Mail USA)



ਅੱਜ ਸਾਰੀ ਦੁਨੀਆਂ ਨੂੰ ਟੈਕਨਾਲੋਜੀ ਨੇ ਆਪਣੇ 'ਤੇ ਨਿਰਭਰ ਕਰ ਲਿਆ ਹੈ। ਇਸ ਤੋਂ ਬਿਨ੍ਹਾਂ ਸਾਡਾ ਚੱਲਣਾ ਔਖਾ ਹੋ ਗਿਆ ਹੈ। ਇਸ ਵਿਚ ਕੰਪਿਊਟਰ ਤੋਂ ਲੈ ਕੇ ਮੋਬਾਇਲ ਨੇ ਸਾਡੀ ਜ਼ਿੰਦਗੀ ਜਿਉਣ ਦੇ ਢੰਗ ਬਦਲ ਦਿੱਤੇ ਹਨ। ਇਹ ਟੈਕਨਾਲੋਜੀ ਸਭ ਤੋਂ ਛੇਤੀ ਬਦਲਦੀ ਹੈ। ਇਸ ਵਿਚ ਵਿਸ਼ਵ ਦੀਆਂ ਕੁੱਝ ਵੱਡੀਆਂ ਕੰਪਨੀਆਂ ਨੇ ਖੋਜ ਕਰਨੀ ਸ਼ੁਰੂ ਕੀਤੀ ਹੈ ਕਿ ਕੰਪਿਊਟਰ ਨੂੰ ਮਨੁੱਖ ਦੀ ਤਰ੍ਹਾਂ ਸੋਚਣ ਸਮਝਣ ਦੀ ਤਾਕਤ ਦਿੱਤੀ ਜਾ ਸਕੇ। ਇਸ ਨੂੰ ਨਾਮ ਦਿੱਤਾ ਹੈ ਆਰਟੀਫੀਸ਼ੀਅਲ ਇੰਟੈਲੀਜ਼ੈਂਸ ਦਾ। ਆਰਟੀਫੀਸ਼ੀਅਲ ਇੰਟੈਲੀਜ਼ੈਂਸ ਵਿਚ ਮਸ਼ੀਨੀ ਸਿਖਲਾਈ, ਡੂੰਘੀ ਸਿੱਖਿਆ (Deep Learning), ਨਿਊਰਲ ਨੈਟਵਰਕ (Neural Network) ਵਰਤੀ ਜਾਂਦੀ ਹੈ। ਮਸ਼ੀਨੀ ਸਿਖਲਾਈ ਦਾ ਮਤਲਬ ਹੈ, ਕੰਪਿਊਟਰ ਨੂੰ ਇੱਕ ਬੁੱਧੀਮਾਨ ਮਨੁੱਖ ਦੀ ਨਕਲ ਕਰਨ ਵਾਲਾ ਬਣਾਉਣਾ। ਡੂੰਘੀ ਸਿੱਖਿਆ (Deep Learning) ਦਾ ਮਤਲਬ ਹੈ ਕਿ ਪੁਰਾਣੇ ਜੋ ਅਨੁਭਵ ਹਨ, ਉਨ੍ਹਾਂ ਨੂੰ ਜਮ੍ਹਾਂ ਕੀਤਾ ਹੋਇਆ ਹੈ ਅਤੇ ਉਸ ਵਿਚ ਨਵੇਂ ਦਾ ਮਿਸ਼ਰਣ ਕਰਕੇ ਫਿਰ ਨਵਾਂ ਵਿਕਲਪ ਪ੍ਰਦਾਨ ਕਰਨਾ। ਨਿਊਰਲ ਨੈੱਟਵਰਕ ਦਾ ਕੰਮ ਹੈ ਕਿ ਮਨੁੱਖ ਦੇ ਦਿਮਾਗ ਦੇ ਰੁਝਾਨ ਨੂੰ ਸਮਝ ਕਿ ਉਸਦੇ ਹਿਸਾਬ ਨਾਲ ਮਸ਼ੀਨੀ ਸਿਖਲਾਈ ਅਤੇ ਡੂੰਘੀ ਸਿੱਖਿਆ ਲਈ ਵਰਤਿਆ ਜਾਂਦਾ ਹੈ।

ਇਸ ਦੀ ਖੋਜ ਵਿਚ ਸਭ ਤੋਂ ਵੱਧ ਯੋਗਦਾਨ ਪਾਉਣ ਵਾਲੀ ਕੰਪਨੀ ਹੈ "ਉਪਨ ਏ ਆਈ" (Open AI)। ਉਪਨ ਏ ਆਈ ਕੰਪਨੀ ਨੂੰ ਮੁੱਖ ਤੌਰ 'ਤੇ ਟੈਸਲਾ ਕੰਪਨੀ ਦੇ ਸੰਚਾਲਕ, ਐਲਨ ਮਸਕ ਨੇ ਚਲਾਇਆ ਹੈ ਅਤੇ ਕਈ ਹੋਰ ਕੰਪਨੀਆਂ ਦੀ ਹਿੱਸੇਦਾਰੀ ਵੀ ਹੈ। ਇਸ ਦੀ ਸਥਾਪਨਾ ਸਾਲ 2015 ਵਿਚ ਕੀਤੀ ਗਈ ਸੀ, ਤਾਂ ਜੋ ਆਮ ਲੋਕਾਂ ਦੀਆਂ ਸਮੱਸਿਆਵਾਂ ਦਾ ਹੱਲ ਕੱਢਿਆ ਜਾ ਸਕੇ। ਇਸ ਦੀ ਖੋਜ ਤਕਰੀਬਨ ਹਰ ਖੇਤਰ ਵਿਚ ਚੱਲ ਰਹੀ ਹੈ, ਜਿਵੇਂ ਸਿਹਤ, ਟਰਾਂਸਪੋਰਟ, ਮਨੋਰੰਜਨ, ਸਾਫਟਵੇਅਰ ਦਾ ਨਿਜਾਦ ਆਦਿ। ਇਹ ਕੰਪਨੀ ਇਸ ਵੇਲੇ ਫੇਰ ਸੁਰਖੀਆਂ ਵਿਚ ਹੈ ਆਪਣੀ ਨਵੀਂ ਕਾਢ ਕਰਕੇ। ਇਸ ਦੀ ਨਵੀਂ ਕਾਢ ਹੈ, ਚੈਟ ਜੀ.ਪੀ.ਟੀ.। ਚੈਟ ਜੀ.ਪੀ.ਟੀ. ਇੱਕ ਸੋਫਟਵੇਅਰ ਹੈ, ਜਿਸ ਨੂੰ ਖੋਲ੍ਹ ਕੇ ਤੁਸੀਂ ਹਰ ਵਿਸ਼ੇ 'ਤੇ ਵਿਸਥਾਰਤ ਜਾਣਕਾਰੀ ਇੱਕੋ ਜਗ੍ਹਾ ਤੋਂ ਲੈ ਸਕਦੇ ਹੋ। ਮਿਸਾਲ ਦੇ ਤੌਰ 'ਤੇ ਤੁਸੀਂ ਕਿਸੇ ਵਿਸ਼ੇ 'ਤੇ ਕੋਈ ਲੇਖ ਲਿਖਣਾ ਚਾਹੁੰਦੇ ਹੋ, ਤੁਸੀਂ ਸਾਈਟ ਖੋਲ੍ਹ ਕੇ ਵਿਸ਼ਾ ਲਿਖੋ, ਬਣਿਆ ਬਣਾਇਆ ਲੇਖ ਤੁਹਾਡੇ ਸਾਹਮਣੇ ਆ ਜਾਵੇਗਾ।

ਚੈਟ ਜੀ.ਪੀ.ਟੀ. ਨੂੰ 30 ਨਵੰਬਰ 2022 ਵਿਚ ਮਾਰਕੀਟ ਵਿਚ ਉਤਾਰਿਆ ਗਿਆ ਸੀ। ਅੱਜ ਇਸ ਗੱਲ 'ਤੇ ਚਰਚਾ ਕਰਦੇ ਹਾਂ ਕਿ ਇਹ ਹੈ ਕੀ ਅਤੇ ਇਸ ਦੇ ਸਮਾਜਿਕ ਫਾਇਦੇ ਨੁਕਸਾਨ ਕੀ ਹੋ ਸਕਦੇ ਹਨ। ਚੈਟ




ਜੀ.ਪੀ.ਟੀ., ਯਾਨੀ ਜਨਰੇਟਿਵ ਪ੍ਰੀਟੇਂਡ ਟ੍ਰਾਂਸਫਾਰਮਰ (ਪੂਰਵ-ਨਿਰਧਾਰਤ) ਇੱਕ ਏ.ਆਈ. ਆਧਾਰਿਤ ਸਾਫਟਵੇਅਰ ਹੈ, ਜੋ 2021 ਤੱਕ ਦਾ ਡਾਟਾ ਵਰਤ ਕੇ ਸਕਿੰਟਾਂ ਵਿਚ ਕੋਈ ਵੀ ਕਹਾਣੀ, ਕਵਿਤਾ, ਰੀਸਰਚ ਪੇਪਰ ਕਚੈਹਰੀ ਦਾ ਕੇਸ ਜਾਂ ਹੋਰ ਕੋਈ ਕੰਨਟੈਂਟ ਆਦਿ ਤਿਆਰ ਕਰਨ ਦੀ ਸਮਰੱਥਾ ਰੱਖਦੀ ਹੈ। ਇਸ ਵਿਚ ਧਿਆਨ ਯੋਗ ਗੱਲ ਹੈ ਕਿ 2021 ਤੱਕ ਦਾ ਡਾਟਾ ਤਸਦੀਕ ਕਰਕੇ ਪਾਇਆ ਗਿਆ ਹੈ। ਇਹ ਕੁੱਲ 95 ਭਾਸ਼ਾਵਾਂ ਵਿਚ ਸਮਰੱਥ ਹੈ, ਜਿਨ੍ਹਾਂ ਵਿਚੋਂ ਤਕਰੀਬਨ 18 ਭਾਰਤੀ ਭਾਸ਼ਾਵਾਂ ਹਨ। ਪੰਜਾਬੀ ਨੂੰ ਵੀ ਇਸ ਵਿਚ ਜਗ੍ਹਾ ਮਿਲੀ ਹੈ। ਇਸ ਦੀ ਭਾਸ਼ਾ 'ਤੇ ਕਮਾਂਡ ਬਹੁਤ ਵਧੀਆ ਹੈ। ਅਜੇ ਤੱਕ ਇਹ ਮੁਫਤ ਹੈ ਅਤੇ ਇਸ ਦਾ ਅਕਾਊਂਟ http/chat.openai.com 'ਤੇ ਜਾ ਕੇ ਬਣਾਇਆ ਜਾ ਸਕਦਾ ਹੈ। ਆਉਣ ਵਾਲੇ ਸਮੇਂ ਵਿਚ ਇਸ ਨੂੰ ਵਰਤਣ ਲਈ ਭੁਗਤਾਨ ਕਰਨਾ ਪੈ ਸਕਦਾ ਹੈ।

ਇਸ ਵਿਚ ਅਜੇ ਤੱਕ ਵੱਡੀ ਸਮੱਸਿਆ ਇਹ ਹੈ ਕਿ ਇਹ ਪੁਰਾਣਾ ਡਾਟਾ (2021 ਤੱਕ ਦਾ) ਵਰਤਦਾ ਹੈ ਪਰ ਇਸ ਵਿਚ ਅੱਗੋਂ ਰਿਸਰਚ ਦਾ ਕੰਮ ਜਾਰੀ ਹੈ ਕਿ ਇਸ ਨੂੰ ਲਾਈਵ ਡਾਟੇ ਨਾਲ ਜੋੜਿਆ ਜਾ ਸਕੇ। ਹਾਲ ਹੀ ਵਿਚ ਮਾਈਕਰੋਸਾਫਟ ਕੰਪਨੀ ਜੋ ਉਪਨ ਏ.ਆਈ. ਵਿਚ ਇੱਕ ਤਕਰੀਬਨ ਬਿਲੀਅਨ ਡਾਲਰ ਦੀ ਨਿਵੇਸ਼ਕ ਹੈ, ਨੇ ਇਸ ਨੂੰ ਆਪਣੇ ਸਰਚ ਇੰਜਨ ਬਿੰਗ ਨਾਲ ਜੋੜਿਆ ਹੈ। ਪਰ ਅਜੇ ਉਸਦੇ ਨਤੀਜੇ ਠੀਕ ਨਹੀਂ ਆਏ, ਯਾਨੀ ਕਹਿਣ ਦਾ ਭਾਵ ਹੈ, ਜੋ ਜਾਣਕਾਰੀ ਮੰਗੀ ਗਈ ਸੀ, ਉਹ ਪੂਰੀ ਠੀਕ ਨਹੀਂ ਪਾਈ ਗਈ। ਇਸ ਵਿਚ ਹੈਰਾਨੀਜਨਕ ਖੁਲਾਸੇ ਹੋਏ, ਜਦੋਂ ਕਿਸੇ ਉਪਭੋਗਤਾ ਨੇ ਦੋ ਵਾਰ ਚੈਟ ਜੀ.ਪੀ.ਟੀ. ਨੂੰ ਗਲਤ ਕਹਿ ਦਿੱਤਾ, ਤਾਂ ਉਸ ਨੇ ਆਪਣਾ ਗੁੱਸਾ ਜ਼ਾਹਿਰ ਕਰਨ ਲਈ ਗੁੱਸੇ ਵਾਲੀ ਔਮੋਜੀ ਬਣਾ ਕੇ ਭੇਜ ਦਿੱਤੀ। ਬਿਲਕੁੱਲ ਉਸ ਤਰ੍ਹਾਂ ਜਿਸ ਤਰ੍ਹਾਂ ਕੋਈ ਜਿਉਂਦਾ ਵਿਅਕਤੀ ਸ਼ਕਲ ਬਣਾਉਂਦਾ ਹੈ। ਇਸ ਤਰ੍ਹਾਂ ਦੇ ਕੰਟੈਂਟ ਨੂੰ ਸਿੰਥੈਟਿਕ ਕੰਟੈਂਟ ਕਹਿੰਦੇ ਹਨ। ਇਸ ਦੇ ਮੁਕਾਬਲੇ ਵਿਚ ਗੂਗਲ ਨੇ ਵੀ ਆਪਣਾ ਸਾਫਟਵੇਅਰ ਲਿਆਂਦਾ ਹੈ, ਜਿਸ ਦਾ ਨਾਮ 'ਬਾਰਡ' ਹੈ ਪਰ ਇਸ ਨੇ ਅਜੇ ਕੰਪਨੀ ਵਿਚ ਕੰਮ ਕਰਨ ਵਾਲਿਆਂ ਨੂੰ ਹੀ ਟੈਸਟ ਕਰਨ ਲਈ ਦਿੱਤਾ ਹੈ।

ਗਾਰਟਨਰ ਵੈੱਬਸਾਈਟ ਨੇ ਦਾਅਵਾ ਕੀਤਾ ਹੈ ਕਿ ਅਜੇ ਤੱਕ ਮਾਰਕਿਟਿੰਗ ਆਊਟਬਾਊਂਡ ਸੁਨੇਹਾ ਪੈਦਾ ਕਰਨ ਵਾਲੇ ਕੰਮ ਦੀ ਮਾਰਕੀਟ 2 ਪ੍ਰਤੀਸ਼ਤ ਹੈ, ਜੋ ਕਿ 2025 ਤੱਕ ਵੱਧ ਕੇ 30 ਪ੍ਰਤੀਸ਼ਤ ਤੱਕ ਹੋ ਜਾਵੇਗੀ। ਅੱਜ ਜੇ 'ਟੈਕਸਟ' ਨਾਲ 'ਵੀਡੀਓ' ਨੂੰ ਜੋੜ ਲਈਏ, ਤਾਂ ਅਨੁਮਾਨ ਹੈ ਕਿ 2030 ਤੱਕ 90 ਫੀਸਦੀ ਫਿਲਮ ਉਦਯੋਗ ਵਿਚ ਫਿਲਮਾਂ ਇਸ ਢੰਗ ਨਾਲ ਬਣਨਗੀਆਂ। ਅੱਜ ਵੀ ਏ.ਆਈ. ਦੇ ਐਸੇ ਸਾਫਟਵੇਅਰ ਹਨ, ਜੇ ਤੁਸੀਂ ਉਸ ਵਿਚ ਕੰਨਟੈਂਟ ਪਾ ਦਿਓ, ਤਾਂ ਉਹ ਉਸਦੀ ਤਸਵੀਰ ਬਣਾ ਦੇਵੇਗਾ ਜਾਂ ਉਸ ਤੋਂ ਵੀਡੀਓ ਬਣਵਾ ਲਓ। ਯਾਨੀ ਚੈਟ ਜੀ.ਪੀ.ਟੀ. ਦੁਆਰਾ ਤਿਆਰ ਕੀਤਾ ਕੰਨਟੈਂਟ ਵਰਤ ਕੇ ਉਸਦੀ ਜੁੜਦੀ ਤਸਵੀਰ ਜਾਂ ਵੀਡੀਓ ਬਣਾਈ ਜਾ ਸਕਦੀ ਹੈ। ਇਹ ਡਾਟਾ 'ਸਿੰਥੈਟਿਕ ਡਾਟਾ' ਹੋਊਗਾ ਕਿਉਂਕਿ ਇਸ ਨੂੰ ਇਨਸਾਨ ਨੇ ਨਹੀਂ, ਬਲਕਿ ਮਸ਼ੀਨ ਨੇ ਬਣਾਇਆ ਹੈ।

ਅੱਜ ਹਰ ਪਾਸੇ ਇਸ ਦੇ ਚਰਚੇ ਹਨ, ਕਿਉਂਕਿ, ਇਸਨੇ ਲੋਕਾਂ ਦਾ ਕੰਮ ਸੌਖਾ ਕਰਨਾ ਹੈ। ਅੱਜ ਤੱਕ ਅਸੀਂ ਕੁੱਝ ਵੀ ਲਿਖਣਾ, ਪੜ੍ਹਨਾ ਹੋਵੇ ਜਾਂ ਕਿਤੇ ਬੋਲਣਾ ਹੋਵੇ ਅਸੀਂ ਕੁੱਝ ਕਿਤਾਬਾਂ, ਰਸਾਲੇ, ਅਖ਼ਬਾਰਾਂ ਪੜ੍ਹਦੇ ਸੀ, ਫਿਰ ਇਨ੍ਹਾਂ ਨਾਲ ਇੰਟਰਨੈੱਟ ਤੋਂ ਵੀ ਜਾਣਕਾਰੀ ਲੈਂਦੇ ਸੀ। ਅਖੀਰ 'ਤੇ ਸਾਰੇ ਪਾਸਿਉਂ ਕੁੱਝ ਨਾ ਕੁੱਝ ਲੈ ਕੇ ਆਪਣਾ ਦਿਮਾਗ ਲਗਾ ਕੇ ਕੋਈ ਲਿਖਤ ਜਾਂ ਭਾਸ਼ਣ ਤਿਆਰ ਕਰਦੇ ਸੀ। ਹੁਣ ਸਭ ਕੁੱਝ ਇੱਕ ਬਟਨ ਨੱਪਦੇ ਹੀ ਤਿਆਰ ਬਰ ਤਿਆਰ ਮਿਲੂਗਾ। ਯਾਨੀ ਸਾਨੂੰ ਕਈ ਦਿਨਾਂ ਮਹੀਨਿਆਂ ਦੀ ਮਿਹਨਤ ਕਰਨ ਦੀ ਲੋੜ ਨਹੀਂ। ਇਸ ਨੂੰ ਕਿਹਾ ਜਾ ਰਿਹਾ ਹੈ ਕਿ ਇਹ ਮਨੁੱਖ ਦੀ ਕੁਸ਼ਲਤਾ ਵਧਾਏਗਾ, ਗੱਲ ਠੀਕ ਵੀ ਹੈ। ਪਰ ਇਸ ਦਾ ਦੂਜਾ ਪੱਖ ਜਦੋਂ ਘੋਖਦੇ ਹਾਂ, ਤਾਂ ਡਰ ਵੀ ਲੱਗਦਾ ਹੈ।

ਜਿੱਥੇ ਇਹ ਕੁਸ਼ਲਤਾ ਵੱਲ ਨੂੰ ਤੋਰਦਾ ਹੈ, ਉੱਥੇ ਹੀ ਇਹ ਲੋਕਾਂ ਦੀ ਸਿਰਜਣਾਤਮਿਕਤਾ (Creativity) ਨੂੰ ਖਤਮ ਕਰਦਾ ਨਜ਼ਰ ਆਉਂਦਾ ਹੈ। ਜਿਵੇਂ ਕਿ ਵਿਦਿਆਰਥੀ ਹਨ, ਉਨ੍ਹਾਂ ਨੂੰ ਸਕੂਲ/ਕਾਲਜ ਤੋਂ ਕੰਮ ਮਿਲਿਆ, ਉਨ੍ਹਾਂ ਨੇ ਸਿੱਧਾ ਇਸ 'ਤੇ ਜਾ ਕੇ ਕੰਮ ਦਾ ਪ੍ਰਿੰਟ ਲੈ ਲੈਣਾ ਹੈ। ਇਸ ਦੇ ਨਾਲ ਪ੍ਰੋਫੈਸ਼ਨ ਨੌਕਰੀਆਂ 'ਤੇ ਵੀ ਖਤਰਾ ਮੰਡਰਾਉਣਾ ਸ਼ੁਰੂ ਹੋ ਗਿਆ, ਜਿਵੇਂ 2013 ਵਿਚ ਆਕਸਫੋਰਡ ਯੂਨੀਵਰਸਿਟੀ ਨੇ ਆਪਣੀ ਇੱਕ ਰੀਸਰਚ ਵਿਚ ਅਨੁਮਾਨ ਲਾਇਆ ਸੀ ਕਿ ਆਉਣ ਵਾਲੇ 20 ਸਾਲਾਂ ਵਿਚ ਏ.ਆਈ. ਤਕਰੀਬਨ 47 ਪ੍ਰਤੀਸ਼ਤ ਨੌਕਰੀਆਂ ਖਤਮ ਕਰ ਦੇਵੇਗਾ। ਇਸ ਦੇ ਸਭ ਤੋਂ ਪਹਿਲੇ ਸ਼ਿਕਾਰ ਕੰਪਿਊਟਰ ਪ੍ਰੋਫੈਸ਼ਨਲ ਹੀ ਹੋਣਗੇ, ਜਿਵੇਂ ਸਾਫਟਵੇਅਰ ਡੀਵੈਲਪਰ, ਵੈੱਬ ਡੀਵੈਲਪਰ, ਕੰਪਿਊਟਰ ਪ੍ਰੋਗਰਾਮਰ, ਕੋਡਰ ਅਤੇ ਡਾਟਾ ਸਾਇੰਸਦਾਨ ਕਿਉਂਕਿ ਇਨ੍ਹਾਂ ਦਾ ਕੰਮ ਚੈੱਟ ਜੀ.ਪੀ.ਟੀ. ਨੇ ਝੱਟਪੱਟ ਪੁਖਤਾ ਤਰੀਕੇ ਨਾਲ ਕਰ ਦੇਣਾ ਹੈ। ਪਰ ਇਸ ਦੇ ਨਾਲ ਕੁੱਝ ਲੋਕਾਂ ਨੂੰ ਏ.ਆਈ. ਦੇ ਵਿਚ ਨੌਕਰੀ ਵੀ ਮਿਲੇਗੀ, ਜੇ ਉਹ ਆਪਣੇ ਹੁਨਰ ਨੂੰ ਉਸ ਤਰੀਕੇ ਨਾਲ ਢਾਲ ਲੈਂਦੇ ਹਨ ਪਰ ਫਾਇਦੇ ਨਾਲੋਂ ਨੌਕਰੀ ਜਾਣ ਦਾ ਨੁਕਸਾਨ ਜ਼ਿਆਦਾ ਹੋਊਗਾ। ਇਸ ਦੇ ਨਾਲ ਇਸਦਾ ਸਿੱਧਾ ਅਸਰ ਪਊਗਾ, ਜੋ ਸਾਡੇ ਫਾਇਨੈਸ਼ੀਅਲ ਅਡਵਾਈਜ਼ਰ ਹਨ, ਉਨ੍ਹਾਂ ਦੇ ਕੰਮ ਉੱਪਰ। ਅੱਜ ਲੋਕੀ ਪੈਸਾ ਕਿੱਥੇ ਤੇ ਕਿਵੇਂ ਲਗਾਉਣਾ ਹੈ, ਇਸ ਉੱਪਰ ਲੋਕ ਸਲਾਹਾਂ ਦਿੰਦੇ ਹਨ। ਇਹ ਸਭ ਫਿਰ ਸਾਨੂੰ ਚੈਟ ਜੀ.ਪੀ.ਟੀ. ਨਾਲ ਹੀ ਮਿਲ ਜਾਊਗਾ।

ਇਸ ਤੋਂ ਇਲਾਵਾ ਜੋ ਲੋਕ ਵਿਗਿਆਪਨ ਕੰਪਨੀਆਂ ਵਿਚ ਲੱਗੇ ਹੋਏ ਹਨ ਅਤੇ ਕੰਨਟੈਂਟ ਲਿਖਦੇ ਹਨ, ਉਨ੍ਹਾਂ ਦੀਆਂ ਉਮੀਦਾਂ 'ਤੇ ਵੀ ਪਾਣੀ ਫਿਰਦਾ ਨਜ਼ਰ ਆਉਂਦਾ ਹੈ। ਇਹ ਸਭ ਕੰਮ ਹੁਣ ਚੈਟ ਜੀ.ਪੀ.ਟੀ. ਨਾਲ ਸਸਤੇ ਵਿਚ ਹੋ ਸਕੂਗਾ। ਇਸੇ ਤਰ੍ਹਾਂ ਇਸ ਦਾ ਅਸਰ ਅਧਿਆਪਕ ਵਰਗ 'ਤੇ ਵੀ ਦੇਖਣ ਨੂੰ ਮਿਲ ਸਕਦਾ ਹੈ ਕਿਉਂਕਿ ਚੈਟ ਜੀ.ਪੀ.ਟੀ. ਵਿਦਿਆਰਥੀਆਂ ਦੀਆਂ ਮੁਸ਼ਕਿਲਾਂ ਲਈ ਇੱਕ ਟਿਊਸ਼ਨ ਵਾਲਾ ਅਧਿਆਪਕ ਬਣ ਜਾਊਗਾ, ਜਿਸ ਨਾਲ ਉਹ ਆਪਣੀਆਂ ਮੁਸ਼ਕਿਲਾਂ ਦਾ ਬਿਹਤਰ ਸਮਾਧਾਨ ਲੈ ਸਕਦਾ ਹੈ। ਪਰ ਨਾਲ ਉਨ੍ਹਾਂ ਅਧਿਆਪਕਾਂ ਨੂੰ ਸੁਧਾਰੂਗਾ ਵੀ, ਜੋ ਚਿੱਟਿਆਂ ਤੋਂ ਖਾਖੀ ਹੋਏ ਕਾਗਜ਼ਾਂ ਤੋਂ ਹੀ ਪੜ੍ਹਾਈ ਜਾਂਦੇ ਹਨ। ਇਸ ਦਾ ਇੱਕ ਪੱਖ ਹੋਰ ਵੀ ਜਿਵੇਂ ਕਿ ਦੇਖਿਆ ਗਿਆ ਹੈ ਕਿ ਪਿਛਲੇ ਦਹਾਕੇ ਵਿਚ ਬਹੁਤੀ, ਰਿਸਰਚ ਕੰਪਿਊਟਰ ਉੱਪਰ ਜੋੜ-ਤੋੜ ਕਰਕੇ ਪੇਪਰ ਲਿਖਣ ਤੱਕ ਹੀ ਸੀਮਿਤ ਹੋ ਕੇ ਰਹਿ ਗਈ ਹੈ। ਹੁਣ ਇੰਨੀਂ ਮਿਹਨਤ ਵੀ ਨਹੀਂ ਕਰਨੀ ਪੈਣੀ, ਸਿੱਧਾ ਆਪਣਾ ਵਿਸ਼ਾ ਪਾਉ, ਉਸਦਾ ਦਾ ਰੀਸਰਚ ਪੇਪਰ ਬਣ ਕੇ ਤਿਆਰ। ਜੇ ਕੋਈ ਤਬਦੀਲੀ ਚਾਹੁੰਦੇ ਹੋ, ਤਾਂ ਉਹ ਵੀ ਹੋ ਜਾਊਗੀ। ਇਸ ਵਿਚ ਲੋਕ ਕਹਿਣਗੇ ਕਿ ਸਾਹਿਤਕ ਚੋਰੀ (ਪਲੈਜ਼ਰਿਜ਼ਮ ਪ੍ਰੋਗਰਾਮ) ਨਾਲ ਚੈੱਕ ਹੋ ਜਾਊਗਾ। ਉਸ ਵਿਚ ਗਰਾਮਰ ਵਾਲੀ ਟੂਲ ਲਗਾ ਦਿਓ, ਉਸ ਤੋਂ ਵੀ ਨਿਜ਼ਾਦ ਮਿਲ ਜਾਊਗੀ। ਕਈ ਵਕੀਲਾਂ ਨਾਲ ਛੋਟੇ ਵਕੀਲ ਜਾਂ ਅਸਿਸਟੈਂਟ ਲੱਗੇ ਹਨ, ਜੋ ਕੇਸ ਤਿਆਰ ਕਰਨ ਵਿਚ ਮਦਦ ਕਰਦੇ ਹਨ, ਉਨ੍ਹਾਂ ਦੀਆਂ ਨੌਕਰੀਆਂ ਵੀ ਖਤਰੇ ਵਿਚ ਹਨ। ਇਸੇ ਤਰ੍ਹਾਂ ਜੋ ਖੇਤੀਬਾੜੀ ਅਫ਼ਸਰ ਕਿਸਾਨਾਂ ਨੂੰ ਸਲਾਹ ਦਿੰਦੇ ਹਨ, ਉਹ ਵੀ ਹੁਣ ਚੈਟ ਜੀ.ਪੀ.ਟੀ. ਤੋਂ ਲੈ ਸਕਣਗੇ। ਬੀਤੇ ਦਿਨੀਂ ਅਮਰੀਕੀ ਰਾਸ਼ਟਰਪਤੀ ਨੇ ਵੀ ਇਸ 'ਤੇ ਖਦਸ਼ੇ ਜਤਾਏ ਹਨ। ਇਟਲੀ ਨੇ ਡਾਟਾ ਦੀ ਚੋਰੀ ਕਾਰਨ ਇਸ ਨੂੰ ਬੈਨ ਕਰ ਦਿੱਤਾ ਹੈ, ਜਦਕਿ ਜਰਮਨੀ ਨੇ ਉਪਨ ਏ.ਆਈ. ਨੂੰ ਚੇਤਾਵਨੀ ਦਿੱਤੀ ਹੈ। ਚੀਨ, ਰੂਸ ਅਤੇ ਨਾਰਥ ਕੋਰੀਆ ਨੇ ਆਪਣੇ ਦੇਸ਼ਾਂ ਵਿਚ ਇਸ ਚਲਾਉਣ 'ਤੇ ਪਾਬੰਦੀ ਲਾਈ ਹੋਈ ਹੈ।

ਨਿਚੋੜ:- ਜਦੋਂ ਵੀ ਕੋਈ ਨਵੀਂ ਟੈਕਨਾਲੋਜੀ ਆਉਂਦੀ ਹੈ, ਉਸਦੇ ਫਾਇਦੇ ਨੁਕਸਾਨ ਇਕੱਠੇ ਹੀ ਆਉਂਦੇ ਹਨ, ਕਿਸੇ ਲਈ ਇਹ ਫਾਇਦਾ ਬਣੂਗੀ ਤੇ ਕਿਸੇ ਲਈ ਨੁਕਸਾਨ। ਇਹ ਹੁਣ ਦੇਸ਼ ਦੀ ਆਬਾਦੀ 'ਤੇ ਨਿਰਭਰ ਕਰੂਗਾ ਕਿ ਕਿਸ ਲਈ ਇਹ ਕੀ ਬਣਦੀ ਹੈ।

# ਅਲੋਪ ਹੋ ਚੁੱਕੇ ਜੀਵਾਂ ਨੂੰ ਸੁਰਜੀਤ ਕਰਨ ਦੀ ਪਹਿਲਕਦਮੀ


-ਵਿਜੈ ਗਰਗ
ਰਿਟਾਇਰਡ ਪ੍ਰਿੰਸੀਪਲ
ਐਜੂਕੇਸ਼ਨਲ ਕਾਲਮਨਵੀਸ,
ਮਲੋਟ ਪੰਜਾਬ
(Punjab Mail USA)



ਵਿਗਿਆਨੀ ਲੰਬੇ ਸਮੇਂ ਤੋਂ ਡੋਡੋ ਅਤੇ ਉੱਨੀ ਮੈਮਥ ਵਰਗੇ ਅਲੋਪ ਹੋ ਚੁੱਕੇ ਜੀਵਾਂ ਨੂੰ ਜ਼ਿੰਦਾ ਕਰਨ ਦੀ ਯੋਜਨਾ ਬਣਾ ਰਹੇ ਹਨ। ਕੋਲੋਸਲ ਬਾਇਓਸਾਇੰਸ ਨਾਮ ਦੀ ਇੱਕ ਅਮਰੀਕੀ ਕੰਪਨੀ ਨੇ ਡੋਡੋ ਅਤੇ ਹੋਰ ਅਲੋਪ ਹੋ ਚੁੱਕੀਆਂ ਜਾਤੀਆਂ ਨੂੰ ਮੁੜ ਸੁਰਜੀਤ ਕਰਨ ਲਈ ਇੱਕ ਪ੍ਰੋਜੈਕਟ ਲਈ $140 ਮਿਲੀਅਨ ਤੋਂ ਵੱਧ ਇਕੱਠੇ ਕੀਤੇ ਹਨ। ਧਿਆਨ ਰਹੇ ਕਿ ਡੋਡੋ ਪੰਛੀ ਮਾਰੀਸ਼ਸ ਵਿਚ ਪਾਏ ਗਏ ਸਨ। ਕਬੂਤਰ ਵਰਗਾ ਇਹ ਪੰਛੀ ਉੱਡ ਨਹੀਂ ਸਕਦਾ ਸੀ। ਟਾਪੂਆਂ 'ਤੇ ਪਾਏ ਜਾਣ ਵਾਲੇ ਬਹੁਤ ਸਾਰੇ ਉਡਾਣ ਰਹਿਤ ਪੰਛੀਆਂ ਵਾਂਗ, ਡੋਡੋ ਬਾਂਦਰਾਂ ਅਤੇ ਬਿੱਲੀਆਂ ਦਾ ਸ਼ਿਕਾਰ ਹੋ ਗਿਆ। ਲੋਕਾਂ ਦੇ ਪਰਵਾਸ ਦੁਆਰਾ ਲਿਆਂਦਾ ਗਿਆ ਸੀ। ਇਹ ਪੰਛੀ 1600 ਦੇ ਅੱਧ ਵਿਚ ਅਲੋਪ ਹੋ ਗਿਆ ਸੀ। ਇੱਕ ਵਾਰ ਉਮੀਦ ਸੀ ਕਿ ਕਲੋਨਿੰਗ ਤਕਨਾਲੋਜੀ ਕੁਝ ਅਲੋਪ ਹੋ ਚੁੱਕੀਆਂ ਜਾਤੀਆਂ ਨੂੰ ਮੁੜ ਸੁਰਜੀਤ ਕਰ ਸਕਦੀ ਹੈ। ਸਾਈਬੇਰੀਆ ਦੇ ਪਰਮਾਫ੍ਰੌਸਟ ਵਿਚ ਮੈਮਥਸ ਜੰਮੇ ਹੋਏ ਪਾਏ ਜਾਣ 'ਤੇ ਵਿਗਿਆਨੀ ਉਤਸ਼ਾਹਿਤ ਹੋ ਗਏ। ਪਰ ਬਾਅਦ ਵਿਚ ਪਤਾ ਲੱਗਾ ਕਿ ਉਨ੍ਹਾਂ ਦੇ ਜੀਨ ਬਹੁਤ ਖੰਡਿਤ ਸਨ। ਹਾਲ ਹੀ ਦੇ ਸਾਲਾਂ ਵਿਚ, ਡੀ.ਐੱਨ.ਏ. ਨੂੰ ਕ੍ਰਮਬੱਧ ਕਰਨ ਵਿਚ ਬਹੁਤ ਜ਼ਿਆਦਾ ਤਰੱਕੀ ਕੀਤੀ ਗਈ ਹੈ, ਜਿਸ ਕਾਰਨ ਵਿਗਿਆਨੀ ਲੰਬੇ ਸਮੇਂ ਤੋਂ ਅਲੋਪ ਹੋ ਚੁੱਕੇ ਜੀਵਾਂ ਦੇ ਜੈਨੇਟਿਕ ਕੋਡ ਨੂੰ ਸਥਾਪਤ ਕਰਨ ਦੇ ਯੋਗ ਹੋ ਗਏ ਹਨ। ਤਸਮਾਨੀਅਨ ਟਾਈਗਰ, ਯਾਤਰੀ ਕਬੂਤਰ ਅਤੇ ਮਹਾਨ ਔਕ ਇੱਕ ਸਦੀ ਪਹਿਲਾਂ ਅਲੋਪ ਹੋ ਗਏ ਸਨ। ਉਨ੍ਹਾਂ ਦੇ ਜੀਨਾਂ ਨੂੰ ਕ੍ਰਮਬੱਧ ਕੀਤਾ ਗਿਆ ਹੈ। ਇਸੇ ਤਰ੍ਹਾਂ, ਕੁਝ ਹਜ਼ਾਰ ਸਾਲ ਪਹਿਲਾਂ ਅਲੋਪ ਹੋ ਗਏ ਹਾਥੀ ਦੇ ਰਿਸ਼ਤੇਦਾਰ, ਉੱਨੀ ਮੈਮਥ ਦੇ ਜੀਨੋਮ ਨੂੰ ਵੀ ਕ੍ਰਮਬੱਧ ਕੀਤਾ ਗਿਆ ਹੈ। ਸਭ ਤੋਂ ਵੱਡੀ ਹੈਰਾਨੀ ਉਦੋਂ ਹੋਈ, ਜਦੋਂ 1997 ਵਿਚ ਇੱਕ ਸਵੀਡਿਸ਼ ਵਿਗਿਆਨੀ ਨੇ ਨਿਏਂਡਰਥਲ ਮਨੁੱਖਾਂ ਦੇ ਡੀ.ਐੱਨ.ਏ. ਦਾ ਨਕਸ਼ਾ ਤਿਆਰ ਕੀਤਾ, ਜੋ 40,000 ਸਾਲ ਪਹਿਲਾਂ ਅਲੋਪ ਹੋ ਗਿਆ ਸੀ। ਪਿਛਲੇ ਸਾਲ ਡੋਡੋ ਦੇ ਜੈਨੇਟਿਕ ਕੋਡ ਨੂੰ ਸਮਝਣ ਵਿਚ ਸਫਲਤਾ ਮਿਲੀ। ਫਿਲਮ ਜੁਰਾਸਿਕ ਪਾਰਕ ਵਿਚ ਦਰਸਾਏ ਗਏ ਦ੍ਰਿਸ਼ਾਂ ਦੇ ਜੀਵਨ ਵਿਚ ਆਉਣ ਦੀ ਸੰਭਾਵਨਾ ਨਹੀਂ ਹੈ ਕਿਉਂਕਿ ਲੱਖਾਂ ਸਾਲ ਪਹਿਲਾਂ ਮਰਨ ਵਾਲੇ ਡਾਇਨੋਸੌਰਸ ਦੇ ਫਾਸਿਲ ਦੁਰਲੱਭ ਹਨ ਅਤੇ ਉਨ੍ਹਾਂ ਦੀ ਜੈਨੇਟਿਕ ਸਮੱਗਰੀ ਲੰਬੇ ਸਮੇਂ ਤੋਂ ਖਿੱਲਰ ਗਈ ਹੈ। ਦਰੱਖਤ ਦੇ ਤਣੇ ਦੇ ਗੱਮ (ਅੰਬਰ) ਵਿਚ ਬੰਦੀ ਬਣਾਏ ਗਏ ਮੱਛਰਾਂ ਤੋਂ ਡਾਇਨਾਸੌਰ ਜੀਨਾਂ ਨੂੰ ਕੱਢਣਾ ਇੱਕ ਵਿਗਿਆਨਕ ਗਲਪ ਫਿਲਮ ਲਈ ਇੱਕ ਵਧੀਆ ਪਲਾਟ ਬਣ ਸਕਦਾ ਹੈ, ਪਰ ਇਹ ਅਭਿਆਸ ਵਿਚ ਕੰਮ ਨਹੀਂ ਕਰ ਸਕਦਾ। ਹਾਲਾਂਕਿ, ਡੋਡੋ ਦੇ ਮਾਮਲੇ ਵਿਚ, ਜੈਨੇਟਿਕਸ ਥੋੜਾ ਸਰਲ ਲੱਗਦਾ ਹੈ। ਅਲੋਪ ਹੋ ਚੁੱਕੀਆਂ ਪ੍ਰਜਾਤੀਆਂ ਦੇ ਪੁਨਰ ਜਨਮ ਤੋਂ ਪਹਿਲਾਂ, ਵਿਗਿਆਨੀਆਂ ਨੂੰ ਚਾਹੀਦਾ ਹੈ, ਹੋਰ ਛਾਲ ਮਾਰਨ ਦੀ ਲੋੜ ਨਹੀਂ ਹੈ। ਇਹ ਸਭ ਵਰਤਮਾਨ ਵਿਚ ਅਸੰਭਵ ਹਨ ਪਰ ਭਵਿੱਖ ਵਿਚ ਸੰਭਵ ਹੋ ਸਕਦਾ ਹੈ। ਸਭ ਤੋਂ ਪਹਿਲਾਂ, ਵਿਗਿਆਨੀਆਂ ਨੂੰ ਅਲੋਪ ਹੋ ਚੁੱਕੀਆਂ ਪ੍ਰਜਾਤੀਆਂ ਦੇ ਜੀਵਤ ਰਿਸ਼ਤੇਦਾਰਾਂ ਦੇ ਸੈੱਲਾਂ ਦੇ ਜੀਨਾਂ ਨੂੰ ਸੰਪਾਦਿਤ ਕਰਨ ਦੇ ਯੋਗ ਹੋਣ ਦੀ ਲੋੜ ਹੋਵੇਗੀ, ਤਾਂ ਜੋ ਉਨ੍ਹਾਂ ਨੂੰ ਅਲੋਪ ਹੋ ਚੁੱਕੀਆਂ ਪ੍ਰਜਾਤੀਆਂ ਦੇ ਸਮਾਨ ਬਣਾਇਆ ਜਾ ਸਕੇ। ਡੋਡੋ ਦਾ ਸਭ ਤੋਂ ਨਜ਼ਦੀਕੀ ਚਚੇਰਾ ਭਰਾ ਨਿਕੋਬਾਰ ਕਬੂਤਰ ਹੈ ਅਤੇ ਮੈਮਥ ਭਾਰਤੀ ਹਾਥੀ ਦਾ ਸਭ ਤੋਂ ਨਜ਼ਦੀਕੀ ਰਿਸ਼ਤੇਦਾਰ ਹੈ। 2012 ਵਿਚ ਜੀਨ ਸੰਪਾਦਨ ਦੀ ਕਾਢ ਤੋਂ ਬਾਅਦ, ਅਲੋਪ ਹੋ ਚੁੱਕੇ ਜੀਵਾਂ ਨੂੰ ਮੁੜ ਸੁਰਜੀਤ ਕਰਨ ਦੀ ਗੱਲ ਹੁਣ ਵਿਗਿਆਨਕ ਗਲਪ ਨਹੀਂ ਰਹੀ। ਪਰ ਮੌਜੂਦਾ ਜੀਨ ਸੰਪਾਦਨ ਤਕਨੀਕ ਏ ਇੱਕ ਕਬੂਤਰ ਦੇ ਜੀਨੋਮ (ਇੱਕ ਸੈੱਲ ਵਿਚ ਪਾਏ ਜਾਣ ਵਾਲੇ ਡੀ.ਐੱਨ.ਏ. ਦਾ ਪੂਰਾ ਸੈੱਟ) ਤੋਂ ਇੱਕ ਡੋਡੋ ਜੀਨੋਮ ਬਣਾਉਣਾ ਵੱਡੇ ਪੈਮਾਨੇ 'ਤੇ ਸ਼ੁੱਧਤਾ ਨਾਲ ਨਹੀਂ ਕੀਤਾ ਜਾ ਸਕਦਾ ਹੈ ਕਿਉਂਕਿ ਇਸ ਲਈ ਲੱਖਾਂ ਛੋਟੀਆਂ ਤਬਦੀਲੀਆਂ ਦੀ ਲੋੜ ਹੋਵੇਗੀ। ਫਿਰ ਵੀ ਤਕਨਾਲੋਜੀ ਤੇਜ਼ੀ ਨਾਲ ਅੱਗੇ ਵਧ ਰਹੀ ਹੈ ਅਤੇ ਇੱਕ ਦਹਾਕੇ ਦੇ ਅੰਦਰ ਇੱਕ ਡੋਡੋ ਦੇ ਪੂਰੇ ਜੀਨੋਮ ਨੂੰ ਇੱਕ ਕਬੂਤਰ ਸੈੱਲ ਵਿਚ ਫਿੱਟ ਕਰਨਾ ਸੰਭਵ ਹੋ ਸਕਦਾ ਹੈ। ਅਗਲਾ ਕਦਮ ਉਸ ਸੈੱਲ ਨੂੰ ਇੱਕ ਪੰਛੀ ਵਿਚ ਬਦਲਣਾ ਹੋਵੇਗਾ। ਕੁਝ ਸਾਲ ਪਹਿਲਾਂ ਵੀ ਇਹ ਅਸੰਭਵ ਜਾਪਦਾ ਸੀ। ਸਕਾਟਲੈਂਡ ਦੇ ਰੋਸਲਿਨ ਇੰਸਟੀਚਿਊਟ ਦੇ ਵਿਗਿਆਨੀਆਂ ਨੇ ਬਤਖ ਦੇ ਭਰੂਣ ਵਿਚ ਇੱਕ ਮੁਰਗਾ ਉਗਾਇਆ ਹੈ। ਸਟੈਮ ਸੈੱਲਾਂ ਨੂੰ ਟ੍ਰਾਂਸਪਲਾਂਟ ਕਰਨ ਦਾ ਤਰੀਕਾ ਲੱਭਿਆ। ਇੱਕ ਦਿਨ ਘਰੇਲੂ ਕਬੂਤਰਾਂ ਦਾ ਨਰ ਅਤੇ ਮਾਦਾ ਸਮੂਹ ਡੋਡੋ ਸ਼ੁਕ੍ਰਾਣੂ ਅਤੇ ਡੋਡੋ ਅੰਡੇ ਪੈਦਾ ਕਰਨ ਦੇ ਯੋਗ ਹੋ ਜਾਵੇਗਾ। ਇਕੱਠੇ ਮਿਲ ਕੇ ਇੱਕ ਪੂਰਨ ਡੋਡੋ ਨੂੰ ਜਨਮ ਦੇਣਗੇ। ਮੈਮਥਾਂ ਨੂੰ ਦੁਬਾਰਾ ਜ਼ਿੰਦਾ ਕਰਨਾ ਵਧੇਰੇ ਮੁਸ਼ਕਲ ਹੋਵੇਗਾ ਕਿਉਂਕਿ ਮੈਮਥ ਭਰੂਣਾਂ ਨੂੰ ਇਮਪਲਾਂਟ ਕਰਨ ਲਈ ਢੁਕਵੀਂ ਕੁੱਖ ਲੱਭਣਾ ਮੁਸ਼ਕਲ ਹੋਵੇਗਾ ਕਿਉਂਕਿ ਭਾਰਤੀ ਹਾਥੀ ਬਾਹਰੀ ਭਰੂਣਾਂ ਨੂੰ ਰੱਦ ਕਰ ਦਿੰਦੇ ਹਨ। ਵਿਸ਼ਾਲ ਕੰਪਨੀ ਦਾ ਕਹਿਣਾ ਹੈ ਕਿ ਉਹ ਇੱਕ ਨਕਲੀ ਕੁੱਖ ਬਣਾਉਣ ਦੀ ਯੋਜਨਾ ਬਣਾ ਰਹੀ ਹੈ, ਪਰ ਇਹ ਕੋਈ ਆਸਾਨ ਕੰਮ ਨਹੀਂ ਹੋਵੇਗਾ। ਇਸ ਪ੍ਰਕਿਰਿਆ ਦੇ ਅੱਗੇ ਇੱਕ ਕਦਮ ਵਜੋਂ, ਕੁਝ ਸਿਹਤਮੰਦ ਨਵੇਂ ਨਮੂਨੇ ਪਾਲਣੇ ਪੈਣਗੇ। ਉਨ੍ਹਾਂ ਨੂੰ ਇੱਕ ਜੈਨੇਟਿਕ ਤੌਰ 'ਤੇ ਵਿਭਿੰਨ ਆਬਾਦੀ ਨੂੰ ਦੁਬਾਰਾ ਪੈਦਾ ਕਰਨ ਅਤੇ ਪੈਦਾ ਕਰਨ ਲਈ ਤਿਆਰ ਹੋਣਾ ਚਾਹੀਦਾ ਹੈ, ਜੋ ਜੰਗਲੀ ਹਾਲਤਾਂ ਵਿਚ ਜਿਉਂਦਾ ਰਹਿ ਸਕਦਾ ਹੈ। ਇਸ ਪ੍ਰਯੋਗ ਵਿਚ ਕੁਝ ਚੀਜ਼ਾਂ ਗਲਤ ਵੀ ਹੋ ਸਕਦੀਆਂ ਹਨ। ਉਦਾਹਰਨ ਲਈ, ਜੀਨ ਸੰਪਾਦਨ ਦੌਰਾਨ ਇੱਕ ਛੋਟੀ ਜਿਹੀ ਗਲਤੀ ਦੇ ਨਤੀਜੇ ਵਜੋਂ ਅਲੋਪ ਹੋ ਚੁੱਕੀਆਂ ਕਿਸਮਾਂ ਦੇ ਸ਼ੁਰੂਆਤੀ ਜਾਨਵਰ ਭਿਆਨਕ ਰੂਪ ਵਿਚ ਵਿਗੜ ਸਕਦੇ ਹਨ। ਅਲੋਪ ਹੋ ਚੁੱਕੇ ਜੀਵਾਂ ਨੂੰ ਮੁੜ ਸੁਰਜੀਤ ਕਰਨ ਦੀ ਯੋਜਨਾ ਕਈ ਸਵਾਲ ਖੜ੍ਹੇ ਕਰਦੀ ਹੈ। ਕੀ ਇਹ ਕੀਤਾ ਜਾ ਸਕਦਾ ਹੈ? ਕੀ ਇਹ ਸੁਰੱਖਿਅਤ ਹੋਵੇਗਾ ਅਤੇ ਕੀ ਇਹ ਨੈਤਿਕ ਹੈ? ਪਰ ਕਿੱਥੇ ਜਿਵੇਂ ਕਿ ਅਲੋਪ ਹੋ ਚੁੱਕੀਆਂ ਪ੍ਰਜਾਤੀਆਂ ਨੂੰ ਮੁੜ ਸੁਰਜੀਤ ਕਰਨ ਦੇ ਵਿਰੁੱਧ ਨੈਤਿਕ ਇਤਰਾਜ਼ਾਂ ਲਈ, ਉਨ੍ਹਾਂ ਵਿਚੋਂ ਬਹੁਤ ਸਾਰੇ ਬੇਬੁਨਿਆਦ ਨਿਕਲੇ। ਵਾਸਤਵ ਵਿਚ, ਅਸੀਂ ਨਿਸ਼ਚਤ ਹੋ ਸਕਦੇ ਹਾਂ ਕਿ ਇੱਕ ਅਲੋਪ ਹੋ ਚੁੱਕੀ ਪ੍ਰਜਾਤੀ ਆਪਣੇ ਨਾਲ ਨਵੀਆਂ ਬਿਮਾਰੀਆਂ ਨੂੰ ਵਾਪਸ ਨਹੀਂ ਲਿਆਏਗੀ। ਹਾਲਾਂਕਿ, ਪਰਮਾਫ੍ਰੌਸਟ ਵਿਚ ਪਾਏ ਜਾਣ ਵਾਲੇ ਵਿਸ਼ਾਲ ਹਾਥੀਆਂ ਦੇ ਅਵਸ਼ੇਸ਼ ਕਈ ਤਰ੍ਹਾਂ ਦੇ ਰੋਗਾਣੂਆਂ ਨੂੰ ਸੁਰੱਖਿਅਤ ਰੱਖ ਸਕਦੇ ਹਨ। ਇਹ ਖਤਰਨਾਕ ਹੋ ਸਕਦੇ ਹਨ ਪਰ ਨਵਜੰਮੇ ਜਾਨਵਰਾਂ ਨੂੰ ਕੋਈ ਖਤਰਾ ਨਹੀਂ ਹੁੰਦਾ। ਕੁਝ ਲੋਕ ਕਹਿੰਦੇ ਹਨ ਕਿ ਜਾਨਵਰ ਕਿਸੇ ਕਾਰਨ ਅਲੋਪ ਹੋ ਜਾਂਦੇ ਹਨ, ਇਸ ਲਈ ਉਨ੍ਹਾਂ ਨੂੰ ਅਲੋਪ ਹੀ ਛੱਡ ਦੇਣਾ ਬਿਹਤਰ ਹੈ। ਪਰ ਇਹ ਇਸ ਪਿੱਛੇ 'ਕਾਰਨ' ਜ਼ਿਆਦਾਤਰ ਮਨੁੱਖ ਦਾ ਲਾਲਚ ਰਿਹਾ ਹੈ। ਉਸਨੇ ਗ੍ਰੇਟ ਓਕਸ ਪੰਛੀ ਨੂੰ ਸਿਰਹਾਣੇ ਭਰਨ ਵਿਚ ਬਦਲ ਦਿੱਤਾ। ਮਨੁੱਖ ਦੀ ਲਾਪ੍ਰਵਾਹੀ ਵੀ ਇੱਕ ਵੱਡਾ ਕਾਰਨ ਹੈ। ਡੋਡੋ ਨੂੰ ਮਾਰਨ ਵਾਲੇ ਜਾਨਵਰਾਂ ਨੂੰ ਲੋਕਾਂ ਦੁਆਰਾ ਮਾਰੀਸ਼ਸ ਲਿਆਂਦਾ ਗਿਆ ਸੀ। ਜਦੋਂ ਮੈਮਥਾਂ ਦੀ ਗੱਲ ਆਉਂਦੀ ਹੈ, ਤਾਂ ਕੁਝ ਲੋਕ ਦਲੀਲ ਦਿੰਦੇ ਹਨ ਕਿ ਉਨ੍ਹਾਂ ਦੇ ਨੁਕਸਾਨ ਨੇ ਸਾਇਬੇਰੀਆ ਦੇ ਵਾਤਾਵਰਣ ਨੂੰ ਬਦਲ ਦਿੱਤਾ ਹੈ। ਉਪਜਾਊ ਘਾਹ ਦੇ ਮੈਦਾਨ ਇੱਕ ਉਪਜਾਊ ਪਾਈਨ ਜੰਗਲ ਵਿਚ ਬਦਲ ਗਏ। ਉਨ੍ਹਾਂ ਘਾਹ ਦੇ ਮੈਦਾਨਾਂ ਨੂੰ ਦੁਬਾਰਾ ਬਣਾਉਣਾ ਥਣਧਾਰੀ ਜੀਵਾਂ ਅਤੇ ਪੰਛੀਆਂ ਦੀਆਂ ਹੋਰ ਕਿਸਮਾਂ ਲਈ ਚੰਗੀ ਖ਼ਬਰ ਹੋਵੇਗੀ। ਹਾਲਾਂਕਿ ਮੈਮੋਥ ਅੱਜ ਦੇ ਅਫ਼ਰੀਕੀ ਹਾਥੀਆਂ ਵਾਂਗ ਹੀ ਸਨ, ਨਾਲੋਂ ਜ਼ਿਆਦਾ ਡਰਾਉਣਾ ਜਾਂ ਖਤਰਨਾਕ ਨਹੀਂ ਹੋਵੇਗਾ, ਫਿਰ ਵੀ ਸਾਨੂੰ ਧਿਆਨ ਨਾਲ ਚੱਲਣ ਦੀ ਲੋੜ ਹੈ। ਅਲੋਪ ਹੋ ਚੁੱਕੇ ਜਾਨਵਰਾਂ ਨੂੰ ਮੁੜ ਸੁਰਜੀਤ ਕਰਨ ਦੀ ਕੋਸ਼ਿਸ਼ ਕਰ ਰਹੇ ਬਾਇਓਟੈਕਨਾਲੋਜੀ ਨੂੰ ਸਖ਼ਤ ਨਿਯਮਾਂ ਦੇ ਅਧੀਨ ਹੋਣਾ ਚਾਹੀਦਾ ਹੈ।

# ਨਵੀਂ ਕਿਸਮ ਦੀ ਅਗਨ ਪ੍ਰੀਖਿਆ



-ਡਾ. ਹਰਸ਼ਿੰਦਰ ਕੌਰ
ਐੱਮ.ਡੀ., ਬੱਚਿਆਂ ਦੀ ਮਾਹਰ,
28, ਪ੍ਰੀਤ ਨਗਰ, ਲੋਅਰ ਮਾਲ, ਪਟਿਆਲਾ।
ਫੋਨ ਨੰ: 0175-2216783
(Punjab Mail USA)


ਭਾਰਤੀ ਇਤਿਹਾਸ ਮੰਨਦਾ ਹੈ ਕਿ ਹਜ਼ਾਰਾਂ ਸਾਲ ਪਹਿਲਾਂ ਧਰਤੀ ਉੱਤੇ ਉਤਰੇ ਰੱਬੀ ਅਵਤਾਰ ਨੇ ਵੀ ਇੱਕ ਧੋਬੀ ਦੇ ਕਹਿਣ ਉੱਤੇ ਆਪਣੀ ਪਤਨੀ ਨੂੰ ਸਾਵਿਤ੍ਰੀ ਸਾਬਤ ਕਰਨ ਲਈ ਅਗਨ ਪ੍ਰੀਖਿਆ ਵਾਸਤੇ ਮਜਬੂਰ ਕੀਤਾ ਸੀ। ਇਸ ਮਰਦ ਪ੍ਰਧਾਨ ਸਮਾਜ ਵਿਚ ਔਰਤ ਸਿਰਫ਼ ਇੱਕ ਗ਼ੁਲਾਮ ਹੀ ਮੰਨੀ ਗਈ! ਭਾਵੇਂ ਵਿਕਸਿਤ ਮੁਲਕ ਦੀ ਰਾਣੀ ਡਾਇਨਾ ਰਹੀ ਹੋਵੇ ਤੇ ਭਾਵੇਂ ਵਿਕਾਸਸ਼ੀਲ ਦੇਸ ਦੀ ਗ਼ਰੀਬ ਔਰਤ, ਅੱਜ ਤੱਕ ਵੀ ਉਸ ਦੀ ਅਗਨ ਪ੍ਰੀਖਿਆ ਕਦੇ ਮੁੱਕੀ ਨਹੀਂ। ਕੁਆਰਪੁਣੇ ਦੀ ਮਰਦਾਨਾ ਭੁੱਖ ਕਿਸੇ ਸਦੀ ਵਿਚ ਕਦੇ ਤ੍ਰਿਪਤ ਹੋਈ ਹੀ ਨਹੀਂ!

ਇੱਕ ਪਾਸੇ ਖ਼ਬਰ ਛਪਦੀ ਹੈ ਕਿ 20 ਜਣਿਆਂ ਨੇ ਰਲ ਕੇ ਇਕ ਨਾਬਾਲਗ ਬੱਚੀ ਦਾ ਕੁਆਰ ਭੰਗ ਕੀਤਾ ਤੇ ਦੂਜੇ ਪਾਸੇ ਇਹ ਸਾਰੇ 20 ਦੇ ਵੀਹ ਜਣੇ ਆਪਣੇ ਵਿਆਹ ਲਈ 'ਕੁਆਰੀ' ਬਾਲੜੀ ਦੀ ਭਾਲ ਵਾਸਤੇ ਜੁਟ ਜਾਂਦੇ ਹਨ।

ਇਕ ਵਹਿਮ ਦੀ ਬੀਮਾਰੀ ਨੇ ਵੀ ਲੱਖਾਂ ਔਰਤਾਂ ਦੀ ਜੂਨ ਖ਼ਰਾਬ ਕੀਤੀ ਹੈ। ਇਹ ਵਹਿਮ 'ਓਥੈਲੋ ਸਿੰਡਰੋਮ' ਦੀ ਸ਼ਕਲ ਵਿਚ ਮਰਦ ਨੂੰ ਚਿੰਬੜਦਾ ਹੈ। ਮਾਨਸਿਕ ਰੋਗੀ ਮਰਦ ਹਰ ਵੇਲੇ ਇੱਕੋ ਸੋਚ ਦੇ ਦੁਆਲੇ ਘੁੰਮਦਾ ਰਹਿੰਦਾ ਹੈ ਕਿ ਉਸਦੀ ਪਤਨੀ ਦਾ ਕਿਸੇ ਹੋਰ ਮਰਦ ਨਾਲ ਸੰਬੰਧ ਹੈ। ਮਾਨਸਿਕ ਰੋਗ ਦੇ ਵਹਿਮ ਦਾ ਸ਼ਿਕਾਰ ਮਰਦ ਕਦੇ ਆਪਣਾ ਇਲਾਜ ਕਰਵਾਉਂਦਾ ਹੀ ਨਹੀਂ ਤੇ ਬੇਦੋਸ਼ੀ ਪਤਨੀ ਦਾ ਕਤਲ ਤੱਕ ਕਰ ਦਿੰਦਾ ਹੈ। ਅਜਿਹੇ ਅਣਗਿਣਤ ਕੇਸ ਮੈਡੀਕਲ ਜਰਨਲਾਂ ਵਿਚ ਲਿਖੇ ਮਿਲਦੇ ਹਨ ਤੇ ਅਨੇਕ ਅਖ਼ਬਾਰਾਂ ਦੀਆਂ ਸੁਰਖੀਆਂ ਬਣ ਚੁੱਕੇ ਹਨ।

ਇਸ ਬੇਬੁਨਿਆਦ ਮਾਨਸਿਕ ਵਹਿਮ ਨੇ ਹੁਣ ਨਵਾਂ ਚੰਨ੍ਹ ਚਾੜ੍ਹਿਆ ਹੈ। ਗੱਲ ਰਾਮਪੁਰ ਪਿੰਡ ਦੀ ਹੈ। ਉੱਥੇ ਵੀ ਓਥੈਲੋ ਸਿੰਡਰੋਮ ਨਾਲ ਪੀੜਤ ਬੰਦਾ ਨਸ਼ੇ ਦੀ ਹਾਲਤ ਵਿਚ ਰੋਜ਼ ਆਪਣੀ ਪਤਨੀ ਉੱਤੇ ਸ਼ੱਕ ਕਰਦਿਆਂ ਉਸਨੂੰ ਕੁੱਟਦਾ ਰਹਿੰਦਾ ਸੀ। ਗੁਆਂਢੀਆਂ ਨੇ ਬਥੇਰਾ ਸਮਝਾਇਆ ਕਿ ਉਸ ਦੀ ਪਤਨੀ ਸਾਰਾ ਦਿਨ ਘਰ ਹੀ ਹੁੰਦੀ ਹੈ ਤੇ ਘਰ ਦਾ ਕੰਮ ਕਰਦੀ ਰਹਿੰਦੀ ਹੈ। ਕਿਤੇ ਆਉਂਦੀ ਜਾਂਦੀ ਨਹੀਂ, ਇਸ ਲਈ ਉਸ ਉੱਤੇ ਬੇਬੁਨਿਆਦ ਸ਼ੱਕ ਸਦਕਾ ਜ਼ੁਲਮ ਢਾਹੁਣਾ ਠੀਕ ਨਹੀਂ। ਪਰ ਮਾਨਸਿਕ ਰੋਗੀ ਪਤੀ ਕਿੱਥੇ ਮੰਨਣ ਵਾਲਾ ਸੀ!

ਹਰ ਰੋਜ਼ ਮਾਰ-ਕੁਟਾਈ ਚੱਲਦੀ ਰਹੀ ਤੇ ਗਵਾਂਢੀ ਤੰਗ ਹੁੰਦੇ ਰਹੇ। ਅਖ਼ੀਰ ਇਕ ਦਿਨ ਅਤਿ ਹੋ ਗਈ। ਪਤੀ ਨੇ ਰਾਤ ਘਰ ਮੁੜ ਕੇ ਆਪਣੀ ਪਤਨੀ ਨੂੰ ਮਨਾ ਲਿਆ ਕਿ ਅੱਜ ਤੋਂ ਬਾਅਦ ਕਦੇ ਵੀ ਉਹ ਸ਼ੱਕ ਨਹੀਂ ਕਰੇਗਾ, ਜੇ ਪਤਨੀ ਆਪਣੇ ਅੰਦਰੂਨੀ ਅੰਗ ਉਸ ਕੋਲੋਂ ਆਪ ਚੈੱਕ ਕਰਵਾ ਲਵੇ। ਇਸ ਵਾਸਤੇ ਪਤੀ ਉਸ ਦੇ ਹੱਥ ਪੈਰ ਬੰਨ੍ਹ ਕੇ ਚੈੱਕ ਕਰੇਗਾ। ਤੰਗ ਹੋ ਚੁੱਕੀ ਔਰਤ ਮੰਨ ਗਈ। ਪਤੀ ਨੇ ਹੱਥ ਪੈਰ ਬੰਨਣ ਬਾਅਦ ਔਰਤ ਦਾ ਮੂੰਹ ਵੀ ਘੁੱਟ ਕੇ ਬੰਨ੍ਹਣਾ ਸ਼ੁਰੂ ਕਰ ਦਿੱਤਾ। ਔਰਤ ਨੇ ਚੀਕਣਾ ਚਾਹਿਆ ਤਾਂ ਘੁੱਟ ਕੇ ਮੂੰਹ ਦੱਬ ਦਿੱਤਾ।

ਬੰਨਣ ਬਾਅਦ ਪਤੀ ਨੇ ਐਲਮੀਨੀਅਮ ਦੀ ਤਾਰ ਨਾਲ ਪਤਨੀ ਦੀ ਬੱਚੇਦਾਨੀ ਦੇ ਮੂੰਹ ਨੂੰ ਸੀਅ ਦਿੱਤਾ! ਤੜਫਦੀ ਪਤਨੀ ਨੂੰ ਉਂਜ ਹੀ ਲਹੂ ਲੁਹਾਨ ਤੇ ਬੰਨ੍ਹੀ ਹੋਈ ਨੂੰ ਛੱਡ ਕੇ, ਉਸ ਨੂੰ ਗਾਲ੍ਹਾਂ ਕੱਢ ਕੇ, ਪਤੀ ਭੱਜ ਗਿਆ। ਅਗਲੇ ਦਿਨ ਸਵੇਰੇ ਬਹੁਤ ਲਹੂ ਵਹਿ ਜਾਣ ਤੇ ਅੰਤਾਂ ਦੀ ਪੀੜ ਕਾਰਨ ਨੀਮ ਬੇਹੋਸ਼ ਹੋਈ ਪਤਨੀ ਨੂੰ ਗਵਾਂਢਣ ਨੇ ਆ ਕੇ ਵੇਖਿਆ ਤਾਂ ਘਬਰਾ ਗਈ। ਹੋਰ ਔਰਤਾਂ ਨੂੰ ਸੱਦ ਕੇ ਉਸ ਨੂੰ ਖੋਲ੍ਹ ਕੇ ਝੱਟ ਹਸਪਤਾਲ ਲਿਜਾਇਆ ਗਿਆ। ਪਤੀ ਉਸ ਸਮੇਂ ਤੋਂ ਫਰਾਰ ਹੈ। ਰਿਪੋਰਟ ਦਰਜ ਕਰਵਾਈ ਜਾ ਚੁੱਕੀ ਹੈ ਪਰ ਪਤਨੀ ਤਾਂ ਹੁਣ ਅਨੇਕ ਅਪਰੇਸ਼ਨਾਂ ਬਾਅਦ ਵੀ ਨਾਰਮਲ ਨਹੀਂ ਹੋ ਸਕਣ ਲੱਗੀ!

ਓਥੈਲੋ ਸਿੰਡਰੋਮ ਦਾ ਮਰੀਜ਼ ਪਤੀ ਦਰਅਸਲ ਆਪ ਸਰੀਰਕ ਸੰਬੰਧ ਬਣਾਉਣ ਜੋਗਾ ਨਹੀਂ ਹੁੰਦਾ ਤੇ ਆਪਣੀ ਕਮਜ਼ੋਰੀ ਦਾ ਭਾਂਡਾ ਬੇਕਸੂਰ ਪਤਨੀ ਸਿਰ ਭੰਨ੍ਹ ਦਿੰਦਾ ਹੈ।

ਔਰਤ ਦੇ ਬੱਚੇਦਾਨੀ ਦੇ ਮੂੰਹ ਦੀ ਕੱਟ ਵੱਢ ਕਰਨੀ ਵੀ ਇਹ ਕੋਈ ਪਹਿਲਾ ਕੇਸ ਨਹੀਂ ਹੈ।

ਯੂਨਾਈਟਿਡ ਨੇਸ਼ਨਜ਼ ਨੇ ਇਸ ਤਰ੍ਹਾਂ ਦੀ ਔਰਤਾਂ ਦੇ ਅੰਦਰੂਨੀ ਅੰਗ ਦੀ ਕੱਟ ਵੱਢ ਨੂੰ ਮਨੁੱਖੀ ਅਧਿਕਾਰਾਂ ਦਾ ਸੰਗੀਨ ਜੁਰਮ ਮੰਨ ਲਿਆ ਹੈ।

ਅਫਰੀਕਾ ਵਿਚ ਤਾਂ ਸਦੀਆਂ ਤੋਂ ਇਹ ਕੁਕਰਮ ਹੁੰਦਾ ਰਿਹਾ ਹੈ। ਮੁੰਬਈ ਵਿਖੇ ਇਸ ਸੰਗੀਨ ਜੁਰਮ ਦਾ ਪਰਦਾਫਾਸ਼ ਹੋਇਆ ਹੈ, ਜਿਸ ਬਾਰੇ ਇਕ ਅੰਗਰੇਜ਼ੀ ਅਖ਼ਬਾਰ ਵਿਚ ਪੂਰੀ ਰਿਪੋਰਟ ਛਪੀ ਹੈ।

ਛੇ ਤੋਂ ਸੱਤ ਵਰ੍ਹਿਆਂ ਦੀਆਂ ਬਾਲੜੀਆਂ ਨੂੰ ਹਨ੍ਹੇਰੇ ਕਮਰੇ ਵਿਚ ਲਿਜਾ ਕੇ, ਉਨ੍ਹਾਂ ਸਾਹਮਣੇ ਗੈਸ ਉੱਤੇ ਚਾਕੂ ਨੂੰ ਲਾਲ ਸੁਰਖ਼ ਗਰਮ ਕਰ ਕੇ, ਉਨ੍ਹਾਂ ਦੇ ਅੰਦਰੂਨੀ ਅੰਗਾਂ ਨੂੰ ਵੱਢ ਦਿੱਤਾ ਜਾਂਦਾ ਹੈ। ਚੀਕਦੀਆਂ ਕੁਰਲਾਉਂਦੀਆਂ ਬਾਲੜੀਆਂ, ਜੋ ਬੋਹਰਾ ਜਾਤ ਨਾਲ ਸੰਬੰਧਤ ਹਨ, ਦਾ ਮੂੰਹ ਦੱਬ ਕੇ, 'ਖਤਨਾ' ਦਾ ਨਾਂ ਦੇ ਕੇ ਜ਼ਿੰਦਗੀ ਭਰ ਲਈ ਦਰਦ ਸਹਿਣ ਕਰਨ ਲਈ ਛੱਡ ਦਿੱਤੀਆਂ ਜਾਂਦੀਆਂ ਹਨ। ਲੱਖਾਂ ਦੀ ਗਿਣਤੀ ਵਿਚ ਹੁਣ ਤੱਕ ਮਨੁੱਖੀ ਅਧਿਕਾਰਾਂ ਦਾ ਘਾਣ ਕਰਵਾ ਚੁੱਕੀਆਂ ਬਾਲੜੀਆਂ ਵਿਚੋਂ 18 ਜਣੀਆਂ ਨੇ ਹਿੰਮਤ ਵਿਖਾ ਕੇ ਇਸ ਜ਼ੁਲਮ ਵਿਰੁੱਧ ਆਵਾਜ਼ ਚੁੱਕੀ ਹੈ। ਦਿੱਲੀ ਦੀ 'ਮਸੂਮਾ ਰਨਾਲਵੀ' ਤੇ ਉਸ ਨਾਲ 17 ਹੋਰ ਔਰਤਾਂ ਨੇ 'ਓਨਲਾਈਨ ਪਟੀਸ਼ਨ' ਰਾਹੀਂ ਸਮਾਜ ਨੂੰ ਸ਼ੀਸ਼ਾ ਵਿਖਾਇਆ ਹੈ। ਇਹ ਸਾਰੀਆਂ ਔਰਤਾਂ 42 ਸਾਲ ਪਹਿਲਾਂ ਸ਼ਿਕਾਰ ਬਣਾਈਆਂ ਗਈਆਂ ਸਨ।

ਆਰੀਫਾ ਜੌਹਰੀ ਵੀ ਮੁੰਬਈ ਦੇ ਭਿੰਡੀ ਬਾਜ਼ਾਰ ਵਿਚ ਹਨ੍ਹੇਰੇ ਕਮਰੇ ਵਿਚ ਚਾਕਲੇਟ ਦੇ ਲਾਲਚ ਵਿਚ ਆਪਣੇ ਨਾਲ ਹੋਏ ਇਸ ਅਤਿ ਘਿਨਾਉਣੇ ਜੁਰਮ ਨੂੰ ਯਾਦ ਕਰਦਿਆਂ ਕੰਬਣ ਲੱਗ ਪੈਂਦੀ ਹੈ। ਉਸ ਨੇ ਆਪਣੀਆਂ ਧੀਆਂ ਨੂੰ ਇਸ ਤਰ੍ਹਾਂ ਦੀ ਹੈਵਾਨੀਅਤ ਤੋਂ ਬਚਾਇਆ ਤਾਂ ਸਮਾਜ ਦੀਆਂ ਲਾਹਣਤਾਂ ਦਾ ਸ਼ਿਕਾਰ ਬਣ ਗਈ। ਪੂਰਾ ਮਰਦ ਪ੍ਰਧਾਨ ਸਮਾਜ ਉਸ ਉੱਤੇ ਚਿੱਕੜ ਸੁੱਟਣ ਲੱਗ ਪਿਆ ਪਰ ਉਸ ਹਿੰਮਤ ਨਹੀਂ ਹਾਰੀ। ਮਰਦ ਪ੍ਰਧਾਨ ਸਮਾਜ ਇਹ ਮੰਨ ਚੁੱਕਿਆ ਹੈ ਕਿ ਜੇ ਔਰਤ ਦਾ ਖਤਨਾ ਨਹੀਂ ਹੋਇਆ, ਤਾਂ ਉਹ ਸਰੀਰਕ ਸੰਬੰਧਾਂ ਦਾ ਆਨੰਦ ਲੈਣ ਲੱਗ ਪਵੇਗੀ। ਔਰਤ ਨੂੰ ਸਰੀਰਕ ਸੰਬੰਧਾਂ ਵਿਚੋਂ ਅਤਿ ਦੀ ਪੀੜ ਮਹਿਸੂਸ ਹੋਣੀ ਚਾਹੀਦੀ ਹੈ ਤੇ ਉਸ ਦਾ ਕੰਮ ਸਿਰਫ਼ ਪਤੀ ਦੇ ਬੱਚੇ ਜੰਮ ਕੇ ਮਰ ਮੁੱਕ ਜਾਣਾ ਹੁੰਦਾ ਹੈ।

ਹਾਲਾਤ ਇਹ ਹੋ ਚੁੱਕੇ ਹਨ ਕਿ ਔਰਤ ਦੇ ਇਸ ਅੰਗ ਨੂੰ 'ਹਰਾਮ ਦੀ ਬੋਟੀ' ਵਰਗਾ ਦਿਲ ਕੰਬਾਊ ਨਾਂ ਦੇ ਕੇ ਉਸ ਉੱਤੇ ਕਹਿਰ ਢਾਹੁਣਾ ਜਾਰੀ ਹੈ, ਜੋ ਮਰਦ ਪ੍ਰਧਾਨ ਸਮਾਜ ਅਨਪੜ੍ਹ ਦਾਈਆਂ ਹੱਥੋਂ ਹੀ ਕਰਵਾਉਂਦਾ ਹੈ।

ਅਮਰੀਕਾ ਵਿਚ ਬੈਠੀ 'ਜ਼ਹਿਰਾ ਪਤਵਾ' ਨੇ ਵੀ ਮੰਨਿਆ ਕਿ ਉਹ ਇਸ ਜੁਰਮ ਦਾ ਸ਼ਿਕਾਰ ਹੋਈ, ਤਾਂ ਸਭ ਤੋਂ ਪਹਿਲਾਂ ਆਪਣੀ ਮਾਂ ਨੂੰ ਕਸੂਰਵਾਰ ਮੰਨਿਆ। ਬਾਅਦ ਵਿਚ ਪਤਾ ਲੱਗਿਆ ਕਿ ਉਸ ਦੀ ਮਾਂ, ਦਾਦੀ, ਪੜਦਾਦੀ, ਸਭ ਮਰਦਾਂ ਦੇ ਹੁਕਮਾਂ ਤਹਿਤ ਚੁੱਪ-ਚੁਪੀਤੇ ਇਸ ਰਸਮ ਨੂੰ ਨਿਭਾਈ ਜਾ ਰਹੀਆਂ ਸਨ।

ਇਨ੍ਹਾਂ ਵਿਚੋਂ ਬਥੇਰੀਆਂ ਕੀਟਾਣੂਆਂ ਦੇ ਹਮਲੇ ਸਦਕਾ ਸਦੀਵੀ ਰੋਗੀ ਬਣ ਜਾਂਦੀਆਂ ਹਨ, ਕੁੱਝ ਦੇ ਬੱਚਾ ਨਹੀਂ ਠਹਿਰ ਸਕਦਾ, ਕੁੱਝ ਬਹੁਤਾ ਲਹੂ ਵਹਿ ਜਾਣ ਕਾਰਨ ਬੀਮਾਰ ਹੋ ਜਾਂਦੀਆਂ ਹਨ।

ਇਸ ਪ੍ਰਥਾ ਵਿਰੁੱਧ ਆਵਾਜ਼ ਚੁੱਕਣ ਵਾਲੀਆਂ ਨੂੰ ਸਮਾਜ ਵਿਚੋਂ ਛੇਕ ਤੱਕ ਦਿੱਤਾ ਜਾਂਦਾ ਹੈ। ਕਿਸੇ ਇਕੱਠ ਵਿਚ ਜਾਂ ਕਿਸੇ ਸਮਾਗਮ ਵਿਚ ਉਸ ਦਾ ਜਾਣਾ ਵਰਜਿਤ ਕਰ ਦਿੱਤਾ ਜਾਂਦਾ ਹੈ।

ਬੋਹਰਾ ਪ੍ਰਜਾਤੀ ਦਾ ਧਾਰਮਿਕ ਮੁਖੀ ਸਾਈਨੇਡਾ ਇਸ ਪ੍ਰਥਾ ਦਾ ਜ਼ੋਰਦਾਰ ਸਮਰਥਨ ਕਰਦਾ ਹੈ ਤੇ ਹੁਣ ਵੀ ਇਹੋ ਹੁਕਮ ਦੇ ਰਿਹਾ ਹੈ ਕਿ ਪੂਰੇ ਭਾਰਤ ਦੇ ਹਰ ਕੋਨੇ ਵਿਚ ਹਰ ਔਰਤ ਦਾ ਅੰਗ ਵੱਢਣਾ ਜ਼ਰੂਰੀ ਹੈ।

ਭਾਰਤ ਵਿਚ ਅੱਜ ਤੱਕ ਇਸ ਤਰ੍ਹਾਂ ਦੇ ਮਨੁੱਖੀ ਅਧਿਕਾਰਾਂ ਦੇ ਕਤਲ ਲਈ ਕੋਈ ਰੋਕ ਨਹੀਂ ਲੱਗੀ ਹੋਈ।

ਆਸਟ੍ਰੇਲੀਆ ਵਿਚ ਵੀ ਇਸ ਕੁਕਰਮ ਵਿਰੁੱਧ ਇੰਸੀਆ ਤੇ ਮਾਰੀਆ, ਦੋ ਔਰਤਾਂ ਨੇ ਮੁਹਿੰਮ ਵਿੱਢੀ ਹੈ। ਬੱਚੀਆਂ ਉੱਤੇ ਪਹਿਲਾਂ ਹੀ ਅਨੇਕ ਤਰ੍ਹਾਂ ਦੇ ਅਣਮਨੁੱਖੀ ਤਸੀਹੇ ਢਾਹੇ ਜਾ ਰਹੇ ਹਨ। ਕੁੱਖ ਵਿਚ ਮਾਰੇ ਜਾਣ ਤੋਂ ਲੈ ਕੇ ਨਾਬਾਲਗ ਬੇਟੀਆਂ ਦੇ ਸਮੂਹਿਕ ਬਲਾਤਕਾਰਾਂ ਬਾਅਦ ਸਾੜਨ ਦੇ ਅਣਗਿਣਤ ਕਿੱਸੇ ਛੱਪ ਚੁੱਕੇ ਹਨ।

ਹੁਣ ਅਨੇਕ ਨੌਜਵਾਨ ਔਰਤਾਂ ਵੀ ਆਪਣੇ ਪਤੀਆਂ ਹੱਥੋਂ ਇਸ ਤਰ੍ਹਾਂ ਦੇ ਅੰਗਾਂ ਦਾ ਕੱਟੇ ਵੱਢੇ ਜਾਣ ਦਾ ਸ਼ਿਕਾਰ ਬਣ ਚੁੱਕੀਆਂ ਹਨ। ਕਿਸੇ ਵੱਲੋਂ ਵੀ ਆਵਾਜ਼ ਕੱਢਣ ਉੱਤੇ ਸਮਾਜ ਔਰਤਾਂ ਵਿਚ ਹੀ ਦੋਸ਼ ਕੱਢ ਕੇ ਉਨ੍ਹਾਂ ਨੂੰ ਚੁੱਪ ਹੋ ਜਾਣ ਉੱਤੇ ਮਜਬੂਰ ਕਰ ਦਿੰਦਾ ਹੈ।

ਅੱਜ ਤੱਕ ਜਿਸ ਵੀ ਔਰਤ ਨੇ ਇਸ ਜ਼ੁਲਮ ਵਿਰੁੱਧ ਆਵਾਜ਼ ਚੁੱਕੀ ਹੈ, ਸਾਰੇ ਉਹ ਲੋਕ, ਜੋ ਔਰਤ ਉੱਤੇ ਹੋ ਰਹੀ ਹਿੰਸਾ ਨੂੰ ਸਹੀ ਮੰਨਦੇ ਹਨ, ਉੱਚੀ-ਉੱਚੀ ਚੀਕਣ ਲੱਗ ਪੈਂਦੇ ਹਨ। ਹੋ-ਹੱਲਾ ਕਰ ਕੇ ਔਰਤ ਦੀ ਆਵਾਜ਼ ਦੱਬ ਦਿੱਤੀ ਜਾਂਦੀ ਹੈ। ਯੂਨਾਈਟਿਡ ਨੇਸ਼ਨਜ਼ ਵੱਲੋਂ ਐਲਾਨੇ ਇਸ ਮਨੁੱਖੀ ਅਧਿਕਾਰਾਂ ਦੇ ਕਤਲ ਵਿਰੁੱਧ ਅੱਜ ਲੋੜ ਹੈ ਸੁਹਿਰਦ ਲੋਕਾਂ ਵੱਲੋਂ ਵਿਰੋਧ ਕਰਨ ਦੀ। ਇਸ ਅਤਿ ਦੇ ਘਿਨਾਉਣੇ ਜੁਰਮ ਨੂੰ ਹਰ ਹਾਲ ਠੱਲ੍ਹ ਪਾਉਣ ਦੀ ਲੋੜ ਹੈ।

ਇੱਕ ਔਰਤ ਹੁੰਦਿਆਂ, ਆਪਣੀ ਜ਼ਾਤ ਦੀਆਂ ਦੀ ਪੀੜ ਸਮਝਦਿਆਂ ਮੈਂ ਉਨ੍ਹਾਂ ਦੇ ਹੱਕਾਂ ਲਈ ਅੱਜ ਆਵਾਜ਼ ਚੁੱਕੀ ਹੈ, ਇਸ ਉਮੀਦ ਵਿਚ ਕਿ ਹੁਣ ਇੱਕੀਵੀਂ ਸਦੀ ਵਿਚ ਤਾਂ ਘੱਟੋ-ਘੱਟ ਔਰਤ ਦੀ ਅਗਨ ਪ੍ਰੀਖਿਆ ਹੋਣੀ ਬੰਦ ਹੋਵੇਗੀ। ਆਖ਼ਰ ਕਿਸੇ ਸਦੀ ਵਿਚ ਤਾਂ ਔਰਤ ਨੂੰ ਸਹੀ ਮਾਅਨਿਆਂ ਵਿਚ ਬਰਾਬਰੀ ਦਾ ਦਰਜਾ ਦਿੱਤਾ ਜਾਵੇਗਾ!

# ਗੂੜ੍ਹੀਆਂ ਪੈੜ੍ਹਾਂ ਪਾ ਰਿਹਾ ਅਦਾਕਾਰ 'ਜਗਤਾਰ ਸਿੰਘ ਬੈਨੀਪਾਲ'




-ਸੁਰਜੀਤ ਜੱਸਲ
98146-07737
(Punjab Mail USA)





ਮੌਜੂਦਾ ਪੰਜਾਬੀ ਸਿਨਮੇ ਵਿਚ ਚਰਿੱਤਰ ਕਲਾਕਾਰ ਜਗਤਾਰ ਸਿੰਘ ਬੈਨੀਪਾਲ ਕਦਮ-ਦਰ-ਕਦਮ ਗੂੜ੍ਹੀਆਂ ਪੈੜ੍ਹਾਂ ਪਾਉਣ ਵਾਲਾ ਕਲਾਕਾਰ ਸਾਬਤ ਹੋਇਆ ਹੈ। ਉਸਦੀ ਅਦਾਕਾਰੀ ਵਿਚ ਕਈ ਸੇਡਜ਼ ਹਨ, ਜਿਸ ਕਰਕੇ ਉਹ ਹਰ ਤਰ੍ਹਾਂ ਦੇ ਕਿਰਦਾਰ ਵਿਚ ਆਪਣੇ ਆਪ ਨੂੰ ਸੌਖਿਆਂ ਹੀ ਢਾਲ ਲੈਂਦਾ ਹੈ। ਉਸਦੀ ਆਵਾਜ਼ ਵਿਚ ਇੱਕ ਅੰਦਾਜ਼ ਹੈ, ਜੋ ਸੰਵਾਦ ਰਚਾਉਣ ਵੇਲੇ ਅਦਾਕਾਰੀ ਨੂੰ ਪ੍ਰਭਾਵਸ਼ਾਲੀ ਬਣਾਉਦਾ ਹੈ। ਠੇਠ ਮਲਵਈ ਬੋਲੀ ਦਾ ਉਸਨੂੰ ਪੂਰਾ ਗਿਆਨ ਹੋਣ ਕਰਕੇ ਉਸਦੀ ਬੋਲਚਾਲ ਦਾ ਲਹਿਜ਼ਾ ਵੀ ਅਹਿਮੀਅਤ ਰੱਖਦਾ ਹੈ। ਸ਼ੌਹਰਤ ਦੀ ਪੌੜੀ ਚੜ੍ਹੇ ਇਸ ਕਲਾਕਾਰ ਨੂੰ ਪਿਛਲੇ ਦਿਨਾਂ ਵਿਚ ਗੱਗੂ ਗਿੱਲ ਨਾਲ ਆਈ 'ਸ਼ਿਕਾਰੀ 2' ਦੇ ਕਿਰਦਾਰ ਨੇ ਅੰਤਰਰਾਸ਼ਟਰੀ ਪਛਾਣ ਦਿਵਾਈ, ਹੁਣ ਉਹ ਦੇਵ ਖਰੌੜ ਨਾਲ 'ਬਲੈਕੀਆ 2' ਵਿਚ ਵੀ ਜ਼ਬਰਦਸ਼ਤ ਕਿਰਦਾਰ ਵਿਚ ਨਜ਼ਰ ਆਵੇਗਾ।

ਜਗਤਾਰ ਇੱਕ ਮਿਹਨਤੀ ਤੇ ਲਗਨ ਵਾਲਾ ਕਲਾਕਾਰ ਹੈ। ਉਸ ਅੰਦਰ ਕਲਾ ਦਾ ਜਨੂੰਨ ਹੈ, ਜੋਸ਼ ਹੈ, ਉਤਸ਼ਾਹ ਹੈ। ਇਸੇ ਕਰਕੇ ਉਹ ਹਰ ਵੇਲੇ ਸਰਗਰਮ ਰਹਿੰਦਾ ਹੈ। ਬਿਨਾਂ ਸ਼ੱਕ ਉਸਨੇ ਬਹੁਤ ਥੋੜ੍ਹੇ ਸਮੇਂ ਵਿਚ ਕਲਾ ਖੇਤਰ ਵਿਚ ਲੰਮੀ ਛਾਲ ਮਾਰੀ ਹੈ। ਜਗਤਾਰ ਨਾਲ ਮੇਰੀ ਪੁਰਾਣੀ ਸਾਂਝ ਹੈ। ਉਦੋਂ ਉਹ ਕਾਮਰੇਡਾਂ ਨਾਲ ਡਰਾਮੇ ਕਰਦਾ ਹੁੰਦਾ ਸੀ। ਪਿੰਡ-ਪਿੰਡ ਡਰਾਮੇ ਕਰਦਾ ਉਹ ਕਈ-ਕਈ ਮਹੀਨੇ ਘਰ ਨਾ ਜਾਂਦਾ। ਜਗਤਾਰ ਦਾ ਪੜ੍ਹਾਈ ਵੱਲ ਬਹੁਤਾ ਧਿਆਨ ਨਹੀਂ ਸੀ। ਸਕੂਲੋਂ ਅਵੇਸਲੇ ਹੋਏ ਜਗਤਾਰ ਨੂੰ ਬਾਪੂ ਨੇ ਬਥੇਰਾ ਵਰਜਿਆ ਪਰ ਉਸ 'ਤੇ ਅਦਾਕਾਰੀ ਦਾ ਭੂਤ ਸਵਾਰ ਸੀ। ਕਲਾ ਦਾ ਐਸਾ ਰੰਗ ਚੜ੍ਹ ਚੁੱਕਾ ਸੀ ਕਿ ਜ਼ਿੰਦਗੀ ਦੇ ਸਾਰੇ ਰੰਗ ਫਿੱਕੇ ਲੱਗਦੇ ਸੀ। ਆਪਣੀ ਟੀਮ ਦਾ ਉਹ ਸਿਰਕੱਢ ਕਲਾਕਾਰ ਸੀ। ਅਣ-ਦਾੜ੍ਹੀਆ ਹੋਣ ਕਰਕੇ ਉਹ ਹਰ ਤਰ੍ਹਾਂ ਦੇ ਕਿਰਦਾਰ ਵਿਚ ਜਾਨ ਪਾ ਦਿੰਦਾ ਸੀ।

ਮਿਹਨਤ ਮਜ਼ਦੂਰੀ ਕਰਨ ਵਾਲੇ ਪਰਿਵਾਰ 'ਚ ਜਨਮੇ ਜਗਤਾਰ ਨੇ ਜ਼ਿੰਦਗੀ 'ਚ ਬਹੁਤ ਔਕੜਾਂ ਦਾ ਸਾਹਮਣਾ ਕੀਤਾ। ਘਰ ਦਾ ਚੁੱਲ੍ਹਾ ਮੱਘਦਾ ਰੱਖਣ ਲਈ ਉਸਨੇ ਅਨੇਕਾਂ ਪਾਪੜ ਵੇਲੇ। ਬਹੁਤਿਆਂ ਨੂੰ ਇਹ ਜਾਣਕੇ ਹੈਰਾਨੀ ਹੋਵੇਗੀ ਕਿ ਜਗਤਾਰ 1985-86 ਦੇ ਸਮਿਆਂ ਤੋਂ ਫ਼ਿਲਮਾਂ ਨਾਲ ਜੁੜਿਆ ਕਲਾਕਾਰ ਹੈ। ਡਰਾਮਿਆਂ ਤੋਂ ਬਾਅਦ ਉਸਨੇ ਪੰਜਾਬੀ ਫ਼ਿਲਮ 'ਜਾਕੋ ਰਾਖੇ ਸਾਂਈਆ' ਨਾਲ ਪਹਿਲੀ ਵਾਰ ਫ਼ਿਲਮੀ ਕੈਮਰੇ ਦਾ ਸਾਹਮਣਾ ਕੀਤਾ। ਇਸ ਫ਼ਿਲਮ ਵਿਚ ਉਸਨੇ ਸ਼ਸੀ ਪੁਰੀ, ਟੀਨਾ ਘਈ, ਮੇਹਰ ਮਿੱਤਲ ਆਦਿ ਨਾਮੀਂ ਕਲਾਕਾਰਾਂ ਨਾਲ ਕੰਮ ਕੀਤਾ। ਉਸਨੇ ਹੋਰ ਅੱਗੇ ਵਧਣ ਲਈ ਮੁੰਬਈ ਜਾਣ ਦਾ ਵੀ ਮਨ ਬਣਾਇਆ ਪਰ ਘਰੇਲੂ ਮਜਬੂਰੀਆਂ ਕਰਕੇ ਉਸਦਾ ਇਹ ਸੁਪਨਾ ਅਧੂਰਾ ਰਹਿ ਗਿਆ ਪਰ ਅੱਜ ਉਹ ਆਪਣਾ ਸੁਪਨਾ ਪੂਰਾ ਕਰ ਰਿਹਾ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਚੜ੍ਹਦੀ ਜਵਾਨੀ 'ਚ ਕਲਾ ਨਾਲ ਜੁੜਿਆ ਜਗਤਾਰ ਬੈਨੀਪਾਲ ਅੱਜ ਪਿਛਲੇ ਉਮਰੇ ਪੰਜਾਬੀ ਸਿਨਮੇ ਦੀਆਂ ਜਵਾਨੀਆਂ ਮਾਣ ਰਿਹਾ ਹੈ। ਇਸ ਨੂੰ ਉਸਦੀ ਜ਼ਿੰਦਗੀ ਭਰ ਦੀ ਮਿਹਨਤ ਅਤੇ ਤਪੱਸਿਆ ਵੀ ਕਹਿ ਸਕਦੇ ਹਾਂ। ਮੌਜੂਦਾ ਕਲਾਕਾਰੀ ਦੌਰ ਨੇ ਜਿੱਥੇ ਉਸਨੂੰ ਚਾਰ ਪੈਸੇ, ਸ਼ੌਹਰਤ ਤੇ ਰੁਤਬਾ ਦਿੱਤਾ, ਉੱਥੇ ਹੀਰਿਆਂ ਵਰਗੇ ਬੇਸ਼ਕੀਮਤੀ ਯਾਰ-ਮਿੱਤਰ ਵੀ ਦਿੱਤੇ। ਆਪਣੇ ਚਾਹੁਣ ਵਾਲਿਆਂ ਲੱਖਾਂ ਦਰਸ਼ਕਾਂ, ਪ੍ਰਸ਼ੰਸ਼ਕਾਂ ਦਾ ਪਿਆਰ-ਸਤਿਕਾਰ ਵੀ ਮਿਲਿਆ।

ਚੰਡੀਗੜ੍ਹ ਨੇੜੇ ਜ਼ੀਰਕਪੁਰ ਰਹਿੰਦਾ ਜਗਤਾਰ ਬੈਨੀਪਾਲ ਦੱਸਦਾ ਹੈ ਕਿ ਉਸਦਾ ਜਨਮ ਸੁਨਾਮ ਨੇੜਲੇ ਪਿੰਡ ਗੰਢੂਆਂ ਦਾ ਹੈ। ਗਾਇਕ ਅਦਾਕਾਰ ਕਰਮਜੀਤ ਅਨਮੋਲ ਵੀ ਉਸਦੇ ਪਿੰਡ ਦਾ ਹੀ ਹੈ। ਕਰਮਜੀਤ ਨੇ ਹੀ ਉਸ ਅੰਦਰਲੇ ਕਲਾਕਾਰ ਨੂੰ ਮੁੜ ਸੁਰਜੀਤ ਕਰਦਿਆਂ ਪੰਜਾਬੀ ਪਰਦੇ ਨਾਲ ਜੋੜਿਆ। ਉਸਨੇ ਮਿੰਦੋ ਤਸੀਲਦਾਰਨੀ ,ਉੱਚਾ ਪਿੰਡ, ਟੈਲੀਵਿਜ਼ਨ, ਅੱਧ ਚਾਨਣੀ ਰਾਤ, ਫੁੱਫੜ ਜੀ, ਖਾਓ ਪੀਓ ਐਸ਼ ਕਰੋ, ਮਿੱਤਰਾਂ ਦਾ ਨਾਂ ਚੱਲਦਾ, ਉਮਰਾਂ 'ਚ ਕੀ ਰੱਖਿਆ' ਆਦਿ ਪੰਜਾਬੀ ਫ਼ਿਲਮਾਂ ਵਿਚ ਵੱਖ-ਵੱਖ ਯਾਦਗਰੀ ਕਿਰਦਾਰ ਨਿਭਾਏ। ਇਸ ਤੋਂ ਇਲਾਵਾ ਯੂ-ਟਿਊਬ ਚੈਨਲਾਂ ਲਈ 'ਬੇਬੇ ਦਾ ਟੂਣਾ, ਜਿਸ ਕੇ ਸਿਰ ਊਪਰਿ ਤੂੰ ਸੁਆਮੀ, ਦਰਦ ਧੀਆਂ ਦੇ, ਤਰੇੜਾਂ' ਅਤੇ ਵੈੱਬਸ਼ੀਰਿਜ 'ਤੇਜਾ ਨਗੌਰੀ, ਰੇਂਜ, 302, ਸ਼ਿਕਾਰੀ 2, ਮਾਸਟਰ ਸਕੀਮ ਸਿੰਘ' ਆਦਿ ਲਈ ਵੀ ਕੰਮ ਕੀਤਾ। ਜਗਤਾਰ ਨੇ ਵੱਡੇ ਪਰਦੇ ਦੇ ਨਾਲ-ਨਾਲ ਛੋਟੇ ਪਰਦੇ ਲਈ 'ਤੇਰਾ ਰੰਗ ਚੜ੍ਹਿਆ, ਕਮਲੀ ਇਸ਼ਕ ਦੀ, ਉਡਾਰੀਆਂ, ਬਟਵਾਰਾ' ਆਦਿ ਸੀਰੀਅਲਾਂ ਲਈ ਵੀ ਕੰਮ ਕੀਤਾ। ਆਉਣ ਵਾਲੇ ਦਿਨਾਂ ਵਿਚ ਡੀ.ਡੀ. ਨੈਸ਼ਨਲ ਤੋਂ ਹਿੰਦੀ ਸੀਰੀਅਲ 'ਜਹਾਂ ਚਾਂਦ ਰਹਿਤਾ ਹੈ' ਵਿਚ ਉਸਦਾ ਕਿਰਦਾਰ ਦਰਸ਼ਕਾਂ ਲਈ ਖ਼ਾਸ ਪਛਾਣ ਬਣੇਗਾ। ਇਸ ਤੋਂ ਇਲਾਵਾ ਪੰਜਾਬੀ ਫ਼ਿਲਮਾਂ 'ਮੌੜ, ਰੋਡੇ ਕਾਲਜ਼, ਬਿਨਾਂ ਬੈਂਡ ਚੱਲ ਇੰਗਲੈਂਡ, ਨੀਂ ਮੈਂ ਸੱਸ ਕੁੱਟਣੀ 2, ਬਲੈਕੀਆ 2, ਉਸਦੀਆਂ ਆਉਣ ਵਾਲੀਆਂ ਫ਼ਿਲਮਾਂ ਹਨ, ਜੋ ਉਸਦੀ ਪਛਾਣ ਨੂੰ ਹੋਰ ਵੀ ਗੂੜ੍ਹਾ ਕਰਨਗੀਆਂ।

# ਨਵੀਂ ਅਤੇ ਪੁਰਾਣੀ ਪੀੜ੍ਹੀ ਨੂੰ ਜੋੜਦਾ ਪੁਲ ਹੈ-'ਰਬਾਬ ਤੋਂ ਕਿਰਪਾਨ ਤੱਕ'




**ਪੁਸਤਕ ਦਾ ਨਾਂ : ਰਬਾਬ ਤੋਂ ਕਿਰਪਾਨ ਤੱਕ**
**ਲੇਖਕ : ਰਣਜੀਤ ਸਿੰਘ ਧੂਰੀ**
**ਪੰਨੇ : 111**
**ਕੀਮਤ 200/- ਰੁਪਏ**
**ਪ੍ਰਕਾਸ਼ਕ : ਪ੍ਰੀਤ ਪ੍ਰਕਾਸ਼ਨ, ਨਾਭਾ।**

**-ਤੇਜਿੰਦਰ ਚੰਡਿਹੋਕ**
ਸਾਬਕਾ ਏ.ਐੱਸ.ਪੀ-
ਨੈਸ਼ਨਲ ਐਵਾਰਡੀ-
ਸੰਪਰਕ : 95010-00224
(Punjab Mail USA)



ਗ਼ਜ਼ਲ ਦਾ ਆਪਣਾ ਹੀ ਵਿਧੀ ਵਿਧਾਨ ਹੁੰਦਾ ਹੈ। ਕਾਵਿ ਦੇ ਖੇਤਰ ਵਿਚ ਹੋਰ ਵੰਨਗੀਆਂ ਨਾਲੋਂ ਗ਼ਜ਼ਲ ਸਖ਼ਤ ਮਿਹਨਤ ਅਤੇ ਇਕਾਗਰਤਾ ਦੀ ਮੰਗ ਕਰਦੀ ਹੈ। ਗ਼ਜ਼ਲ ਦੀ ਸਿਰਜਣਾ ਕਰਨੀ ਆਸਾਨ ਕਾਰਜ ਨਹੀਂ ਹੈ, ਸਗੋਂ ਇੱਕ ਸਾਧਨਾ ਕਰਨੀ ਪੈਂਦੀ ਹੈ। ਇਸ ਵਿਧਾ ਵਿਚ ਰਦੀਫ਼- ਕਾਫੀਆ- ਲੈਅ ਨੂੰ ਨਿਰੰਤਰ ਬਣਾਈ ਰੱਖਣਾ ਪੈਂਦਾ ਹੈ।

ਰਣਜੀਤ ਸਿੰਘ ਧੂਰੀ ਦੀ ਹੱਥਲੀ ਪੁਸਤਕ 'ਰਬਾਬ ਤੋਂ ਕਿਰਪਾਨ ਤੱਕ' ਤੋਂ ਪਹਿਲਾਂ ਭਾਵੇਂ ਉਸ ਦੀਆਂ ਰਚਨਾਵਾਂ ਕਈ ਸਾਂਝੇ ਕਾਵਿ ਸੰਗ੍ਰਹਿ ਵਿਚ ਛਪੀਆਂ ਹਨ ਪਰ ਉਸ ਦੀ ਇੱਕ ਮੂਲ ਕਾਵਿ ਪੁਸਤਕ 'ਚੁੱਪ ਤੋਂ ਆਵਾਜ਼ ਤੱਕ' ਤੋ ਬਾਅਦ ਸਿਰਲੇਖਾਂ ਦੀ ਲੜੀ ਤੁਰਦੀ ਹੈ। 'ਚੁੱਪ ਤੋਂ ਆਵਾਜ਼ ਤੱਕ' ਤੋਂ ਅੱਗੇ ਪਹਿਲਾ ਗ਼ਜ਼ਲ ਸੰਗ੍ਰਹਿ 'ਆਵਾਜ਼ ਤੋਂ ਰਬਾਬ ਤੱਕ' ਤੇ ਹੁਣ ਦੂਜਾ ਹੱਥਲਾ ਗ਼ਜ਼ਲ ਸੰਗ੍ਰਹਿ 'ਰਬਾਬ ਤੋਂ ਕਿਰਪਾਨ ਤੱਕ' ਲੈ ਕੇ ਹਾਜ਼ਰ ਹੈ। ਧੂਰੀ ਨੇ ਇਹ ਪੁਸਤਕ ਪੰਜਾਬੀ ਗ਼ਜ਼ਲ ਦੇ ਸਿੱਖਿਆਰਥੀਆਂ ਅਤੇ ਖੋਜਾਰਥੀਆਂ ਲਈ ਤੋਹਫਾ ਭੇਟ ਕਰਦਿਆਂ ਇਸ ਵਿਚ 85 ਗ਼ਜ਼ਲਾਂ ਸ਼ਾਮਲ ਕੀਤੀਆਂ ਹਨ। ਰਣਜੀਤ ਸਿੰਘ ਧੂਰੀ ਗ਼ਜ਼ਲ ਦੀ ਤਕਨੀਕ ਤੋਂ ਬਾ-ਖ਼ੂਬੀ ਜਾਣੂ ਹੋਣ ਦੇ ਨਾਲ ਹੁਣ ਉਸ ਨੇ ਗ਼ਜ਼ਲ ਦੇ ਸਿਖਿਆਰਥੀਆਂ ਲਈ 'ਧੂਰੀ ਗ਼ਜ਼ਲ ਸਕੂਲ' ਵੀ ਸ਼ੁਰੂ ਕੀਤਾ ਹੋਇਆ ਹੈ ਅਤੇ ਨਾਲ ਹੀ ਗ਼ਜ਼ਲ ਦਾ ਵਿਆਰਕਣ ਪੁਸਤਕ ਵੀ ਸਿਖਿਆਰਥੀਆਂ ਨੂੰ ਦਿੱਤੀ ਹੈ।

ਉਸ ਦੀ ਪੁਸਤਕ 'ਰਬਾਬ ਤੋਂ ਕਿਰਪਾਨ ਤੱਕ' ਨੂੰ ਪ੍ਰਸਿਧ ਤੇ ਉਸਤਾਦ ਗ਼ਜ਼ਲਗੋਆਂ ਨੇ ਆਪਣੇ ਵਿਚਾਰ ਵੀ ਦਿੱਤੇ ਹਨ, ਜਿਵੇਂ ਕ੍ਰਿਸ਼ਨ ਭਨੋਟ ਨੇ ਕਿਹਾ ਹੈ ਕਿ ਖਿਆਲ ਤੇ ਸ਼ਿਲਪ ਦਾ ਸੁਮੇਲ ਹੈ। ਗੁਰਦਿਆਲ ਰੌਸ਼ਨ ਨੇ ਇਸ ਨੂੰ ਨਵੀਂ ਪ੍ਰੀਭਾਸ਼ਾ ਦਾ ਨਾਮ ਦਿੱਤਾ ਹੈ। ਬੂਟਾ ਸਿੰਘ ਚੌਹਾਨ ਇਸ ਪੁਸਤਕ ਨੂੰ ਰੰਗ-ਬਿਰੰਗੇ ਫੁੱਲਾਂ ਦਾ ਗੁਲਦਸਤਾ ਆਖਦਾ ਹੈ ਅਤੇ ਸੁਲੱਖਣ ਸਰਹੱਦੀ ਇਸ ਨੂੰ ਗ਼ਜ਼ਲ ਦਾ ਇਤਿਹਾਸਕ ਮੀਲ ਪੱਥਰ ਗਰਦਾਨਦਾ ਹੈ। ਲੇਖਕ ਆਪ ਵੀ ਕਹਿੰਦਾ ਹੈ ਕਿ ਉਸਨੇ ਇਹ ਗ਼ਜ਼ਲ ਪੁਸਤਕ ਨਵੀਂ ਅਤੇ ਪੁਰਾਣੀ ਪੀੜ੍ਹੀ ਵਿਚ ਪੁਲ ਦਾ ਕੰਮ ਕਰਦੀ ਹੈ।

ਭਾਵੇਂ ਉਸ ਨੇ ਗ਼ਜ਼ਲ ਸਿਖਣ ਲਈ ਉਸਤਾਦ ਅਜੀਤ ਹਿਰਖੀ- ਦੀਪਕ ਜੈਤੋਈ- ਪ੍ਰਿੰ. ਤਖਤ ਸਿੰਘ ਆਦਿ ਤੋਂ ਗਿਆਨ ਪ੍ਰਾਪਤ ਕੀਤਾ ਹੈ ਪਰ ਉਸਨੇ ਸਲਖੱਣ ਸਰਹੱਦੀ ਨੂੰ ਆਪਣਾ ਗੁਰੂ ਧਾਰਿਆ ਹੈ।

ਪੁਸਤਕ ਵਿਚਲੀਆਂ ਗ਼ਜ਼ਲਾਂ ਵਿਚ ਸਮਾਜਿਕ- ਆਰਥਿਕ- ਰਾਜਨੀਤਿਕ- ਧਾਰਮਿਕ ਖਿਆਲਾਂ ਦੇ ਨਾਲ-ਨਾਲ ਮਨੋਵਿਗਿਆਨਕ- ਰਿਸ਼ਤਿਆਂ ਦੇ ਮੌਜੂਦਾ ਹਾਲਾਤ- ਪਿਆਰ- ਮੁਹੱਬਤ- ਪੰਜਾਬੀ ਭਾਸ਼ਾ- ਕਿਰਤੀਆਂ- ਸੰਤਾਲੀ ਅਤੇ ਲੋਕ ਹਿੱਤਾਂ ਦੀ ਗੱਲ ਵੀ ਸ਼ਾਮਲ ਹੈ। ਪੁਸਤਕ ਦੀਆਂ ਗ਼ਜ਼ਲਾਂ ਵਿਚ ਸ਼ਬਦ- ਗੁਰੂ- ਮੀਰੀ-ਪੀਰੀ- ਅਨੰਦਪੁਰ- ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹੀਦੀ- ਅਮ੍ਰਿਤਪਾਨ- ਸਾਹਿਬਜਾਦਿਆਂ ਬਾਰੇ- ਸਿਮਰਨ- ਕਾਦਰ ਕੁਦਰਤ- ਕ੍ਰਿਸ਼ਨ- ਕੋਰਵ-ਪਾਂਡਵ ਜਿਹੇ ਸ਼ਬਦ ਧਾਰਮਿਕ ਪ੍ਰਵਿਰਤੀ ਦਰਸਾਉਂਦੇ ਹਨ।

ਇਸ ਪੁਸਤਕ ਦੀ ਖ਼ੂਬਸੂਰਤੀ ਇਹ ਵੀ ਹੈ ਕਿ ਹਰ ਗ਼ਜ਼ਲ ਦੇ ਨਾਲ ਬਹਿਰ- ਰੁਕਨ- ਸਰੂਪ ਦਰਸਾਏ ਹਨ, ਜਿਨ੍ਹਾਂ ਨਾਲ ਗ਼ਜ਼ਲ ਦੀ ਤਕਤੀਹ ਹੁੰਦੀ ਹੈ। ਗ਼ਜ਼ਲ ਵਿਚ ਇਸ ਤਰ੍ਹਾਂ ਦੀ ਪ੍ਰੰਪਰਾ ਬਹੁਤ ਵਧੀਆ ਚਲਨ ਹੈ ਕਿਉਂਕਿ ਪਾਠਕ ਨੂੰ ਕਿਸੇ ਵੀ ਭਰਮ ਤੋਂ ਗ਼ਜ਼ਲ ਵਿਚਲਾ ਵਰਨਣ ਸਮਝਣ ਵਿਚ ਸੌਖ ਰਹਿੰਦੀ ਹੈ। ਮਾਲਵਿੰਦਰ ਸ਼ਾਇਰ ਅਤੇ ਹੋਰ ਕਈ ਸ਼ਾਇਰਾਂ ਨੇ ਵੀ ਇਹ ਪ੍ਰੰਪਰਾ ਨੂੰ ਆਪਣਾਇਆ ਹੈ। ਇਸ ਪੁਸਤਕ ਵਿਚ ਕਈ ਥਾਂਈ ਔਖੇ ਸ਼ਬਦਾਂ ਦੇ ਅਰਥ ਵੀ ਦਿੱਤੇ ਗਏ ਹਨ।

ਪੁਸਤਕ ਵਿਚ ਸਮਾਜ ਵਿਚ ਰਿਸ਼ਤਿਆਂ ਦੇ ਬਦਲਦੇ ਰੰਗ ਅਤੇ ਸ਼ਰੀਕਾਂ ਦਾ ਜ਼ਿਕਰ ਕਰਦਿਆਂ ਸ਼ਿਅਰ ਹੈ ਕਿ:-

'ਇਹ ਰਿਸ਼ਤਿਆਂ ਦਾ ਕੀ ਪਤਾ ਕਦ ਰੰਗ ਬਦਲ ਜਾਣ ?
ਰਿਸ਼ਤਾ ਹੈ ਦੋਸਤੀ ਦਾ ਜੋ ਬਣਦਾ ਨਹੀਂ ਸ਼ਰੀਕ।' (ਪੰਨਾ : 32)

ਮਾਂ ਬੋਲੀ ਨੂੰ ਪਿਆਰ ਕਰਦਿਆਂ ਸ਼ਿਅਰ ਲਿਖਿਆ ਗਿਆ ਹੈ:-

'ਮਾਂ ਸਕੀ ਸਾਡੀ ਪੰਜਾਬੀ- ਇਸ ਨੂੰ ਮਾਸੀ ਨਾ ਕਹੋ-
'ਇਸ ਦੇ ਹਰਫ਼ਾਂ ਨਾਲ ਸਾਡੇ ਪੁਰਖਿਆਂ ਦੀ ਪ੍ਰੀਤ ਹੈ।' (ਪੰਨਾ : 42)

ਲੋਕ ਹਿੱਤਾਂ ਦੀ ਗੱਲ ਅਤੇ ਹੁੰਦੀ ਲੀਡਰਾਂ ਵੱਲੋਂ ਲੁੱਟ ਨੂੰ ਪੇਸ਼ ਕਰਦਾ ਸ਼ਿਅਰ ਹੈ:-

'ਲੋਕ-ਹਿੱਤ ਦੇ ਨਾਮ 'ਤੇ ਭਰਦੇ ਨੇ ਜੇਬਾਂ ਆਪਣੀਆਂ-
ਰਾਸ ਆਇਐ ਲੀਡਰਾਂ ਨੂੰ ਕੁਰਸੀਆਂ ਦਾ ਸਿਲਸਿਲਾ।' (ਪੰਨਾ : 44)

ਇਸੇ ਤਰ੍ਹਾਂ ਹੋਰ ਸ਼ਿਅਰ ਜੋ ਰੱਬ ਦੀ ਹੋਂਦ- ਸੰਤਾਲੀ ਦੀ ਗੱਲ- ਕਿਰਤੀਆਂ ਦੀ ਗੱਲ- ਨੂੰਹ- ਸੱਸ ਦੇ ਸਬੰਧਾਂ ਆਦਿ ਦੀ ਗੱਲ ਕਰਦੇ ਹਨ:-

'ਨਾ ਸੰਗਮਰਮਰ 'ਚ ਰਹਿੰਦਾ- ਮਸਜਿਦਾਂ ਨਾ ਮੰਦਰਾਂ ਵਿਚ ਹੈ।
ਅਨੰਤ ਵਸਤਾ ਅਸਾਡੇ ਸਾਰਿਆਂ ਦੇ ਹਿਰਦਿਆਂ ਵਿਚ ਹੈ।' (ਪੰਨਾ : 52)

'ਅੱਲੇ ਜ਼ਖ਼ਮ ਦਿਲਾਂ ਦੇ ਸੰਤਾਲੀ ਵਾਲੇ ਅੱਜ ਤੱਕ-
ਜ਼ੁਲਮਾਂ ਦੀ ਲਾਲ 'ਨ੍ਹੇਰੀ' ਫਿਰ ਲੂਣ ਪਾ ਰਹੀ ਹੈ।' (ਪੰਨਾ : 57)

'ਪੱਤਝੜ- ਬਸੰਤ- ਧੁੱਪ- ਛਾਂ- ਬਰਸਾਤ ਹੈ ਜਾਂ ਔੜ-
ਰੱਖੋ ਸੰਭਾਲ ਕੇ ਤੁਸੀਂ ਇਸ ਜ਼ਿੰਦਗੀ ਦਾ ਸਹਿਜ।' (ਪੰਨਾ : 67)

'ਇਹ ਨੂੰਹ ਹੀ ਅਸਲ 'ਚ ਧੀ ਹੈ ਤੇ ਸੱਸ ਅਸਲੀ ਮਾਂ-
ਪੁਰਾਣੀ ਮਿੱਥ ਨੂੰ ਛੱਡ ਕੇ ਨਵੀਂ ਰਸਮ ਬਣੀਏ।' (ਪੰਨਾ : 69)

ਪੁਸਤਕ ਵਿਚਲੇ ਸ਼ਿਅਰਾਂ ਵਿਚ ਪੰਛੀਆਂ ਲਈ ਉਪਰਲੇ ਪਿਆਰ ਅਤੇ ਇੱਕਲਤਾ ਦੀ ਵਿਸੰਗਤੀ ਨਜ਼ਰੀਂ ਪੈਂਦੀ ਹੈ:-

'ਤੂੰ ਬਿਰਖ ਕੱਟ ਕੇ ਬੇ-ਘਰ ਪਰਿੰਦੇ ਕੀਤੇ ਬੜੇ-
ਇਹ ਨਕਲੀ ਆਲ੍ਹਣੇ ਟੰਗ ਕੇ ਨ ਹੁਣ ਤੂੰ ਪਿਆਰ ਵਿਖਾ।' (ਪੰਨਾ : 72)

ਅਤੇ

'ਰੁੱਖਾਂ ਦੀ ਰੁਮਕਦੀ ਹਵਾ ਨਾ ਪੰਛੀਆਂ ਦੀ ਚੀਂ-
ਤਾਹੀਉਂ ਤਾਂ ਬੇ-ਘਰਾ ਫਿਰਾਂ ਆਪਣੇ ਹੀ ਘਰ 'ਚ ਮੈਂ।' (ਪੰਨਾ : 99)

ਪੁਸਤਕ ਵਿਚ ਲਏ ਗਏ ਸ਼ਿਅਰ ਕਾਬਿਲੇ ਗ਼ੌਰ ਹਨ। ਰਣਜੀਤ ਸਿੰਘ ਧੂਰੀ ਦੀ ਇਹ ਪੁਸਤਕ ਜਿੱਥੇ ਸਿਖਿਆਰਥੀਆਂ ਲਈ ਲਾਹੇਵੰਦ ਹੈ- ਉੱਥੇ ਆਮ ਪਾਠਕਾਂ ਲਈ ਵੀ ਫਾਇਦੇਮੰਦ ਹੈ। ਰਣਜੀਤ ਸਿੰਘ ਧੂਰੀ ਤੋਂ ਹੋਰ ਅਜੇਹੀਆਂ ਪੁਸਤਕਾਂ ਦੀ ਆਸ ਕੀਤੀ ਜਾਂਦੀ ਹੈ।

---

# ਦੁੱਖ-ਸੁੱਖ ਤੇ ਅਰਦਾਸ..

**ਸਿੰਦਰ ਸਿੰਘ ਮੀਰਪੁਰੀ**
ਫਰਿਜ਼ਨੋ
559-285-0841
(Punjab Mail USA



ਅੱਜ ਦੇ ਸਮੇਂ ਅੰਦਰ ਹਰ ਇਨਸਾਨ ਵੱਲੋਂ ਆਪਣੇ ਹੱਥੀਂ ਸਹੇੜੇ ਦੁੱਖਾਂ ਨੂੰ ਲੈ ਕੇ ਚਿੰਤਾ ਦੇ ਡੂੰਘੇ ਸਮੁੰਦਰ ਵਿਚ ਗੋਤੇ ਖਾਣਾ ਅੱਜਕੱਲ੍ਹ ਆਮ ਗੱਲ ਹੋ ਚੁੱਕੀ ਹੈ। ਹਰ ਇਨਸਾਨ ਚਿੰਤਾ ਦਾ ਵੱਡਾ ਭਾਰ ਢੋਂਹਦਾ ਵਿਖਾਈ ਦਿੰਦਾ ਹੈ। ਕਿਸੇ ਵੀ ਇਨਸਾਨ ਦੇ ਦੁੱਖਾਂ ਵਿਚੋਂ ਬਹੁਤ ਸਾਰੇ ਦੱਖ ਉਸ ਦੇ ਅਪਣੇ ਪੈਦਾ ਕੀਤੇ ਹਨ, ਜਦਕਿ ਕੁਦਰਤ ਕਿਸੇ ਨੂੰ ਵੀ ਦੁੱਖਾਂ ਦੇ ਘੇਰੇ ਅੰਦਰ ਜਾਣ ਨਹੀਂ ਦਿੰਦੀ, ਬਸ਼ਰਤੇ ਇਨਸਾਨ ਕੁਦਰਤ ਦੀਆਂ ਲੀਹਾਂ ਉੱਤੇ ਚੱਲਦਾ ਰਹੇ ਤਾਂ ਗੱਲ ਵੱਖਰੀ ਹੈ। ਅੱਜ ਦੁਨੀਆਂ ਅੰਦਰ ਜਿਧਰ ਵੀ ਨਿਗਾਹ ਮਾਰੋ, ਤਾਂ ਬਹੁਤ ਸਾਰੇ ਲੋਕ ਤੁਹਾਨੂੰ ਦੁੱਖਾਂ ਨਾਲ ਭਰੇ ਮਿਲ ਜਾਣਗੇ। ਇਹ ਕਿਸੇ ਇਕ ਖੇਤਰ ਦਾ ਵਰਤਾਰਾ ਨਹੀਂ ਹੈ, ਆਲਮ ਚਾਰੇ ਪਾਸੇ ਇਹ ਹੀ ਬੀਤ ਚੁੱਕਿਆ ਹੈ। ਪਤਾ ਨਹੀਂ ਸ਼ਾਇਦ ਸਾਡੇ ਲੋਕ ਰੱਬ ਨੂੰ ਭੁੱਲ ਕਿ ਕਿਸ ਦੀ ਓਟ ਵਿਚ ਸਮਾਂ ਬਤੀਤ ਕਰਨ ਨੂੰ ਪਹਿਲ ਦਿੰਦੇ ਹਨ। ਇਹੋ ਕਾਰਨ ਹੈ ਕਿ ਕੁਝ ਵੀ ਪਤਾ ਨਹੀਂ ਲੱਗ ਰਿਹਾ। ਕੋਈ ਹਸਪਤਾਲਾਂ ਅੰਦਰ ਜ਼ਿੰਦਗੀ ਮੌਤ ਦੀ ਲੜਾਈ ਲੜ ਰਿਹਾ ਹੈ ਅਤੇ ਕੋਈ ਕੋਟ ਕਚਹਿਰੀਆਂ ਦੇ ਚੱਕਰ ਕੱਟ ਰਿਹਾ ਹੈ।

ਬਹੁਤ ਸਾਰੇ ਲੋਕ ਭਟਕ ਰਹੇ ਹਨ। ਜੇਕਰ ਅਸੀਂ ਸੱਚੇ ਮਨੋਂ ਉਸ ਮਾਲਕ ਦਾ ਆਸਰਾ ਲੈ ਕੇ ਜ਼ਿੰਦਗੀ ਬਤੀਤ ਕਰਾਂਗੇ, ਤਾਂ ਕੋਈ ਦੁਨੀਆਂ ਦੀ ਤਾਕਤ ਦੁੱਖਾਂ ਨੂੰ ਤੋੜਨ ਤੋਂ ਰੋਕ ਨਹੀਂ ਸਕਦੀ। ਪਰ ਇਨਸਾਨ ਆਪਣੀ ਹਉਮੈ ਵਿਚ ਫਸ ਕੇ ਉਸ ਮਾਲਕ ਨੂੰ ਭੁੱਲ ਕੇ ਦੁਨਿਆਵੀ ਰਿਸ਼ਤਿਆਂ ਦੇ ਲਾਲਚ ਵਿਚ ਫਸ ਗਿਆ ਹੈ। ਸ਼ਾਇਦ ਇਹੀ ਕਾਰਨ ਬਣਦਾ ਹੈ ਕਿ ਅੱਜ ਹਰ ਇਨਸਾਨ ਉੱਤੇ ਦੁੱਖ ਦੀ ਭਾਰੀ ਭੀੜ ਪੈ ਰਹੀ ਹੈ, ਜੋ ਉਸ ਤੋਂ ਸਹਿਣ ਨਹੀਂ ਹੋ ਰਹੀ। ਕਿਸੇ ਸਮੇਂ ਅਸੀਂ ਸਾਰੇ ਹਰ ਇਨਸਾਨ ਦੇ ਦੁੱਖ-ਸੁੱਖ ਦੀ ਸਹਾਈ ਹੋ ਕੇ ਪਰਿਵਾਰਕ ਰਿਸ਼ਤਿਆਂ ਨੂੰ ਪਹਿਲ ਦਿੰਦੇ ਸੀ। ਪਰ ਹੁਣ ਹਾਲਾਤ ਬਿਲਕੁਲ ਉਲਟ ਬਣ ਚੁੱਕੇ ਹਨ, ਕੋਈ ਵੀ ਕਿਸੇ ਦਾ ਸਕਾ ਨਹੀਂ ਹੈ। ਬਹੁਤਿਆਂ ਦੇ ਨਿੱਜੀ ਮੁਫਾਦ ਭਾਰੂ ਪੈ ਚੁੱਕੇ ਹਨ ਪਰ ਇਹ ਵਰਤਾਰਾ ਆਖਰ ਰੁਕੇਗਾ ਕਿੱਥੇ ਜਾ ਕੇ, ਕੁਝ ਵੀ ਪਤਾ ਨਹੀਂ। ਬਾਹਰਲੇ ਮੁਲਕਾਂ ਅੰਦਰ ਵੀ ਹਾਲਾਤ ਅਜਿਹੇ ਹੀ ਹਨ। ਜਦਕਿ ਚਾਹੀਦਾ ਤਾਂ ਇਹ ਹੈ ਭਾਈਚਾਰਾ ਬਣਾਈ ਰੱਖਣ ਵਿਚ ਇਹ ਪੂਰੀ ਦੁਨੀਆਂ ਭਰ ਦੇ ਜਾਗਰੂਕ ਬਣੋ। ਸਾਨੂੰ ਕੋਈ ਇਨਸਾਨ ਹੀ ਆਪਣੀ ਜ਼ਿੰਦਗੀ ਵਿਚ ਅਜਿਹਾ ਮਿਲੇਗਾ, ਜੋ ਨਿੱਜੀ ਮੁਫਾਦਾਂ ਨੂੰ ਭੁੱਲ ਕੇ ਸਾਨੂੰ ਸੱਚੀ ਮਿੱਤਰਤਾ ਦਾ ਅਹਿਸਾਸ ਕਰਵਾ ਸਕੇ। ਕੇਵਲ ਗੁਰੂ ਮਹਾਰਾਜ ਮਨੁੱਖ ਨੂੰ ਸਹੀ ਰਫ਼ਤਾਰ ਪ੍ਰਦਾਨ ਕਰ ਸਕਦੇ ਹਨ।

ਅਜਿਹੇ ਇਨਸਾਨਾਂ ਦੀ ਗਿਣਤੀ ਦੁਨੀਆਂ ਵਿਚ ਬਹੁਤ ਘੱਟ ਹੈ। ਦੁਨੀਆਂ ਅੰਦਰ ਦੁੱਖਾਂ-ਸੁੱਖਾਂ ਦਾ ਵੱਡਾ ਕਾਰਨ ਹੈ ਕਿ ਸਾਡੇ ਖਾਣੇ ਖਰਾਬ ਹੋ ਚੁੱਕੇ ਹਨ। ਕਦੇ-ਕਦੇ ਤਾਂ ਇੰਝ ਪ੍ਰਤੀਤ ਹੁੰਦਾ ਹੈ, ਜਿਵੇਂ ਅਸੀਂ ਬੋਨਸ ਦੀ ਜ਼ਿੰਦਗੀ ਜੀ ਰਹੇ ਹਾਂ। ਜੇਕਰ ਗੱਲ ਕਰੀਏ ਤਾਂ ਪਿਛਲੇ ਸਮੇਂ ਇਨਸਾਨ ਦੀਆਂ ਮੌਤਾਂ ਬਹੁਤ ਘੱਟ ਹੁੰਦੀਆਂ ਸਨ ਅਤੇ ਦੁੱਖ-ਸੁੱਖ ਵੀ ਬਹੁਤ ਘੱਟ ਹੁੰਦੇ ਸਨ। ਪਰ ਮੌਜੂਦਾ ਸਮੇਂ ਸਥਿਤੀ ਬਿਲਕੁਲ ਬਦਲ ਚੁੱਕੀ ਵਿਖਾਈ ਦਿੰਦੀ ਹੈ। ਬਿਮਾਰੀਆਂ ਨੇ ਵੱਡੀ ਪੱਧਰ 'ਤੇ ਆਮ ਦੁਨੀਆਂ ਨੂੰ ਸਾਹ ਹੀਣ ਕਰਕੇ ਰੱਖ ਦਿੱਤਾ ਹੈ। ਬਹੁਤ ਸਾਰੇ ਲੋਕਾਂ ਕੋਲ ਆਪਣਾ ਇਲਾਜ ਕਰਾਉਣ ਨੂੰ ਪੈਸੇ ਨਹੀਂ ਹਨ। ਬਿਮਾਰੀਆਂ ਦੀ ਆਗੋਸ਼ ਵਿਚ ਆ ਰਹੇ ਲੋਕਾਂ ਦੀ ਗਿਣਤੀ ਹਰ ਰੋਜ਼ ਵਧ ਰਹੀ ਹੈ। ਸਮਾਂ ਬਹੁਤ ਭਿਆਨਕ ਚੱਲ ਰਿਹਾ ਹੈ, ਪੂਰੀ ਦੁਨੀਆਂ ਵਿਚ ਭੁੱਖਮਰੀ ਵਰਗੇ ਹਾਲਾਤ ਪੈਦਾ ਹੋ ਚੁੱਕੇ ਹਨ। ਸਾਰੇ ਹੀ ਦੇਸ਼ਾਂ ਦਾ ਹਾਲ ਕਿਸੇ ਦੂਜੇ ਤੋਂ ਜ਼ਿਆਦਾ ਵਧੀਆ ਨਹੀਂ ਹੈ। ਇਨਸਾਨ ਦਾ ਇਕ ਇਨਸਾਨ ਤੋਂ ਦੂਜੇ ਪ੍ਰਤੀ ਮੋਹ ਭੰਗ ਹੋ ਚੁੱਕਿਆ ਹੈ, ਸਿਰਫ਼ ਪੈਸੇ ਦੀ ਦੌੜ ਵਿਚ ਜ਼ਿੰਦਗੀ ਬਤੀਤ ਕਰਨੀ ਹੀ ਇਨਸਾਨ ਦਾ ਮੁੱਖ ਮਕਸਦ ਹੈ, ਜਿਸ ਕਰਕੇ ਇਹ ਦੁੱਖਾਂ ਨੇ ਹਰ ਇਨਸਾਨ ਦੀ ਜ਼ਿੰਦਗੀ ਵਿਚ ਆਪਣਾ ਘਰ ਕਰ ਲਿਆ ਹੈ। ਜੇਕਰ ਕੋਈ ਵੀ ਇਨਸਾਨ ਸਹੀ ਜ਼ਿੰਦ.ਗੀ ਸੁੱਖ ਵਿਚ ਬਤੀਤ ਕਰਨੀ ਚਾਹੁੰਦਾ ਹੈ, ਤਾਂ ਉਸ ਨੂੰ ਸੱਚੇ ਪਿਤਾ ਪਰਮਾਤਮਾ ਦਾ ਓਟ-ਆਸਰਾ ਲੈ ਕੇ ਜ਼ਿੰਦਗੀ ਬਤੀਤ ਕਰਨ ਦੀ ਲੋੜ ਹੁੰਦੀ ਹੈ। ਵਿਦਿਆਰਥੀ ਵਰਗ ਦਾ ਹਾਲ ਵੀ ਕਿਸੇ ਤੋਂ ਲੁਕਿਆ ਨਹੀਂ ਹੈ। ਸਕੂਲਾਂ-ਕਾਲਜਾਂ ਦੀ ਹਾਲਤ ਕੀ ਹੈ, ਅਸੀਂ ਸਾਰੇ ਜਾਣਦੇ ਹਾਂ ।

ਗੁਰਬਾਣੀ ਦਾ ਆਸਰਾ ਲੈ ਜ਼ਿੰਦਗੀ ਜਿਊਣੀ ਚਾਹੀਦੀ ਹੈ ਹਰ ਇਨਸਾਨ ਨੂੰ। ਲੰਘੇ ਸਮੇਂ ਸਾਡੇ ਸਮਾਜ ਅੰਦਰ ਦੁੱਖਾਂ ਦੀ ਗਿਣਤੀ ਬਹੁਤ ਘੱਟ ਕਿਉਂ ਹੁੰਦੀ ਸੀ, ਕਿਉਂਕਿ ਲੋਕ ਸੱਚੇ ਹੁੰਦੇ ਸਨ ਅਤੇ ਉਨ੍ਹਾਂ ਦੇ ਖਾਣੇ ਸਹੀ ਸਨ। ਦੁਨਿਆਵੀ ਰਿਸ਼ਤਿਆਂ ਨੂੰ ਲੈ ਕੇ ਲੋਭ ਲਾਲਚ ਦਾ ਕਿਧਰੇ ਨਾਮੋ-ਨਿਸ਼ਾਨ ਵੀ ਨਹੀਂ ਸੀ ਪਰ ਅੱਜ ਹਾਲਾਤ ਬਦਲ ਚੁੱਕੇ ਹਨ। ਅਸੀਂ ਕੇਵਲ ਤੇ ਕੇਵਲ ਪੈਸੇ ਨੂੰ ਮੁੱਖ ਰੱਖ ਕੇ ਆਪਣਾ ਜ਼ਿੰਦਗੀ ਦਾ ਮਨੋਰਥ ਅੱਗੇ ਲੈ ਕੇ ਚੱਲ ਰਹੇ ਹਾਂ, ਜੋ ਬਿਲਕੁਲ ਗਲਤ ਹੈ। ਸਾਡੀ ਜ਼ਿੰਦਗੀ ਦਾ ਕੇਵਲ ਇੱਕ ਇਹੀ ਮਕਸਦ ਬਾਕੀ ਬਚਿਆ ਹੈ ਕਿ ਅਸੀਂ ਦੂਜਿਆਂ ਦੀਆਂ ਗਲਤੀਆਂ ਫੜ ਕੇ ਉਨ੍ਹਾਂ ਨੂੰ ਨੀਵਾਂ ਦਿਖਾਉਣ ਦਾ ਕੋਈ ਵੀ ਮੌਕਾ ਨਹੀਂ ਛੱਡ ਰਹੇ। ਅਸੀਂ ਗੁਰੂ ਮਹਾਰਾਜ ਅੱਗੇ ਵੀ ਝੂਠੀ ਅਰਦਾਸ ਕਰਦੇ ਹਾਂ ਕਿ ਅਸੀਂ ਸੱਚੇ ਹਾਂ, ਜੋ ਬਿਲਕੁਲ ਗਲਤ ਹੈ। ਅਸੀਂ ਕੇਵਲ ਦੂਜਿਆਂ ਦੇ ਸੁੱਖਾਂ ਨੂੰ ਵੇਖ ਕੇ ਸੜਦੇ ਹਾਂ। ਅਸੀਂ ਸਿੱਖ ਗੁਰੂ ਸਾਹਿਬਾਨ ਦੇ ਫਲਸਫੇ ਨੂੰ ਭੁੱਲ ਕੇ ਉਸ ਤੋਂ ਬਹੁਤ ਦੂਰ ਹੋ ਚੁੱਕੇ ਹਾਂ। ਗੁਰੂ ਸਾਹਿਬਾਨ ਦੀਆਂ ਸਾਖੀਆਂ ਤੋਂ ਸੇਧ ਲੈ ਕੇ ਉਨ੍ਹਾਂ ਨੂੰ ਆਪਣੇ ਜੀਵਨ ਵਿਚ ਉਤਾਰ ਕੇ ਇਨਸਾਨ ਕੁਝ ਵੀ ਪ੍ਰਾਪਤ ਕਰ ਸਕਦਾ ਹੈ। ਪਰ ਅਸੀਂ ਤਾਂ ਹਰ ਖੇਤਰ ਵਿਚ ਕੇਵਲ ਠੱਗੀ ਦੇ ਮਾਹਰ ਹੋ ਚੁੱਕੇ ਵਖਾਈ ਦੇਂਦੇ ਹਾਂ।


ਅਸੀਂ ਦੂਜਿਆਂ ਦੇ ਸੁੱਖਾਂ ਨੂੰ ਦੇਖ ਕੇ ਆਪ ਦੁੱਖ ਪੈਦਾ ਕੀਤੇ ਹਨ। ਅਸੀਂ ਤਾਂ ਗੁਰੂ ਮਹਾਰਾਜ ਅੱਗੇ ਅਰਦਾਸ ਕਰਨ ਮੌਕੇ ਵੀ ਝੂਠ ਬੋਲਦੇ ਹਾਂ, ਕੀ ਬਣੇਗਾ ਸਾਡਾ। ਸਾਨੂੰ ਤਾਂ ਇਹ ਵੀ ਨਹੀਂ ਪਤਾ ਕਿ ਅਸੀਂ ਜੋ ਕੁਝ ਗੁਰੂ ਸਾਹਿਬਾਨ ਤੋਂ ਮੰਗਣਾ ਹੈ, ਉਸ ਅੱਗੇ ਵੀ ਝੂਠ ਬੋਲ ਰਹੇ ਹਾਂ। ਲੰਘੇ ਸਮੇਂ ਲੋਕ ਸੱਚੇ ਸਨ ਪਰ ਘਰ ਕੱਚੇ ਸਨ, ਹੁਣ ਘਰ ਪੱਕੇ ਹਨ, ਲੋਕ ਕੱਚੇ ਹਨ, ਇਹ ਕਹਾਵਤ ਬਿਲਕੁਲ ਸੱਚ ਹੈ। ਜਿੰਨਾ ਚਿਰ ਅਸੀਂ ਗੁਰੂ ਸਾਹਿਬਾਨ ਦੇ ਫਲਸਫੇ ਨੂੰ ਅਪਣਾ ਕੇ ਗੁਰਬਾਣੀ ਤੋਂ ਸੇਧ ਲੈ ਕੇ ਜ਼ਿੰਦਗੀ ਬਤੀਤ ਨਹੀਂ ਕਰਨਗੇ, ਓਨਾ ਚਿਰ ਸਾਡਾ ਕੁਝ ਨਹੀਂ ਹੋ ਸਕਦਾ। ਡਿੱਗਾਂ ਤਾਂ ਅਸੀਂ ਵੱਡੀਆਂ-ਵੱਡੀਆਂ ਮਾਰਦੇ ਹਾਂ ਪਰ ਕਦੇ ਕਿਸੇ ਗਰੀਬ ਦਾ ਇਲਾਜ ਨਹੀਂ ਕਰਵਾਇਆ, ਕਿਸੇ ਬੱਚੇ ਦੀ ਫੀਸ ਨਹੀਂ ਭਰੀ, ਕਿਸੇ ਗਰੀਬ ਦਾ ਮਕਾਨ ਨਹੀਂ ਬਣਵਾਇਆ, ਕਿਸੇ ਨੂੰ ਰੋਟੀ ਦਾ ਟੁੱਕ ਨਹੀਂ ਖਵਾਇਆ, ਫਿਰ ਅਸੀਂ ਕਿਸ ਹੱਕ ਨਾਲ ਕਹਿੰਦੇ ਹਾਂ ਕਿ ਸਾਡੇ 'ਤੇ ਦੁੱਖ ਭਾਰੂ ਹਨ, ਇਨ੍ਹਾਂ ਦਾ ਇਲਾਜ ਕਰਨ ਦੀ ਲੋੜ ਹੈ। ਜਿੰਨਾ ਚਿਰ ਅਸੀਂ ਆਪ ਸੱਚੇ ਨਹੀਂ ਹੋ ਸਕਦੇ, ਓਨਾ ਚਿਰ ਸਾਨੂੰ ਕੋਈ ਹੱਕ ਨਹੀਂ ਕਿ ਅਸੀਂ ਕਿਸੇ 'ਤੇ ਕਿੰਤੂ ਕਰਦਿਆਂ ਆਪਣੀਆਂ ਕੀਤੀਆਂ ਗਲਤੀਆਂ ਲੁਕੋ ਕੇ ਦੂਜਿਆਂ ਦੀਆਂ ਗਲਤੀਆਂ ਨੂੰ ਲੋਕਾਂ ਅੱਗੇ ਦੱਸਦੇ ਫਿਰੀਏ, ਸਾਨੂੰ ਤਾਂ ਕੇਵਲ ਆਪਣੀ ਪੀੜ੍ਹੀ ਥੱਲੇ ਸੋਟਾ ਮਾਰਨ ਦੀ ਲੋੜ ਹੈ।

ਵਿਦੇਸ਼ੀ ਪੜ੍ਹਾਈ ਦੇ ਮਾਮਲੇ ਵਿਚ ਵੀ ਸਾਡਾ ਨਾਸ ਵੱਜ ਚੁੱਕਿਆ ਹੈ। ਅਸੀਂ ਆਪ ਕੁੱਝ ਕਰਨਾ ਨਹੀਂ ਚਾਹੁੰਦੇ ਤੇ ਉਥੇ ਵੀ ਖੱਜਲ ਖੁਆਰ ਹੁੰਦੇ ਹਾਂ। ਪੰਜਾਬ ਦੀਆਂ ਲੜਕੀਆਂ ਬਹੁਤ ਸਾਰੇ ਮੁੰਡਿਆਂ ਨੂੰ ਕੱਢ ਕੇ ਬਾਹਰ ਲੈ ਕੇ ਜਾ ਰਹੀਆਂ ਹਨ ਤੇ ਉਥੇ ਜਾ ਕੇ ਸ਼ੁਰੂ ਹੁੰਦੀ ਹੈ, ਕੀਤੇ ਜਾਣ ਵਾਲੇ ਧੋਖੇ ਦੀ ਕਹਾਣੀ। ਫਿਰ ਦੋਸ਼ ਉੱਥੇ ਵੀ ਰੱਬ ਨੂੰ ਦਿੱਤਾ ਜਾਂਦਾ ਹੈ। ਭਲਾ ਇਸ ਵਿਚ ਰੱਬ ਦਾ ਕੀ ਕਸੂਰ ਹੈ। ਜਦ ਸਾਡੇ ਆਪਦੇ ਪੱਲੇ ਕੁਝ ਨਹੀਂ, ਤਾਂ ਅਸੀਂ ਰੱਬ ਨੂੰ ਦੋਸ਼ ਕਿਉਂ ਦਿੰਦੇ ਹਾਂ। ਚਾਰੇ ਪਾਸੇ ਇਹੀ ਹਾਲ ਹੈ, ਹਰ ਖੇਤਰ ਵਿਚ ਅਸੀਂ ਰੱਬ ਨੂੰ ਦੋਸ਼ ਦੇ ਕੇ ਆਪ ਬਰੀ ਹੋ ਜਾਂਦੇ ਹਾਂ, ਜੋ ਬਿਲਕੁਲ ਗਲਤ ਹੈ। ਪਿਛਲੇ ਸਮੇਂ ਇਹ ਕੁਝ ਕਿਉਂ ਨਹੀਂ ਸੀ ਹੁੰਦਾ, ਇਥੇ ਵੀ ਝਾਤੀ ਮਾਰਨ ਦੀ ਲੋੜ ਹੈ, ਸਾਡੀਆਂ ਆਪਣੀਆਂ ਗਲਤੀਆਂ ਹਨ। ਵਿਦੇਸਾਂ ਵਿਚ ਜੋ ਕੁਝ ਨੌਜਵਾਨ ਮੁੰਡੇ-ਕੁੜੀਆਂ ਨਾਲ ਹੋ ਰਿਹਾ ਹੈ, ਉਸ ਨੂੰ ਦੇਖ ਕੇ ਕਾਲਜਾ ਮੂੰਹ ਨੂੰ ਆ ਜਾਂਦਾ ਹੈ, ਭਾਵੇਂ ਕਿ ਹਰ ਖੇਤਰ ਦੇ ਵਿਚ ਹਾਲ ਇਹ ਹੀ ਹੈ ਪਰ ਅਸੀਂ ਇਸ ਗੱਲ ਨੂੰ ਸਾਰਿਆਂ 'ਤੇ ਲਾਗੂ ਨਹੀਂ ਕਰ ਸਕਦੇ। ਬਹੁਤ ਸਾਰੇ ਮੁੰਡੇ-ਕੁੜੀਆਂ ਚੰਗੇ ਵੀ ਹਨ ਅਤੇ ਆਪਣੀ ਜ਼ਿੰਦਗੀ ਪੂਰੀ ਸਹੀ ਤਰ੍ਹਾਂ ਬਤੀਤ ਕਰ ਰਹੇ ਹਨ। ਉਨ੍ਹਾਂ ਤੋਂ ਵੀ ਸਾਨੂੰ ਸੇਧ ਲੈਣ ਦੀ ਲੋੜ ਹੈ। ਸੋ ਕਿਸੇ ਦੀ ਗਲਤੀਆਂ ਕੱਢ ਕੇ ਅਸੀਂ ਕਦੇ ਵੀ ਸਹੀ ਨਹੀਂ ਹੋ ਸਕਦੇ। ਸਾਨੂੰ ਸਾਰਿਆਂ ਨੂੰ ਗੁਰੂ ਮਹਾਰਾਜ ਅੱਗੇ ਅਰਦਾਸ ਕਰਨ ਦੀ ਲੋੜ ਹੈ ਕਿ ਗੁਰੂ ਮਹਾਰਾਜ ਮੈਨੂੰ ਅਤੇ ਸਰਬੱਤ ਨੂੰ ਸਹੀ ਰਸਤਾ ਦਿਖਾ ਦਿਉ। ਗੁਰੂ ਮਹਾਰਾਜ ਦੀ ਕ੍ਰਿਪਾ ਨਾਲ ਇਨਸਾਨ ਦੇ ਸਾਰੇ ਦੁੱਖ ਕੱਟੇ ਜਾਂਦੇ ਹਨ ।

---

# ਤੁਪਕੇ ਦੀ ਲੜਾਈ

**-ਜਨਮੇਜਾ ਸਿੰਘ ਜੌਹਲ**
(Punjab Mail USA)



ਕਈ ਵਾਰੀ ਸਵੇਰੇ ਤੜਕੇ ਹੀ, ਕਈ ਵਾਰੀ ਸ਼ਾਮ ਨੂੰ ਤੇ ਦੁਪਹਿਰੇ ਤਾਂ ਆਮ ਹੀ ਇਕ ਤਰਫਾ ਲੜਾਈ ਹੁੰਦੀ ਸੀ। ਪਰ ਮੈਂ ਸਿਰ ਜਿਹਾ ਸਮੇਟ ਕੇ ਕਮਰੇ ਵਿਚ ਚਲੇ ਜਾਣਾ ਜਾਂ ਫਿਰ ਮੁੱਕਰ ਹੀ ਜਾਣਾ ਕਿ ਆਰ.ਓ. ਦੀ ਟੂਟੀ ਤਾਂ ਮੈਂ ਖੋਲ੍ਹੀ ਹੀ ਨਹੀਂ ਸੀ। ਕਈ ਵਾਰੀ ਮੈਂ ਸੱਚਾ ਵੀ ਹੁੰਦਾ ਸੀ, ਪਰ ਬਹੁਤ ਵਾਰ ਕਾਹਲੀ ਵਿਚ ਟੂਟੀ ਕੱਸ ਕੇ ਬੰਦ ਕਰਨੀ ਭੁੱਲ ਜਾਂਦਾ ਸੀ। ਕਈ ਵਾਰੀ ਰਾਤ ਨੂੰ ਸਾਰਾ ਪਾਣੀ ਵੀ ਰੁੜ੍ਹ ਜਾਣਾ ਤੇ ਸਵੇਰੇ ਹੀ ਇਸ ਨਲਾਇਕੀ ਬਦਲੇ ਪ੍ਰਸ਼ਾਦ ਮਿਲ ਜਾਣਾ। ਪਰ ਆਦਤ ਬਦਲਣ ਦੀ ਇੱਛਾ ਹੋਣ ਦੇ ਬਾਵਜੂਦ, ਗਲਤੀ ਹੋ ਹੀ ਜਾਣੀ। ਪਰ ਕਰੋਨਾ ਵੇਲੇ ਅਚਾਨਕ ਉਹ ਪੱਕੇ ਸਫ਼ਰ 'ਤੇ ਤੁਰ ਗਈ। ਬਹੁਤ ਕੁਝ ਅਣਕਿਆਸਾ ਬਦਲ ਗਿਆ। ਜੀਵਨ ਦੇ ਰੰਗ ਬਦਲ ਗਏ, ਢੰਗ ਬਦਲ ਗਏ। ਜੋ ਕਦੇ ਕੀਤਾ ਨਹੀਂ ਸੀ, ਉਹ ਸਿੱਖਣਾ ਪਿਆ। ਜੋ ਆਪਣੇ ਆਪ ਹੋਈ ਜਾਂਦਾ ਸੀ, ਕਰਨਾ ਪਿਆ ਜਾਂ ਛੱਡਣਾ ਪਿਆ। 2021 ਤੋਂ ਲੈ ਕੇ ਅੱਜ ਤੱਕ ਗਲਤੀਆਂ ਤਾਂ ਬਹੁਤ ਕੀਤੀਆਂ ਜਾਂ ਹੋਈਆਂ ਹੋਣਗੀਆਂ, ਪਰ ਦੋ ਸਾਲ ਤੋਂ ਕਦੇ ਟੂਟੀ 'ਚੋਂ ਤੁਪਕਾ ਨਹੀਂ ਡੁੱਲੇਆ।



# ਚਿੱਤ ਵੱਸਦਾ ਪਿੰਡ ਛਲੇੜੀ ਖ਼ੁਰਦ



ਅਮਰਬੀਰ ਸਿੰਘ ਚੀਮਾ
ਸਰਹਿੰਦ, ਜ਼ਿਲ੍ਹਾ ਫ਼ਤਿਹਗੜ੍ਹ ਸਾਹਿਬ (ਪੰਜਾਬ)
ਮੋਬ : 98889-40211
(Punjab Mail USA)



ਆਪਣੇ ਪਿੰਡ ਦੀ ਸਰਜ਼ਮੀਨ, ਆਪਣੇ ਘਰ, ਆਪਣੇ ਖੇਤਾਂ ਦੀ ਮਿੱਟੀ ਨੂੰ ਮੱਥੇ ਨਾਲ ਲਾ ਕੇ ਸਭ ਤੋਂ ਪਹਿਲਾਂ ਸਿੱਜਦਾ। ਆਪਣੀ ਤੁੱਛ ਜਿਹੀ ਸਮਝ ਤੇ ਬੁੱਧੀ ਅਨੁਸਾਰ ਆਪਣੇ ਜੱਦੀ ਪਿੰਡ ਛਲੇੜੀ ਖ਼ੁਰਦ ਉਰਫ਼ ਹਸਨਪੁਰ ਬਾਰੇ ਕੁੱਝ ਸ਼ਬਦ ਲਿਖ ਕੇ ਆਪਣੇ ਪਿੰਡ ਦੀ ਭੋਇੰ ਦਾ ਕਰਜ਼ਾ ਉਤਾਰਨ ਦੀ ਨਿਮਾਣੀ ਜਿਹੀ ਕੋਸ਼ਿਸ਼ ਕਰ ਰਿਹਾ ਹਾਂ। ਮੈਂ ਜਾਣਦਾ ਹਾਂ ਕਿ ਲਿਖਣ ਦੇ ਘਰ ਬੜੀ ਦੂਰ ਹਨ, ਪਰ ਮੇਰੇ ਪਿੰਡ ਪ੍ਰਤੀ ਮੋਹ ਦੇ ਚੱਲਦਿਆਂ ਚੱਲੀ ਕਲਮ ਰੋਕਣੀ ਸੱਚਮੁੱਚ ਮੇਰੇ ਵੱਸੋਂ ਬਾਹਰ ਹੈ।

1947 ਦੀ ਖ਼ੂਨੀ ਵੰਡ ਤੋਂ ਪਹਿਲਾਂ, ਜਿਸ ਨੂੰ ਆਮ ਲੋਕ ਹੱਲੇ ਕਹਿੰਦੇ ਹਨ, ਮੁਸਲਮਾਨਾਂ ਦਾ ਪਿੰਡ ਸੀ ਛਲੇੜੀ ਖ਼ੁਰਦ। ਨਵੀਆਂ ਸਰਹੱਦਾਂ ਬਣਨ ਮੌਕੇ ਦੋਹਾਂ ਪਾਸੇ ਹੋਏ ਕਤਲੋਗਾਰਤ 'ਚ ਪੰਜਾਬ ਦੇ ਬਹੁਤੇ ਪਿੰਡਾਂ ਵਾਂਗ ਮੇਰਾ ਹੱਸਦਾ-ਵੱਸਦਾ ਪਿੰਡ ਵੀ ਉੱਜੜ ਗਿਆ। ਦਹਾਕਿਆਂ ਤੋਂ ਭਰਾਵਾਂ ਵਾਂਗ ਰਹਿੰਦੇ ਦੋ ਫ਼ਿਰਕਿਆਂ ਦੇ ਲੋਕ ਅਖੌਤੀ ਸਿਆਸਤਦਾਨਾਂ ਦੀਆਂ ਚਾਲਾਂ ਦਾ ਸ਼ਿਕਾਰ ਹੋ ਕੇ ਰਾਤੋ-ਰਾਤ ਇੱਕ ਦੂਜੇ ਧਰਮ ਦੇ ਲੋਕਾਂ ਦੀਆਂ ਜਾਨਾਂ ਦੇ ਦੁਸ਼ਮਣ ਬਣ ਗਏ ਅਤੇ ਘੁੱਗ ਵੱਸਦਾ ਮੁਸਲਮਾਨਾਂ ਦਾ ਇਹ ਪਿੰਡ ਦੋ ਦਿਨਾਂ 'ਚ ਹੀ ਉੱਜੜ ਕੇ ਬੀਆਬਾਨ ਹੋ ਗਿਆ। ਇਸੇ ਤਰ੍ਹਾਂ ਹੀ ਲਹਿੰਦੇ ਪੰਜਾਬ (ਪਾਕਿਸਤਾਨ) ਤੋਂ ਆਪਣਾ ਸਭ ਕੁੱਝ ਲੁਟਾ ਕੇ ਖ਼ਾਲੀ ਹੱਥ ਆਏ ਸਿੱਖਾਂ (ਸਾਡੇ ਵੱਡੇ ਬਜ਼ੁਰਗਾਂ) ਨੂੰ ਪਿੰਡ ਛਲੇੜੀ ਖ਼ੁਰਦ ਦੀ ਬੰਜਰ ਜ਼ਮੀਨ ਅਲਾਟ ਹੋਈ ਸੀ। ਸਾਡੇ ਵੱਡੇ-ਵਡੇਰਿਆਂ ਨੇ ਸਾਲਾਂਬੱਧੀ ਮਿਹਨਤ ਕਰਕੇ ਪਿੰਡ ਨੂੰ ਰਹਿਣਯੋਗ ਬਣਾਇਆ। ਬੰਜਰ ਜ਼ਮੀਨ ਨੂੰ ਆਬਾਦ ਕਰਦਿਆਂ ਦਹਾਕੇ ਲੱਗ ਗਏ। ਅੱਜ ਜਦੋਂ ਆਪਣੇ ਪਿੰਡ ਦਿਆਂ ਖੇਤਾਂ 'ਚ ਹਾੜ੍ਹੀ-ਸਾਉਣੀ ਦੀਆਂ ਫ਼ਸਲਾਂ ਨੂੰ ਲਹਿਰਾਉਂਦਿਆਂ ਦੇਖਦਾ ਹਾਂ, ਤਾਂ ਏਦਾਂ ਲੱਗਦੇ ਜਿਵੇਂ ਸਾਡੇ ਬਜ਼ੁਰਗ ਆਪਣੀ ਕੀਤੀ ਮਿਹਨਤ ਨੂੰ ਫਲ ਲੱਗਾ ਦੇਖ ਕੇ ਖ਼ੁਸ਼ੀ 'ਚ ਝੂਮ ਰਹੇ ਹੋਣ। ਉਨ੍ਹਾਂ ਦੀਆਂ ਕੀਤੀਆਂ ਅਣਥੱਕ ਮਿਹਨਤਾਂ ਦਾ ਹੀ ਨਤੀਜਾ ਹੈ ਕਿ ਅੱਜ ਮੇਰਾ ਪਿੰਡ ਖ਼ੁਸ਼ਹਾਲ ਵੱਸਦਾ ਹੈ।

ਹਸਨਪੁਰ ਉਰਫ਼ ਛਲੇੜੀ ਖ਼ੁਰਦ ਪਟਿਆਲਾ, ਰਾਜਪੁਰਾ ਅਤੇ ਸਰਹਿੰਦ ਦੇ ਵਿਚਕਾਰ ਜਿਹੇ ਕਰਕੇ ਪੈਂਦਾ ਹੈ। ਸਰਹਿੰਦ ਤੋਂ ਜਰਨੈਲੀ ਸੜਕ 'ਤੇ ਰਾਜਪੁਰੇ ਵੱਲ ਜਾਂਦਿਆਂ ਰਜਿੰਦਰਗੜ੍ਹ ਤੇ ਬਸੰਤਪੁਰਾ (ਸਰਾਏਬੰਜਾਰਾ) ਅੱਡੇ ਲੱਗਦੇ ਹਨ ਅਤੇ ਸਰਹਿੰਦ ਤੋਂ ਪਟਿਆਲੇ ਵੱਲ ਜਾਂਦਿਆਂ ਰੁੜਕੀ ਤੇ ਜਖ਼ਵਾਲੀ ਤੋਂ ਸਾਡੇ ਪਿੰਡ ਪਹੁੰਚਿਆ ਜਾ ਸਕਦਾ ਹੈ। 1992 'ਚ ਉਸ ਸਮੇਂ ਦੇ ਪੰਜਾਬ ਦੇ ਮੁੱਖ ਮੰਤਰੀ ਬੇਅੰਤ ਸਿੰਘ ਵੱਲੋਂ ਫ਼ਤਿਹਗੜ੍ਹ ਸਾਹਿਬ ਨੂੰ ਜ਼ਿਲ੍ਹੇ ਦਾ ਦਰਜਾ ਦੇਣ ਤੋਂ ਪਹਿਲਾਂ ਮੇਰਾ ਪਿੰਡ ਪਟਿਆਲੇ ਜ਼ਿਲ੍ਹੇ 'ਚ ਪੈਂਦਾ ਸੀ। ਅੱਜ ਇਹ ਜ਼ਿਲ੍ਹਾ ਫ਼ਤਿਹਗੜ੍ਹ ਸਾਹਿਬ 'ਚ ਆਉਂਦਾ ਹੈ ਅਤੇ ਫ਼ਤਿਹਗੜ੍ਹ ਸਾਹਿਬ ਦੇ ਪਟਿਆਲੇ ਜ਼ਿਲ੍ਹੇ ਦੀ ਹੱਦ ਦੇ ਨੇੜੇ ਮੂਲੇਪੁਰ ਥਾਣੇ 'ਚ ਪੈਂਦਾ ਹੈ। ਅੱਜਕੱਲ੍ਹ ਤਾਂ ਸਾਰੇ ਪਾਸਿਉਂ ਸੜਕਾਂ ਬਣ ਗਈਆਂ ਹਨ ਪਰ ਮੈਨੂੰ ਯਾਦ ਹੈ ਬਚਪਨ 'ਚ ਬਰਸਾਤਾਂ ਦੇ ਦਿਨਾਂ 'ਚ ਪਿੰਡ ਪਹੁੰਚਣ ਲਈ ਕੱਚੇ ਰਸਤੇ ਚਿੱਕੜ ਨਾਲ ਭਰੇ ਹੋਣ ਕਾਰਨ ਗੋਡੇ-ਗੋਡੇ ਤੱਕ ਕੱਪੜੇ ਲਿੱਬੜ ਜਾਂਦੇ ਸਨ। ਇੱਕ ਵਾਰੀ ਸਰਹਿੰਦ ਰਹਿੰਦੇ ਗੁਆਂਢੀ ਪੰਮੇ ਮਾਮੇ ਨਾਲ ਉਨ੍ਹਾਂ ਦੇ ਟਰੈਕਟਰ 'ਤੇ ਆਪਣੀ ਨਾਨੀ ਨਾਲ ਪਿੰਡ ਗਏ ਸੀ ਪਰ ਰਸਤੇ 'ਚ ਮੂਲੇਪੁਰ ਚੋਆ ਪੂਰਾ ਚੜ੍ਹਿਆ ਹੋਇਆ ਸੀ। ਜਦੋਂ ਟਰੈਕਟਰ ਅੱਧ ਵਿਚਾਲੇ ਆਇਆ, ਤਾਂ ਸੜਕ ਦਿਸਣੋਂ ਹਟ ਗਈ ਤੇ ਲੋਕਾਂ ਨੇ ਰੌਲਾ ਪਾਇਆ, ਤਾਂ ਉੱਥੋਂ ਹੀ ਵਾਪਸ ਮੁੜਨਾ ਪਿਆ ਸੀ।

ਇੱਥੇ 1952 (ਜਦੋਂ ਤੋਂ ਪੰਚਾਇਤਾਂ ਬਣਨ ਲੱਗੀਆਂ ਹਨ) ਤੋਂ ਲੈ ਕੇ ਹੁਣ ਤੱਕ ਛਲੇੜੀ ਖ਼ੁਰਦ ਤੇ ਨਾਲ ਲੱਗਦੇ ਪਿੰਡ ਆਸ਼ਕ ਪੁਰੇ ਦੀ ਪੰਚਾਇਤ ਸਾਂਝੀ ਬਣਦੀ ਰਹੀ ਹੈ। ਦੋਵਾਂ ਪਿੰਡਾਂ ਦੀ ਕੁੱਲ ਵੋਟ 650 ਦੇ ਕਰੀਬ ਹੈ। 2019 ਦੀਆਂ ਪੰਚਾਇਤੀ ਚੋਣਾਂ ਮੌਕੇ ਆਸ਼ਕ ਪੁਰੇ ਪਿੰਡ ਦੀ ਵੱਖਰੀ ਪੰਚਾਇਤ ਬਣਨ ਉਪਰੰਤ ਹੁਣ ਛਲੇੜੀ ਖ਼ੁਰਦ ਦੀ 450 ਤੇ ਆਸ਼ਕ ਪੁਰੇ ਦੀ 200 ਦੇ ਕਰੀਬ ਵੋਟ ਹੈ। ਨੰਬਰਦਾਰ ਸਤਨਾਮ ਸਿੰਘ ਨੇ ਆਪਣੀ ਮੌਤ ਤੋਂ ਪਹਿਲਾਂ ਆਪਣੀ ਜੱਦੀ ਜ਼ਮੀਨ ਮੁੰਡਿਆਂ ਦੀ ਥਾਂ 'ਤੇ ਆਪਣੇ ਪੋਤਿਆਂ ਦੇ ਨਾਂਅ ਲਵਾਈ ਸੀ, ਜੋ ਕਿ ਉਸ ਸਮੇਂ ਨਾਬਾਲਗ ਸਨ, ਇਸ ਲਈ ਨੰਬਰਦਾਰ ਸਤਨਾਮ ਸਿੰਘ ਦੀ ਮੌਤ ਤੋਂ ਬਾਅਦ ਰਾਜਬੀਰ ਸਿੰਘ ਨੰਬਰਦਾਰ ਬਣ ਗਿਆ। ਇਸ ਤੋਂ ਇਲਾਵਾ ਠੇਕੇਦਾਰ ਗੁਰਦੇਵ ਸਿੰਘ ਵੀ ਪਿਛਲੇ ਲੰਬੇ ਸਮੇਂ ਤੋਂ ਨੰਬਰਦਾਰੀ ਦੀ ਸੇਵਾ ਨਿਭਾਉਂਦਾ ਆ ਰਿਹਾ ਹੈ।

ਸਾਡੇ ਪਿੰਡ ਦੇ ਕੁਲਵੰਤ ਸਿੰਘ (ਨੰਬਰਦਾਰ ਸਤਨਾਮ ਸਿੰਘ ਦਾ ਛੋਟਾ ਭਰਾ) ਨੂੰ 25 ਸਾਲ ਪਿੰਡ ਦੀ ਸਰਪੰਚੀ ਕਰਨ ਦਾ ਮਾਣ ਹਾਸਲ ਹੈ। ਪੰਜ ਵਾਰੀ ਸਰਪੰਚ ਬਣਨ ਉਪਰੰਤ ਆਪਣੇ ਆਪ ਸਰਪੰਚੀ ਲਈ ਜਸਵੰਤ ਸਿੰਘ ਦੀ ਪਤਨੀ ਸੁਖਵਿੰਦਰ ਕੌਰ ਨੂੰ ਸਮਰਥਨ ਦੇਣ ਉਪਰੰਤ ਉਹ ਸਰਪੰਚ ਬਣ ਗਈ। ਇਸ ਤੋਂ ਅਗਲੀ ਪਾਰੀ 'ਚ ਜਸਵੰਤ ਸਿੰਘ ਆਪ ਸਰਪੰਚ ਬਣਿਆ। 2019 ਦੀਆਂ ਪੰਚਾਇਤੀ ਚੋਣਾਂ 'ਚ ਸਾਡੇ ਪਿੰਡ ਦੀ ਸੀਟ ਫੇਰ ਔਰਤ ਲਈ ਰਾਖਵੀਂ ਹੋ ਗਈ। ਇਸ ਵਾਰੀ ਜਸਵੰਤ ਸਿੰਘ ਨੂੰ ਹਰਾ ਕੇ ਗੁਰਮੀਤ ਕੌਰ ਪਤਨੀ ਬਲਵੀਰ ਸਿੰਘ (ਬੀਰ੍ਹਾ) ਪਿੰਡ ਦੀ ਸਰਪੰਚੀ ਕਰ ਰਹੀ ਹੈ। ਭਾਵੇਂ ਸਾਡੇ ਪਿੰਡ ਦੀਆਂ ਕਈ ਔਰਤਾਂ ਸਰਪੰਚ ਬਣ ਚੁੱਕੀਆਂ ਹਨ ਪਰ ਮਰਦ ਪ੍ਰਧਾਨ ਸਮਾਜ ਹੋਣ ਕਾਰਨ ਅੱਜ ਵੀ ਬਹੁਤੇ ਥਾਈਂ ਸਰਪੰਚੀ ਦੇ ਕੰਮਾਂ-ਕਾਰਾਂ 'ਚ ਉਨ੍ਹਾਂ ਦੇ ਪਤੀ ਹੀ ਵਿਚਰਦੇ ਹਨ, ਜੋ ਕਿ ਪਿਛਾਂਹ ਖਿੱਚੂ ਸੋਚ ਦੀ ਨਿਸ਼ਾਨੀ ਹੈ।

ਨਜ਼ਦੀਕ ਪੜ੍ਹਾਈ ਦੀ ਸਹੂਲਤ ਨਾ ਹੋਣ ਦੇ ਬਾਵਜੂਦ ਵੀ ਨੌਜਵਾਨ ਦੂਰ ਦੁਰਾਡੇ ਦੇ ਪਿੰਡਾਂ 'ਚ ਜਾ ਕੇ ਪੜ੍ਹੇ ਤੇ ਨੌਕਰੀਆਂ 'ਤੇ ਲੱਗੇ। ਕੁੱਝ ਇੱਕ ਤਾਂ ਫ਼ੌਜ 'ਚ ਕਰਨਲ ਤੱਕ ਦੇ ਅਹੁਦਿਆਂ 'ਤੇ ਵੀ ਬਿਰਾਜਮਾਨ ਹਨ, ਜੋ ਕਿ ਪਰਿਵਾਰ ਸਮੇਤ ਪਿੰਡ ਛੱਡ ਗਏ ਹਨ। ਉਂਝ ਪਿੰਡ ਦੇ ਵਿਕਾਸ 'ਚ ਉਨ੍ਹਾਂ ਵੱਲੋਂ ਕੋਈ ਖ਼ਾਸ ਯੋਗਦਾਨ ਨਹੀਂ ਪਾਇਆ ਗਿਆ। ਲੜਕੀਆਂ ਦੀ ਸਿੱਖਿਆ 'ਚ ਪਿੰਡ ਬਹੁਤ ਪਿੱਛੇ ਸੀ। ਸੀਮਤ ਸਾਧਨਾਂ ਕਾਰਨ ਪਿੰਡ ਦੀ ਕੋਈ ਵੀ ਧੀ ਦਸਵੀਂ ਤੋਂ ਅੱਗੇ ਨਾ ਪੜ੍ਹ ਸਕੀ। ਪਹਿਲਾਂ ਤਾਂ ਕੁੜੀਆਂ ਪਿੰਡ ਦੇ ਪ੍ਰਾਇਮਰੀ ਸਕੂਲ 'ਚ ਪੰਜਵੀਂ ਤੱਕ ਹੀ ਪੜ੍ਹ ਸਕਦੀਆਂ ਸਨ, ਫੇਰ ਨਾਲ ਦੇ ਪਿੰਡਾਂ ਸਿਹਰੇ ਜਾਂ ਪੋਲੇ ਦੇ ਹਾਈ ਸਕੂਲ ਤੋਂ ਦਸਵੀਂ ਕਰਨ ਲੱਗੀਆਂ। ਉਸ ਸਮੇਂ ਸਿਰਫ਼ ਪਿੰਡ ਦੀ ਇੱਕ ਨੂੰਹ (ਮੇਰੀ ਮਾਂ) ਪਰਮਿੰਦਰ ਕੌਰ ਹੀ ਪੜ੍ਹੀ-ਲਿਖੀ ਸੀ, ਜੋ ਆਪਣੇ ਪੇਕੇ ਘਰ ਸਰਹਿੰਦ ਆਪਣੀ ਵਿਧਵਾ ਮਾਂ ਦੀਆਂ ਦੁਆਵਾਂ ਤੇ ਆਪਣੀ ਮਿਹਨਤ ਸਦਕਾ ਬੀ.ਏ. ਤੇ ਜੇ.ਬੀ.ਟੀ. ਕਰਨ ਉਪਰੰਤ ਸਰਕਾਰੀ ਅਧਿਆਪਕਾ ਲੱਗਣ 'ਚ ਸਫਲ ਰਹੀ ਸੀ ਅਤੇ ਸੀ.ਐੱਚ.ਟੀ. ਵਜੋਂ ਸੇਵਾ ਮੁਕਤ ਹੋਏ। ਆਪਣੇ ਅੱਧੀ ਤੋਂ ਵੱਧ ਨੌਕਰੀ ਉਨ੍ਹਾਂ ਆਪਣੇ ਸਹੁਰੇ ਪਿੰਡ ਛਲੇੜੀ ਖ਼ੁਰਦ ਦੇ ਪ੍ਰਾਇਮਰੀ ਸਕੂਲ ਵਿਖੇ ਹੀ ਕੀਤੀ, ਜਿਹੜਾ ਕਿ ਅੱਜਕੱਲ੍ਹ ਮਿਡਲ ਸਕੂਲ ਹੈ। ਬੇਸ਼ੱਕ ਮੇਰੀ ਮਾਂ ਨੂੰ ਸੇਵਾ ਮੁਕਤ ਹੋਇਆਂ 10 ਸਾਲਾਂ ਤੋਂ ਵੱਧ ਦਾ ਸਮਾਂ ਹੋ ਚੁੱਕਿਆ ਹੈ ਪਰ ਪਿਆਰ ਤੇ ਸਤਿਕਾਰ ਨਾਲ ਅੱਜ ਵੀ ਸਾਰਾ ਪਿੰਡ ਉਨ੍ਹਾਂ ਨੂੰ 'ਭੈਣ ਜੀ' ਕਹਿ ਕੇ ਬੁਲਾਉਂਦਾ ਹੈ। ਹੁਣ ਤਾਂ ਛਲੇੜੀ ਖ਼ੁਰਦ ਦੀਆਂ ਕੁੜੀਆਂ ਕੈਨੇਡਾ, ਆਸਟ੍ਰੇਲੀਆ ਵਿਖੇ ਵੀ ਪੜ੍ਹਾਈ ਕਰ ਰਹੀਆਂ ਜਾਂ ਕਰ ਚੁੱਕੀਆਂ ਹਨ।

ਸਾਡੇ ਪਿੰਡ ਦੇ ਜ਼ਿਆਦਾ ਘਰ ਪਾਕਿਸਤਾਨ ਦੇ ਸਿਆਲਕੋਟ ਜ਼ਿਲ੍ਹੇ 'ਚੋਂ ਉੱਜੜ ਕੇ ਆਏ ਹੋਏ ਜੱਟ ਸਿੱਖ ਪਰਿਵਾਰਾਂ ਦੇ ਹਨ। ਮੁੱਖ ਤੌਰ 'ਤੇ ਚੀਮਾ ਤੇ ਘੁੰਮਣ ਗੋਤ ਹਨ। ਪਿੰਡ ਵਾਲਿਆਂ ਨੇ ਮਜ਼੍ਹਬੀ ਸਿੱਖਾਂ ਦੇ ਦੋ ਪਰਿਵਾਰ ਦੂਰੋਂ ਲਿਆ ਕੇ ਇੱਥੇ ਵਸਾਏ ਸਨ, ਜੋ ਕਿ ਹੁਣ 5-6 ਪਰਿਵਾਰ ਬਣ ਚੁੱਕੇ ਹਨ। ਪਰ ਹੁਣ ਸਿਰਫ਼ ਇੱਕ ਪਰਿਵਾਰ ਹੀ ਮਜ਼੍ਹਬੀ ਸਿੱਖਾਂ ਦਾ ਰਹਿ ਗਿਆ ਹੈ ਤੇ ਉਹੀ ਘਰ ਕੱਚਾ ਹੈ। ਬਾਕੀ ਸਾਰੇ ਸਹੂਲਤਾਂ ਦੇ ਲਾਲਚ ਵੱਸ ਈਸਾਈ ਬਣ ਗਏ ਹਨ।

ਜਿੱਥੇ ਅੱਜਕੱਲ੍ਹ ਪੰਜਾਬ ਦੇ ਬਹੁਤੇ ਪਿੰਡਾਂ 'ਚ ਦੋ-ਦੋ, ਤਿੰਨ-ਤਿੰਨ ਗੁਰਦੁਆਰੇ ਹਨ, ਇਸ ਦੇ ਉਲਟ ਮੇਰੇ ਪਿੰਡ ਦੀ ਭਾਈਚਾਰਕ ਸਾਂਝ ਬਹੁਤ ਮਜ਼ਬੂਤ ਹੈ। ਛਲੇੜੀ ਖ਼ੁਰਦ ਵਿਖੇ ਸਿਰਫ਼ ਇੱਕ ਹੀ ਗੁਰਦੁਆਰਾ ਹੈ, ਜਿੱਥੇ ਸਵੇਰੇ, ਸ਼ਾਮ ਸਾਰਾ ਪਿੰਡ ਸੀਸ ਝੁਕਾਉਂਦਾ ਹੈ। ਇਸ ਤੋਂ ਇਲਾਵਾ ਇੱਥੇ ਹੋਰ ਕੋਈ ਪੂਜਣਯੋਗ ਸਥਾਨ ਨਹੀਂ ਹੈ। ਗੁਰਦੁਆਰੇ ਤੋਂ ਇਲਾਵਾ ਇੱਥੇ ਸ਼ਮਸ਼ਾਨ ਘਾਟ ਵੀ ਇੱਕ ਹੈ। ਪਿੰਡ ਵਾਸੀ ਦਸਾਂ ਨਹੁੰਆਂ ਦੀ ਕਿਰਤ ਤੋਂ ਸੰਤੁਸ਼ਟ ਹਨ। ਕਿਸੇ ਸਾਂਝੀ ਬਿਪਤਾ ਮੌਕੇ ਸਾਰਾ ਪਿੰਡ 'ਕੱਠਾ ਹੋ ਜਾਂਦਾ ਹੈ। ਮੈਨੂੰ ਯਾਦ ਹੈ ਕਿ ਜਦੋਂ ਲੰਬੜਦਾਰ ਦੀ ਧੀ ਨੂੰ ਦਾਜ ਦੇ ਲਾਲਚੀ ਸਹੁਰਿਆਂ ਨੇ ਜਾਨੋਂ ਮਾਰ ਦਿੱਤਾ ਸੀ, ਉਸ ਸਮੇਂ ਸਾਰਾ ਪਿੰਡ ਆਪਸੀ ਗਿਲੇ ਸ਼ਿਕਵੇ ਭੁੱਲਾ ਕੇ ਲੰਬੜਦਾਰਾਂ ਦੇ ਪਰਿਵਾਰ ਨਾਲ ਖੜ੍ਹਿਆ ਸੀ। ਕਿਸੇ ਸਮੇਂ ਸਾਡੇ ਪਿੰਡ 'ਚ ਵੋਟਾਂ ਮੌਕੇ ਸਿਰਫ਼ ਅਕਾਲੀਆਂ ਦਾ ਹੀ ਬੂਥ ਲੱਗਿਆ ਕਰਦਾ ਸੀ, ਕਿਉਂਕਿ ਜ਼ਿਆਦਾ ਪਰਿਵਾਰ ਅਕਾਲੀ ਦਲ ਨਾਲ ਸਬੰਧਿਤ ਸਨ। ਰਾਜਨੀਤਿਕ ਤੌਰ 'ਤੇ ਵਿਚਾਰਾਂ 'ਚ ਵਿਭਿੰਨਤਾ ਦੇ ਬਾਵਜੂਦ ਸਾਡੇ ਪਿੰਡ ਵਾਲੇ ਲੀਡਰਾਂ ਜਾਂ ਪਾਰਟੀਆਂ ਪਿੱਛੇ ਲੱਗ ਕੇ ਕਦੇ ਆਪਸ 'ਚ ਨਹੀਂ ਲੜੇ। ਹਰ ਵਾਰੀ ਆਪਣੀ-ਆਪਣੀ ਪਸੰਦ ਦੀ ਪਾਰਟੀ ਨੂੰ ਵੋਟਾਂ ਪਾਉਣ ਤੋਂ ਬਾਅਦ ਉਹ ਫੇਰ ਇਕੱਠੇ ਹੋ ਜਾਂਦੇ ਹਨ।

ਪੰਜਾਬ ਦੇ ਬਾਕੀ ਪਿੰਡਾਂ ਵਾਂਗ ਮੇਰਾ ਪਿੰਡ ਵੀ ਮੁੱਖ ਰੂਪ 'ਚ ਖੇਤੀਬਾੜੀ ਦੇ ਧੰਦੇ ਨਾਲ ਜੁੜਿਆ ਹੋਇਆ ਹੈ। ਖੇਤੀਬਾੜੀ ਦੀਆਂ ਸੀਮਤ ਕਮਾਈਆਂ ਕਾਰਨ ਸਹਾਇਕ ਧੰਦੇ ਵਜੋਂ ਦੁੱਧ ਪਾਲਣ ਦਾ ਕਿੱਤਾ ਅਪਣਾਇਆ ਹੋਇਆ ਹੈ। ਸਾਰੀ ਜ਼ਮੀਨ ਵਾਹੀ ਯੋਗ ਤੇ ਸਿੰਜਾਈ ਵਾਲੀ ਹੈ। ਸਬਮਰਸੀਬਲ ਮੋਟਰਾਂ ਤੋਂ ਇਲਾਵਾ ਸਿੰਜਾਈ ਲਈ ਸੂਏ ਰਾਹੀਂ ਨਹਿਰੀ ਪਾਣੀ ਵੀ ਆਉਂਦਾ ਹੈ। ਮਨਰੇਗਾ ਨੇ ਵੀ ਪਿੰਡ ਵਾਸੀਆਂ ਦੀ ਰਹਿਣੀ-ਸਹਿਣੀ 'ਚ ਫ਼ਰਕ ਪਾਇਆ ਹੈ। ਜ਼ਮੀਨਾਂ 'ਤੇ ਹਾੜ੍ਹੀ-ਸਾਉਣੀ 'ਤੇ ਲਿਮਟਾਂ ਵਾਲਾ ਕਰਜ਼ਾ ਵੀ ਹੈ। ਕਰਜ਼ੇ ਜਾਂ ਸ਼ਰਾਬ ਕਾਰਨ ਦੋ-ਇੱਕ ਖ਼ੁਦਕੁਸ਼ੀਆਂ ਤੋਂ ਇਲਾਵਾ ਕਿਸੇ ਨੇ ਖ਼ੁਦਕੁਸ਼ੀ ਨਹੀਂ ਕੀਤੀ। ਕਈ ਪਰਿਵਾਰਾਂ ਨੇ ਪਿੰਡੋਂ ਜ਼ਮੀਨਾਂ ਵੇਚ ਕੇ ਹੋਰ ਥਾਈਂ ਜ਼ਿਆਦਾ ਜ਼ਮੀਨ ਬਣਾ ਲਈ ਹੈ ਅਤੇ ਨਵੀਂ ਥਾਂ ਜਾਂ ਨਵੇਂ ਪਿੰਡ ਚਲੇ ਗਏ ਹਨ, ਜਦਕਿ ਕਈ ਪਰਿਵਾਰ ਆਪਣੀ ਹੋਰ ਪਿੰਡ ਲਈ ਜ਼ਮੀਨ ਠੇਕੇ 'ਤੇ ਦੇ ਦਿੰਦੇ ਹਨ ਤੇ ਆਪ ਛਲੇੜੀ ਵਿਖੇ ਰਹਿ ਕੇ ਹੀ ਇੱਥੇ ਠੇਕੇ 'ਤੇ ਜ਼ਮੀਨ ਲੈ ਕੇ ਵਾਹੀ ਕਰ ਰਹੇ ਹਨ।

ਪੰਜੋਲੀ ਵੱਲੋਂ ਆਉਂਦਿਆਂ ਪਿੰਡ ਦੀ ਜੂਹ 'ਚ ਵੜਦਿਆਂ ਹੀ ਖੱਬੇ ਪਾਸੇ ਸਰਕਾਰੀ ਡਿਸਪੈਂਸਰੀ ਹੈ, ਜੋ ਪਿਛਲੇ ਕਈ ਦਹਾਕਿਆਂ ਤੋਂ ਪਿੰਡ ਵਾਸੀਆਂ ਨੂੰ ਸਿਹਤ ਸਹੂਲਤਾਂ ਪ੍ਰਦਾਨ ਕਰਵਾ ਰਹੀ ਹੈ। ਇਸ ਦੇ ਨਾਲ ਹੀ ਪਿੰਡ ਦਾ ਸਰਕਾਰੀ ਮਿਡਲ ਸਕੂਲ ਹੈ ਅਤੇ ਸਕੂਲ ਵਿਚ ਹੀ ਆਂਗਣਵਾੜੀ ਕੇਂਦਰ ਚੱਲ ਰਿਹਾ ਹੈ। ਸਕੂਲ ਦੇ ਨਾਲ-ਨਾਲ ਪਿੰਡ ਦੇ ਬਾਹਰਵਾਰ ਦੀ ਸੂਆ ਲੰਘਦਾ ਹੈ, ਜਿਸ ਦਾ ਪਾਣੀ ਫ਼ਸਲਾਂ ਸਿੰਜਣ ਲਈ ਵਰਤਿਆ ਜਾਂਦਾ ਹੈ। ਜੇਕਰ 10-15 ਸਾਲ ਪਿੱਛੇ ਜਾਈਏ, ਤਾਂ ਯਾਦ ਆਉਂਦੈ ਕਿ ਅੱਧੀ ਛੁੱਟੀ ਵੇਲੇ ਸਕੂਲ ਦੇ ਸਾਰੇ ਬੱਚੇ ਸੂਏ 'ਚ ਹੀ ਆਪਣੀਆਂ ਫੱਟੀਆਂ ਧੋਂਦੇ ਹੁੰਦੇ ਸਨ। ਅੱਜਕੱਲ੍ਹ ਫੱਟੀਆਂ ਤੇ ਸਲੇਟਾਂ ਵੀ ਅਜੋਕੇ ਸਮੇਂ ਦੀ ਭੇਟ ਚੜ੍ਹ ਚੁੱਕੀਆਂ ਹਨ। ਅਕਸਰ ਸੂਏ ਦੀ ਪਟੜੀ 'ਤੇ ਬੈਠ ਮੇਰੇ ਪਿੰਡ ਦੀਆਂ ਔਰਤਾਂ ਕੱਪੜੇ ਧੋਂਦੀਆਂ ਹੁੰਦੀਆਂ ਸਨ। ਗਰਮੀਆਂ ਦੀਆਂ ਛੁੱਟੀਆਂ 'ਚ ਅਸੀਂ ਵੀ ਘਰੋਂ ਚੋਰੀ ਸੂਏ 'ਚ ਤਾਰੀਆਂ ਲਾਉਣੀਆਂ ਤੇ ਘਰ ਪਤਾ ਲੱਗਣ 'ਤੇ ਕਈ ਵਾਰ ਝਿੜਕਾਂ ਵੀ ਪੈਣੀਆਂ। ਸਕੂਲ ਇਮਾਰਤ ਦੇ ਅੰਦਰ ਹੀ ਕਿਸੇ ਵੇਲੇ ਗੋਬਰ ਗੈਸ ਪਲਾਂਟ ਵੀ ਲੱਗਿਆ ਸੀ ਪਰ ਉਹ ਕੁੱਝ ਸਾਲਾਂ ਬਾਅਦ ਕਿਸੇ ਕਾਰਨ ਬੰਦ ਹੋ ਗਿਆ ਸੀ। ਪਿੰਡ ਦੀਆਂ ਸਾਰੀਆਂ ਗਲੀਆਂ-ਨਾਲੀਆਂ ਬਣੀਆਂ ਹੋਈਆਂ ਹਨ ਤੇ ਸੜਕਾਂ ਵੀ ਪੱਕੀਆਂ ਹਨ ਪਰ 30-35 ਸਾਲ ਪਹਿਲਾਂ ਜਦੋਂ ਸੜਕਾਂ ਕੱਚੀਆਂ ਸਨ ਤੇ ਆਵਾਜਾਈ ਲਈ ਸਿਰਫ਼ ਇੱਕ ਪੁਰਾਣੀ ਜਿਹੀ ਮਿਨੀ ਬੱਸ ਹੀ ਲੱਗੀ ਹੋਈ ਸੀ, ਜੋ ਕਿ ਸਰਹਿੰਦ ਤੋਂ ਸਾਡੇ ਪਿੰਡ ਵਿਚ ਦੀ ਹੋ ਕੇ ਸਿਹਰੇ ਜਾਂਦੀ ਸੀ। ਉਨ੍ਹਾਂ ਸਮਿਆਂ 'ਚ ਵੀ ਉਸ ਮਿਨੀ ਬੱਸ ਰਾਹੀਂ ਸਾਡੇ ਪਿੰਡ ਵਿਚਲੇ ਘਰ ਦੁਪਹਿਰ 12-1 ਵਜੇ ਤੱਕ ਪੰਜਾਬੀ ਟ੍ਰਿਬਿਊਨ ਅਖ਼ਬਾਰ ਪਹੁੰਚਦਾ ਹੁੰਦਾ ਸੀ। ਕਈ ਵਾਰ ਮੈਂ ਤੇ ਮੇਰਾ ਭਰਾ ਗਰਮੀਆਂ ਦੀ ਸਿਖਰ ਦੁਪਹਿਰੇ ਸਾਈਕਲ 'ਤੇ ਜਾ ਕੇ ਵੱਡੀ ਛਲੇੜੀ (ਛਲੇੜੀ ਕਲਾਂ) ਤੋਂ ਅਖ਼ਬਾਰ ਲਿਆਉਂਦੇ ਹੁੰਦੇ ਸੀ। ਗੁਰਦੁਆਰਾ ਸਾਹਿਬ ਦੀ ਖੁੱਲ੍ਹੀ ਇਮਾਰਤ ਹੈ ਤੇ ਨਾਲ ਹੀ ਹੁਣ ਲੰਗਰ ਹਾਲ ਵੀ ਬਣ ਚੁੱਕਿਆ ਹੈ।

ਅੱਜ ਸਾਰੇ ਸਾਧਨਾਂ ਦੇ ਬਾਵਜੂਦ ਮੇਰੇ ਪਿੰਡ ਲਾਇਬ੍ਰੇਰੀ ਦੀ ਘਾਟ ਬਹੁਤ ਰੜਕਦੀ ਹੈ। ਕਿਸੇ ਪੰਚਾਇਤ ਨੇ ਇਸ ਬਾਰੇ ਸੋਚਿਆ ਹੀ ਨਹੀਂ ਜਾਂ ਕਿਸੇ ਨੇ ਜ਼ਰੂਰਤ ਹੀ ਨਹੀਂ ਸਮਝੀ। ਲਾਇਬ੍ਰੇਰੀ 'ਚ ਪੜ੍ਹਨ ਵਾਲੀਆਂ ਸਾਹਿਤਕ ਪੁਸਤਕਾਂ ਤੋਂ ਇਲਾਵਾ ਅਖ਼ਬਾਰਾਂ ਦਾ ਹੋਣਾ ਲਿਖਣ-ਪੜ੍ਹਨ ਤੋਂ ਦੂਰ ਹੁੰਦੀ ਜਾ ਰਹੀ ਨੌਜਵਾਨ ਪੀੜ੍ਹੀ ਲਈ ਬਹੁਤ ਲਾਭਦਾਇਕ ਹੋਵੇਗਾ।

ਉਸ ਸਮੇਂ ਪਿੰਡ 'ਚ ਸਾਡਾ ਇਕਲੌਤਾ 'ਪ੍ਰਿਆ' ਸਕੂਟਰ ਹੁੰਦਾ ਸੀ, ਜਿਸ ਨੂੰ ਵੇਲੇ-ਕੁਵੇਲੇ ਲੋੜ ਪੈਣ 'ਤੇ ਆਂਢੀ-ਗੁਆਂਢੀ ਵੀ ਲੈ ਜਾਂਦੇ ਸਨ। ਇੱਕ ਵਾਰੀ ਛੋਟੇ ਹੁੰਦਿਆਂ ਮੈਂ ਘਰੋਂ ਚੋਰੀ ਸਕੂਟਰ ਲੈ ਗਿਆ। ਧੱਕੇ ਜਿਹੇ ਨਾਲ ਗਿਅਰ ਪਾ ਕੇ ਚਲਾ ਤਾਂ ਲਿਆ ਪਰ ਰੋਕਾਂ ਤਾਂ ਜੇ ਰੋਕਣਾ ਆਉਂਦਾ ਹੋਵੇ। ਸ਼ਸ਼ੋਪੰਜ ਜਿਹੀ 'ਚ ਸਿੱਧਾ ਜਾਈ ਗਿਆ ਤੇ 3-4 ਪਿੰਡਾਂ ਦੇ ਉੱਪਰੋਂ ਦੀ ਘੁੰਮਾ ਕੇ ਏਦਾਂ ਹੀ ਫੇਰ ਆਪਣੇ ਪਿੰਡ ਦੇ ਨੇੜੇ ਆ ਗਿਆ ਪਰ ਸਕੂਟਰ ਕਿਸੇ ਵੀ ਤਰ੍ਹਾਂ ਰੋਕਿਆ ਨਾ ਗਿਆ। ਸਾਹਮਣੇ ਘਰ ਨੇੜੇ ਆਉਂਦੇ ਦੇਖ ਹੋਰ ਚਾਰਾ ਨਾ ਦਿਸਿਆ ਤਾਂ ਸਕੂਟਰ ਸੜਕ ਨਾਲ ਲੱਗਦੇ ਵਾਹੇ ਹੋਏ ਖੇਤਾਂ 'ਚ ਉਤਾਰ ਦਿੱਤਾ ਤੇ ਮੈਂ ਸਕੂਟਰ ਸਮੇਤ ਖੇਤ 'ਚ ਜਾ ਡਿੱਗਾ। ਉੱਥੋਂ ਫਟਾਫਟ ਆਪੇ ਸਕੂਟਰ ਕੱਢਿਆ ਤੇ ਚੁੱਪਚਾਪ ਘਰੇ ਲਿਆ ਕੇ ਖੜ੍ਹਾ ਦਿੱਤਾ। ਬੱਸ ਏਦਾਂ ਹੀ ਹੌਲੀ-ਹੌਲੀ ਸਕੂਟਰ ਚਲਾਉਣਾ ਸਿੱਖ ਲਿਆ।

ਪਿੰਡ ਦੇ ਬਾਹਰਵਾਰ ਵੱਡੀ ਛਲੇੜੀ ਵਾਲੇ ਪਾਸੇ ਸਾਡਾ ਹਵੇਲੀ ਨੁਮਾ ਘਰ ਸੀ, ਜਿਸ ਨੂੰ ਅੱਜ ਵੀ ਲੋਕ ਕੋਠੀ ਕਹਿੰਦੇ ਹਨ। ਘਰਦਿਆਂ ਦੇ ਦੱਸਣ ਅਨੁਸਾਰ ਇੱਕ ਵਾਰੀ ਸਾਡੀ ਦੋਵਾਂ ਭਰਾਵਾਂ ਦੀ ਛੋਟੇ ਹੁੰਦਿਆਂ ਚੱਠ ਕਰਨੀ ਸੀ। ਦਿਨੇ ਪਾਠ ਤੋਂ ਬਾਅਦ ਰਾਤ ਨੂੰ ਗਾਉਣ-ਵਜਾਉਣ ਦਾ ਪ੍ਰੋਗਰਾਮ ਸੀ। ਓਦੋਂ ਮੋਬਾਈਲ ਤਾਂ ਇੱਕ ਪਾਸੇ, ਲੈਂਡਲਾਈਨ ਫ਼ੋਨ ਵੀ ਨਹੀਂ ਹੁੰਦੇ ਸਨ। ਲੁਧਿਆਣੇ ਕਲਾਕਾਰ ਬੁੱਕ ਕਰਨ ਗਏ, ਤਾਂ ਉੱਥੇ ਕਲਾਕਾਰ ਜਾਂ ਉਸ ਦੇ ਸੈਕਟਰੀ ਨੇ ਪਿੰਡ ਦਾ ਰਸਤਾ-ਪਤਾ ਪੁੱਛਿਆ, ਤਾਂ ਉਸ ਨੂੰ ਦੱਸਿਆ ਕਿ ਜਖ਼ਵਾਲੀ ਅੱਡੇ ਤੋਂ ਖੱਬੇ ਪਾਸੇ ਮੁੜ ਕੇ ਜਿਸ ਪਿੰਡ ਦੇ ਬਾਹਰਵਾਰਲੇ ਘਰ ਦੀ ਛੱਤ 'ਤੇ ਉੱਚਾ ਜਿਹਾ ਐਂਟੀਨਾ ਲੱਗਿਆ ਦਿਸੇ, ਬੱਸ ਉਸ ਘਰ 'ਚ ਹੀ ਪ੍ਰੋਗਰਾਮ ਹੈ। ਕਿਉਂਕਿ ਉਸ ਸਮੇਂ ਆਲੇ-ਦੁਆਲੇ ਦੇ ਪਿੰਡਾਂ 'ਚ ਸਿਰਫ਼ ਸਾਡੇ ਪਿੰਡ ਤੇ ਸਾਡੇ ਘਰ ਹੀ ਵੈਸਟਨ ਕੰਪਨੀ ਦਾ ਬਲੈਕ ਐਂਡ ਵਾਈਟ ਸ਼ਟਰਾਂ ਵਾਲਾ ਟੈਲੀਵਿਜ਼ਨ ਹੁੰਦਾ ਸੀ ਅਤੇ ਸ਼ਾਮ 5 ਵਜੇ ਦੂਰਦਰਸ਼ਨ ਖੁੱਲ੍ਹਦਿਆਂ ਹੀ ਪਿੰਡ ਦੇ ਬੱਚੇ ਟੈਲੀਵਿਜ਼ਨ ਦੇਖਣ ਲਈ ਸਾਡੇ ਘਰ ਇਕੱਤਰ ਹੋ ਜਾਂਦੇ ਸਨ। ਅੱਜ ਡਿਸ਼ ਟੀ.ਵੀ. ਤੇ ਕੇਬਲ ਰੂਪੀ ਤਕਨੀਕ ਨੇ ਪਿੰਡਾਂ-ਸ਼ਹਿਰਾਂ ਦੇ ਐਂਟੀਨੇ ਵੀ ਯਾਦਾਂ ਬਣਾ ਕੇ ਰੱਖ ਦਿੱਤੇ ਹਨ। ਉਸ ਪ੍ਰੋਗਰਾਮ ਵਾਲੀ ਰਾਤ ਨੂੰ ਸਾਡੇ ਘਰ ਦੇ ਸਾਹਮਣੇ ਖੁੱਲ੍ਹੇ ਖੇਤਾਂ 'ਚ ਲਗਾਏ ਸ਼ਾਮਿਆਨੇ ਵਿਚ ਗਾਉਣ ਵਾਲੀ ਨੇ 'ਮੈਨੂੰ ਟੈਲੀਵਿਜ਼ਨ ਲੈ ਦੇ ਵੇ ਤਸਵੀਰਾਂ ਬੋਲਦੀਆਂ' ਗੀਤ ਗਾਇਆ ਸੀ।

ਅੱਜਕੱਲ੍ਹ ਐਵੇਂ ਨਕਲੀ ਜਿਹੇ ਸ਼ਹਿਰੀਆਂ ਨੇ ਇੱਕ ਗੱਲ ਬਣਾਈ ਹੋਈ ਹੈ ਕਿ 'ਪੇਂਡੂ ਜਿਹਾ'। ਪਰ ਮੈਨੂੰ ਮਾਣ ਹੈ ਕਿ ਮੈਂ ਪੇਂਡੂ ਹਾਂ, ਪਿੰਡ ਦੀ ਮਿੱਟੀ ਨਾਲ ਜੁੜਿਆ ਹੋਇਆ ਹਾਂ। ਅੱਗੇ ਵੀ ਕੋਸ਼ਿਸ਼ ਹੈ ਕਿ ਬੱਚਿਆਂ ਦਾ ਮੋਹ ਵੀ ਆਪਣੇ ਪਿੰਡ ਨਾਲ ਬਣਿਆ ਰਹੇ। ਸ਼ਾਲਾ! ਮੇਰਾ ਪਿੰਡ ਰਹਿੰਦੀ ਦੁਨੀਆਂ ਤੱਕ ਆਬਾਦ ਰਹੇ, ਜ਼ਿੰਦਾਬਾਦ ਰਹੇ।

# ਦੇਸ਼ ਦੀ ਸਿਹਤ ਡਾਕਟਰਾਂ ਅਤੇ ਦਵਾਈਆਂ ਦੀ ਕਮੀ ਨਾਲ ਜੂਝ ਰਹੀ ਹੈ





ਵਿਸ਼ਵ ਸਿਹਤ ਦਿਵਸ, 7 ਅਪ੍ਰੈਲ, ਵਿਸ਼ਵ ਦਾ ਧਿਆਨ ਕਿਸੇ ਸਿਹਤ ਸਮੱਸਿਆ ਜਾਂ ਮੁੱਦੇ 'ਤੇ ਕੇਂਦਰਿਤ ਕਰਨ ਦਾ ਮੌਕਾ ਪ੍ਰਦਾਨ ਕਰਦਾ ਹੈ, ਜੋ ਵਿਸ਼ੇਸ਼ ਧਿਆਨ ਦੇ ਹੱਕਦਾਰ ਹੈ। ਦੇਸ਼ ਵਿਚ ਪੇਂਡੂ ਖੇਤਰਾਂ ਵਿਚ ਮੈਡੀਕਲ ਸਟਾਫ਼, ਬੁਨਿਆਦੀ ਢਾਂਚੇ ਅਤੇ ਆਖਰੀ ਮੀਲ ਸੰਪਰਕ ਦੀ ਭਾਰੀ ਘਾਟ ਹੈ। 78% ਡਾਕਟਰ ਸ਼ਹਿਰੀ ਭਾਰਤ (ਜਨਸੰਖਿਆ ਦਾ 30%) ਸੇਵਾ ਕਰਦੇ ਹਨ। ਸੇਵਾਵਾਂ ਦੀ ਸਪਲਾਈ (ਪ੍ਰਾਈਵੇਟ/ਜਨਤਕ ਖੇਤਰ ਵਿਚ ਮਨੁੱਖੀ ਵਸੀਲਿਆਂ, ਹਸਪਤਾਲਾਂ ਅਤੇ ਡਾਇਗਨੌਸਟਿਕ ਸੈਂਟਰਾਂ) ਵਿਚ ਗੰਭੀਰ ਕਮੀਆਂ ਅਤੇ ਰਾਜਾਂ ਵਿਚ ਅਤੇ ਰਾਜਾਂ ਦੇ ਅੰਦਰ ਘੋਰ ਅਸਮਾਨ ਉਪਲਬਧਤਾ ਦੁਆਰਾ ਬਦਤਰ ਬਣਾਇਆ ਗਿਆ ਹੈ। ਉਦਾਹਰਨ ਲਈ, ਤਾਮਿਲਨਾਡੂ ਵਰਗੇ ਚੰਗੀ ਸਥਿਤੀ ਵਾਲੇ ਰਾਜ ਵਿਚ ਵੀ ਸਰਕਾਰੀ ਸਹੂਲਤਾਂ ਵਿਚ ਮੈਡੀਕਲ ਅਤੇ ਗੈਰ-ਮੈਡੀਕਲ ਪੇਸ਼ੇਵਰਾਂ ਦੀ 30% ਤੋਂ ਵੱਧ ਘਾਟ ਹੈ। 61% ਪੀ.ਐੱਚ.ਸੀ. ਵਿਚ ਸਿਰਫ ਇੱਕ ਡਾਕਟਰ ਹੈ, ਜਦੋਂ ਕਿ ਲਗਭਗ 7% ਬਿਨਾਂ ਕਿਸੇ ਦੇ ਕੰਮ ਕਰ ਰਹੇ ਹਨ, 33% ਪੀ.ਐੱਚ.ਸੀ. ਵਿਚ ਲੈਬ ਟੈਕਨੀਸ਼ੀਅਨ ਨਹੀਂ ਹੈ, ਅਤੇ 20% ਕੋਲ ਫਾਰਮਾਸਿਸਟ ਨਹੀਂ ਹੈ।

ਕਈ ਰਾਜਾਂ ਵਿਚ ਲਗਭਗ 50% ਸਰਕਾਰੀ ਡਾਕਟਰਾਂ ਦੀਆਂ ਅਸਾਮੀਆਂ ਖਾਲੀ ਹਨ। ਸਿਹਤ ਖੇਤਰ 'ਤੇ ਭਾਰਤ ਦਾ ਖਰਚਾ 2013-14 ਵਿਚ ਜੀ.ਡੀ.ਪੀ. ਦੇ 1.2 ਫੀਸਦੀ ਤੋਂ ਵਧ ਕੇ 2017-18 ਵਿਚ 4 ਫੀਸਦੀ ਹੋ ਗਿਆ ਹੈ। ਰਾਸ਼ਟਰੀ ਸਿਹਤ ਨੀਤੀ 2017 ਨੇ ਇਸ ਨੂੰ ਜੀ.ਡੀ.ਪੀ. ਦਾ 2.5% ਕਰਨ ਦਾ ਟੀਚਾ ਰੱਖਿਆ ਸੀ। ਘਾਟੇ ਵਾਲੇ ਖੇਤਰਾਂ ਵਿਚ ਜਨਤਕ/ਨਿੱਜੀ ਖੇਤਰ ਨੂੰ ਮਜ਼ਬੂਤ ਕਰਨ ਲਈ ਨਾ ਤਾਂ ਸਿਹਤ ਬਜਟ ਵਿਚ ਕੋਈ ਵਾਸਤਵਿਕ ਵਾਧਾ ਹੈ ਅਤੇ ਨਾ ਹੀ ਕੋਈ ਨੀਤੀ। ਹਾਲਾਂਕਿ ਆਯੁਸ਼ਮਾਨ ਭਾਰਤ ਪੋਰਟੇਬਿਲਟੀ ਪ੍ਰਦਾਨ ਕਰਦਾ ਹੈ, ਕਿਸੇ ਨੂੰ ਇਹ ਨਹੀਂ ਭੁੱਲਣਾ ਚਾਹੀਦਾ ਹੈ ਕਿ ਘਾਟ ਵਾਲੇ ਖੇਤਰਾਂ ਵਿਚ ਹਸਪਤਾਲ ਸਥਾਪਤ ਕਰਨ ਵਿਚ ਸਮਾਂ ਲੱਗੇਗਾ। ਇਹ ਬਦਲੇ ਵਿਚ ਮਰੀਜ਼ਾਂ ਨੂੰ ਦੱਖਣੀ ਰਾਜਾਂ ਵੱਲ ਆਕਰਸ਼ਿਤ ਕਰ ਸਕਦਾ ਹੈ, ਜਿਨ੍ਹਾਂ ਕੋਲ ਭਾਰਤ ਦੇ ਬਾਕੀ ਹਿੱਸਿਆਂ ਨਾਲੋਂ ਤੁਲਨਾਤਮਕ ਤੌਰ 'ਤੇ ਬਿਹਤਰ ਸਿਹਤ ਸੰਭਾਲ ਬੁਨਿਆਦੀ ਢਾਂਚਾ ਹੈ। ਜਿਵੇਂ ਕਿ ਹਾਲ ਹੀ ਵਿਚ ਦੇਖਿਆ ਗਿਆ ਹੈ, ਕੋਵਿਡ-19 ਵਰਗੀ ਮਹਾਂਮਾਰੀ ਦੌਰਾਨ ਮਰੀਜ਼ਾਂ ਦੇ ਵਾਧੂ ਭਾਰ ਨੂੰ ਸੰਭਾਲਣ ਲਈ ਭਾਰਤ ਦੇ ਬੁਨਿਆਦੀ ਢਾਂਚੇ ਦੀ ਸਮਰੱਥਾ ਬਾਰੇ ਸ਼ੰਕੇ ਹਨ। ਮੈਡੀਕਲ ਸੈਰ-ਸਪਾਟਾ (ਵਿਦੇਸ਼ੀ ਸੈਲਾਨੀ/ਮਰੀਜ਼) ਸਰਕਾਰ ਦੁਆਰਾ ਪ੍ਰਮੋਟ ਕੀਤੀ ਨੀਤੀ ਦੇ ਤੌਰ 'ਤੇ ਵੱਧ ਰਿਹਾ ਹੈ ਅਤੇ ਇਸ ਤਰ੍ਹਾਂ ਘਰੇਲੂ ਮਰੀਜ਼, ਬੀਮਾਯੁਕਤ ਅਤੇ ਅਣ-ਬੀਮਾ ਦੋਵੇਂ ਹਨ।

ਪੇਂਡੂ ਭਾਰਤ ਵਿਚ ਸਿਰਫ਼ 11% ਸਬ-ਸੈਂਟਰ, 13% ਪ੍ਰਾਇਮਰੀ ਹੈਲਥ ਸੈਂਟਰ ਅਤੇ 16% ਕਮਿਊਨਿਟੀ ਹੈਲਥ ਸੈਂਟਰ ਭਾਰਤੀ ਜਨਤਕ ਸਿਹਤ ਦੇ ਮਿਆਰਾਂ ਨੂੰ ਪੂਰਾ ਕਰਦੇ ਹਨ। ਇੱਥੇ ਹਰ 10,000 ਲੋਕਾਂ ਲਈ ਸਿਰਫ਼ ਇੱਕ ਐਲੋਪੈਥਿਕ ਡਾਕਟਰ ਉਪਲਬਧ ਹੈ ਅਤੇ 90,000 ਲੋਕਾਂ ਲਈ ਇੱਕ ਸਰਕਾਰੀ ਹਸਪਤਾਲ ਹੈ। ਮਾਸੂਮ ਅਤੇ ਅਨਪੜ੍ਹ ਮਰੀਜ਼ਾਂ ਜਾਂ ਉਨ੍ਹਾਂ ਦੇ ਰਿਸ਼ਤੇਦਾਰਾਂ ਦਾ ਸ਼ੋਸ਼ਣ ਕੀਤਾ ਜਾਂਦਾ ਹੈ। ਜ਼ਿਆਦਾਤਰ ਕੇਂਦਰ ਗੈਰ-ਕੁਸ਼ਲ ਜਾਂ ਅਰਧ-ਕੁਸ਼ਲ ਪੈਰਾ-ਮੈਡੀਕਲ ਦੁਆਰਾ ਚਲਾਏ ਜਾਂਦੇ ਹਨ ਅਤੇ ਪੇਂਡੂ ਸੈਟਅਪਾਂ ਵਿਚ ਡਾਕਟਰ ਘੱਟ ਹੀ ਉਪਲਬਧ ਹੁੰਦੇ ਹਨ। ਐਮਰਜੈਂਸੀ ਵਿਚ ਮਰੀਜ਼ਾਂ ਨੂੰ ਤੀਜੇ ਦਰਜੇ ਦੇ ਕੇਅਰ ਹਸਪਤਾਲ ਵਿਚ ਰੈਫਰ ਕੀਤਾ ਜਾਂਦਾ ਹੈ, ਜਿੱਥੇ ਉਹ ਵਧੇਰੇ ਉਲਝਣ ਵਿਚ ਪੈ ਜਾਂਦੇ ਹਨ ਅਤੇ ਸਿਹਤ ਕਰਮਚਾਰੀਆਂ ਅਤੇ ਦਲਾਲਾਂ ਦੇ ਝੁੰਡ ਦੁਆਰਾ ਆਸਾਨੀ ਨਾਲ ਧੋਖਾ ਦਿੰਦੇ ਹਨ। ਭਾਰਤ ਦੇ ਪੇਂਡੂ ਸਿਹਤ ਸੰਭਾਲ ਵਿਚ ਬੁਨਿਆਦੀ ਦਵਾਈਆਂ ਦੀ ਅਣਉਪਲਬਧਤਾ ਇੱਕ ਲਗਾਤਾਰ ਸਮੱਸਿਆ ਹੈ। ਕਈ ਪੇਂਡੂ ਹਸਪਤਾਲਾਂ ਵਿਚ ਨਰਸਾਂ ਦੀ ਗਿਣਤੀ ਲੋੜ ਨਾਲੋਂ ਬਹੁਤ ਘੱਟ ਹੈ। ਦੇਸ਼ ਦੇ ਢਹਿ-ਢੇਰੀ ਹੋ ਰਹੇ ਜਨਤਕ ਸਿਹਤ ਢਾਂਚੇ ਦੇ ਮੱਦੇਨਜ਼ਰ, ਜ਼ਿਆਦਾਤਰ ਮਰੀਜ਼ ਪ੍ਰਾਈਵੇਟ ਕਲੀਨਿਕਾਂ ਅਤੇ ਹਸਪਤਾਲਾਂ ਵਿਚ ਜਾਣ ਲਈ ਮਜਬੂਰ ਹਨ। ਪੀ.ਐੱਚ.ਸੀ. (22%) ਅਤੇ ਉਪ-ਸਿਹਤ ਕੇਂਦਰਾਂ (20%) ਦੀ ਘਾਟ ਹੈ, ਜਦੋਂਕਿ ਉਪ-ਸਿਹਤ ਕੇਂਦਰਾਂ ਵਿਚੋਂ ਸਿਰਫ਼ 7% ਅਤੇ ਪ੍ਰਾਇਮਰੀ ਸਿਹਤ ਕੇਂਦਰਾਂ ਵਿਚੋਂ 12% ਭਾਰਤੀ ਜਨਤਕ ਸਿਹਤ ਮਿਆਰਾਂ (ਆਈ.ਪੀ.ਐੱਚ.ਐੱਸ.) ਦੇ ਮਾਪਦੰਡਾਂ ਨੂੰ ਪੂਰਾ ਕਰਦੇ ਹਨ। ਉੱਤਰੀ ਰਾਜਾਂ ਵਿਚ ਸ਼ਾਇਦ ਹੀ ਕੋਈ ਉਪ-ਕੇਂਦਰ ਹਨ ਅਤੇ ਪ੍ਰਾਇਮਰੀ ਹੈਲਥ ਸੈਂਟਰ ਅਮਲੀ ਤੌਰ 'ਤੇ ਮੌਜੂਦ ਨਹੀਂ ਹਨ। ਪ੍ਰਾਇਮਰੀ ਹੈਲਥ ਸੈਂਟਰ ਤੋਂ ਪਹਿਲੇ ਮੀਲ ਦਾ ਸੰਪਰਕ ਟੁੱਟ ਗਿਆ ਹੈ।

-ਡਾ. ਸਤਿਆਵਾਨ 'ਸੌਰਭ'
ਹਰਿਆਣਾ
ਕਵੀ, ਸੁਤੰਤਰ ਪੱਤਰਕਾਰ ਅਤੇ
ਕਾਲਮਨਵੀਸ, ਆਲ ਇੰਡੀਆ ਰੇਡੀਓ
ਅਤੇ ਟੀਵੀ ਪੈਨਲਿਸਟ, ਹਰਿਆਣਾ
ਮੋਬਾਈਲ : 94665-26148, 01255281381
(Punjab Mail USA)



ਉਦਾਹਰਨ ਲਈ, ਉੱਤਰ ਪ੍ਰਦੇਸ਼ ਵਿਚ ਹਰ 28 ਪਿੰਡਾਂ ਲਈ ਇੱਕ ਪੀ.ਐੱਚ.ਸੀ. ਹੈ। ਭਾਰਤ ਵਿਚ ਲਗਭਗ 70 ਪ੍ਰਤੀਸ਼ਤ ਸਿਹਤ ਸੇਵਾਵਾਂ ਨਿੱਜੀ ਖੇਤਰ ਦੁਆਰਾ ਪ੍ਰਦਾਨ ਕੀਤੀਆਂ ਜਾਂਦੀਆਂ ਹਨ। ਜੇ ਆਰਥਿਕ ਰੁਕਾਵਟਾਂ ਜਾਂ ਹੋਰ ਕਾਰਕਾਂ ਕਾਰਨ ਨਿੱਜੀ ਸਿਹਤ ਸੰਭਾਲ ਢਹਿ ਜਾਂਦੀ ਹੈ, ਤਾਂ ਭਾਰਤ ਦੀ ਪੂਰੀ ਸਿਹਤ ਸੰਭਾਲ ਪ੍ਰਣਾਲੀ ਢਹਿ ਸਕਦੀ ਹੈ। ਕੁੱਲ ਸਿਹਤ ਖਰਚੇ ਦਾ 70 ਪ੍ਰਤੀਸ਼ਤ ਤੋਂ ਵੱਧ ਨਿੱਜੀ ਖੇਤਰ ਦੁਆਰਾ ਕੀਤਾ ਜਾਂਦਾ ਹੈ। ਹਾਲਾਂਕਿ, ਟੀਅਰ-2 ਅਤੇ ਟੀਅਰ-3 ਸ਼ਹਿਰਾਂ ਵਿਚ ਪ੍ਰਾਈਵੇਟ ਹਸਪਤਾਲਾਂ ਦੀ ਕਾਫ਼ੀ ਮੌਜੂਦਗੀ ਨਹੀਂ ਹੈ ਅਤੇ ਟੀਅਰ-1 ਸ਼ਹਿਰਾਂ ਵਿਚ ਸੁਪਰ ਸਪੈਸ਼ਲਾਈਜ਼ੇਸ਼ਨ ਵੱਲ ਰੁਝਾਨ ਹੈ। ਸਰਕਾਰੀ ਅਤੇ ਪ੍ਰਾਈਵੇਟ ਹਸਪਤਾਲਾਂ ਵਿਚਕਾਰ ਇੱਕ ਪੱਧਰੀ ਖੇਡ ਖੇਤਰ ਦੀ ਘਾਟ ਇੱਕ ਵੱਡੀ ਚਿੰਤਾ ਰਹੀ ਹੈ ਕਿਉਂਕਿ ਜਨਤਕ ਹਸਪਤਾਲਾਂ ਨੂੰ ਬਜਟ ਸਹਾਇਤਾ ਮਿਲਦੀ ਰਹੇਗੀ। ਇਹ ਪ੍ਰਾਈਵੇਟ ਸੈਕਟਰਾਂ ਨੂੰ ਸਰਕਾਰੀ ਯੋਜਨਾ ਵਿਚ ਸਰਗਰਮੀ ਨਾਲ ਭਾਗ ਲੈਣ ਤੋਂ ਰੋਕੇਗਾ।

ਸਿਹਤ ਖਰਚੇ ਦਾ ਇੱਕ ਵੱਡਾ ਹਿੱਸਾ ਮਰੀਜ਼ ਸਹਿਣ ਕਰਦੇ ਹਨ, ਜੋ ਕਿ ਕੁੱਲ ਸਿਹਤ ਖਰਚੇ ਦਾ 61 ਪ੍ਰਤੀਸ਼ਤ ਹੈ। ਇੱਥੋਂ ਤੱਕ ਕਿ ਗਰੀਬਾਂ ਨੂੰ ਵੀ ਨਿੱਜੀ ਸਿਹਤ ਸੇਵਾਵਾਂ ਦੀ ਚੋਣ ਕਰਨ ਲਈ ਮਜਬੂਰ ਕੀਤਾ ਜਾਂਦਾ ਹੈ, ਅਤੇ ਇਸ ਲਈ ਆਪਣੀ ਜੇਬ ਤੋਂ ਭੁਗਤਾਨ ਕਰਨਾ ਪੈਂਦਾ ਹੈ। ਨਤੀਜੇ ਵਜੋਂ ਅੰਦਾਜ਼ਨ 63 ਮਿਲੀਅਨ ਲੋਕ ਸਾਲਾਨਾ ਸਿਹਤ ਖਰਚਿਆਂ ਕਾਰਨ ਗਰੀਬੀ ਵਿਚ ਫਸ ਜਾਂਦੇ ਹਨ। ਸਿਹਤ ਖੇਤਰ ਵਿਚ ਅਸਮਾਨਤਾਵਾਂ ਭੂਗੋਲ, ਸਮਾਜਿਕ-ਆਰਥਿਕ ਸਥਿਤੀ ਅਤੇ ਆਮਦਨੀ ਸਮੂਹਾਂ ਵਰਗੇ ਕਈ ਕਾਰਕਾਂ ਕਰਕੇ ਮੌਜੂਦ ਹਨ। ਸ਼੍ਰੀਲੰਕਾ, ਥਾਈਲੈਂਡ ਅਤੇ ਚੀਨ ਵਰਗੇ ਦੇਸ਼ਾਂ ਦੇ ਮੁਕਾਬਲੇ, ਜੋ ਕਿ ਲਗਭਗ ਸਮਾਨ ਪੱਧਰ 'ਤੇ ਸ਼ੁਰੂ ਹੋਏ, ਭਾਰਤ ਸਿਹਤ ਦੇਖਭਾਲ ਦੇ ਨਤੀਜਿਆਂ 'ਤੇ ਸਾਥੀਆਂ ਤੋਂ ਪਿੱਛੇ ਹੈ। ਭਾਰਤ ਦੁਨੀਆ ਵਿਚ ਸਭ ਤੋਂ ਘੱਟ ਪ੍ਰਤੀ ਵਿਅਕਤੀ ਸਿਹਤ ਸੰਭਾਲ ਖਰਚੇ ਵਾਲੇ ਦੇਸ਼ਾਂ ਵਿਚੋਂ ਇੱਕ ਹੈ। ਬੀਮੇ ਵਿਚ ਸਰਕਾਰ ਦਾ ਯੋਗਦਾਨ ਯੂ.ਕੇ. ਵਿਚ 83.5 ਪ੍ਰਤੀਸ਼ਤ ਦੇ ਮੁਕਾਬਲੇ ਲਗਭਗ 32 ਪ੍ਰਤੀਸ਼ਤ ਹੈ। ਭਾਰਤ ਵਿਚ ਬਹੁਤ ਜ਼ਿਆਦਾ ਲਾਗਤ ਇਸ ਤੱਥ ਤੋਂ ਪੈਦਾ ਹੁੰਦੀ ਹੈ ਕਿ 76 ਪ੍ਰਤੀਸ਼ਤ ਭਾਰਤੀਆਂ ਕੋਲ ਸਿਹਤ ਬੀਮਾ ਨਹੀਂ ਹੈ। **ਨਕਲੀ ਡਾਕਟਰ:** ਪੇਂਡੂ ਮੈਡੀਕਲ ਪ੍ਰੈਕਟੀਸ਼ਨਰ (RMPs), ਜੋ ਕਿ 80% ਬਾਹਰੀ ਮਰੀਜ਼ਾਂ ਦੀ ਦੇਖਭਾਲ ਪ੍ਰਦਾਨ ਕਰਦੇ ਹਨ, ਕੋਲ ਇਸਦੇ ਲਈ ਕੋਈ ਰਸਮੀ ਯੋਗਤਾ ਨਹੀਂ ਹੈ। ਲੋਕ ਝਗੜਿਆਂ ਦਾ ਸ਼ਿਕਾਰ ਹੋ ਜਾਂਦੇ ਹਨ, ਜਿਸ ਦੇ ਨਤੀਜੇ ਵਜੋਂ ਅਕਸਰ ਗੰਭੀਰ ਅਪਾਹਜਤਾ ਅਤੇ ਜਾਨ ਚਲੀ ਜਾਂਦੀ ਹੈ।

ਸਰਕਾਰ ਨੇ ਕਈ ਨੀਤੀਆਂ ਅਤੇ ਸਿਹਤ ਪ੍ਰੋਗਰਾਮ ਸ਼ੁਰੂ ਕੀਤੇ ਹਨ ਪਰ ਸਫਲਤਾ ਅੰਸ਼ਕ ਤੌਰ 'ਤੇ ਹੀ ਰਹੀ ਹੈ। ਨੈਸ਼ਨਲ ਹੈਲਥ ਪਾਲਿਸੀ 2002 ਨੇ 2010 ਤੱਕ ਸਿਹਤ 'ਤੇ ਸਰਕਾਰੀ ਖਰਚ ਨੂੰ ਕੁੱਲ ਘਰੇਲੂ ਉਤਪਾਦ (ਜੀ.ਡੀ.ਪੀ.) ਦੇ ਦੋ ਤੋਂ ਤਿੰਨ ਫੀਸਦੀ ਤੱਕ ਵਧਾਉਣ ਦਾ ਪ੍ਰਸਤਾਵ ਕੀਤਾ ਸੀ, ਜੋ ਕਿ ਅਜੇ ਤੱਕ ਨਹੀਂ ਹੋਇਆ। ਹੁਣ, ਰਾਸ਼ਟਰੀ ਸਿਹਤ ਨੀਤੀ 2017 ਇਸ ਨੂੰ 2025 ਤੱਕ ਜੀ.ਡੀ.ਪੀ. ਦੇ 2.5 ਪ੍ਰਤੀਸ਼ਤ ਤੱਕ ਲੈ ਜਾਣ ਦਾ ਪ੍ਰਸਤਾਵ ਕਰਦੀ ਹੈ। ਪ੍ਰਾਇਮਰੀ ਹੈਲਥ ਕੇਅਰ ਵਿਚ ਭਾਰਤ ਦੇ ਪ੍ਰਮੁੱਖ ਪ੍ਰੋਗਰਾਮ, ਰਾਸ਼ਟਰੀ ਸਿਹਤ ਮਿਸ਼ਨ ਦੀ ਸਮੁੱਚੀ ਸਥਿਤੀ ਨਿਰਾਸ਼ਾਜਨਕ ਬਣੀ ਹੋਈ ਹੈ। ਸਿਹਤ ਬਜਟ ਵਿਚ ਐੱਨ.ਐੱਚ.ਐੱਮ. ਦਾ ਹਿੱਸਾ 2006 ਵਿੱਚ 73% ਤੋਂ ਘਟ ਕੇ 2019 ਵਿੱਚ 50% ਰਹਿ ਗਿਆ, ਕਿਉਂਕਿ ਰਾਜਾਂ ਦੁਆਰਾ ਸਿਹਤ ਖਰਚਿਆਂ ਵਿਚ ਕੋਈ ਸਮਾਨ ਅਤੇ ਮਹੱਤਵਪੂਰਨ ਵਾਧਾ ਨਹੀਂ ਕੀਤਾ ਗਿਆ ਸੀ। ਬਿਹਤਰ ਸਿਹਤ ਲਈ ਬਹੁਤ ਸਾਰੇ ਨਿਰਧਾਰਕ ਹਨ ਜਿਵੇਂ ਕਿ ਬਿਹਤਰ ਪੀਣ ਵਾਲੇ ਪਾਣੀ ਦੀ ਸਪਲਾਈ ਅਤੇ ਸੈਨੀਟੇਸ਼ਨ; ਔਰਤਾਂ ਅਤੇ ਲੜਕੀਆਂ ਲਈ ਪੋਸ਼ਣ ਸੰਬੰਧੀ ਨਤੀਜੇ, ਸਿਹਤ ਅਤੇ ਸਿੱਖਿਆ ਵਿਚ ਸੁਧਾਰ; ਬਿਹਤਰ ਹਵਾ ਦੀ ਗੁਣਵੱਤਾ ਅਤੇ ਸੁਰੱਖਿਅਤ ਸੜਕਾਂ ਜੋ ਸਿਹਤ ਮੰਤਰਾਲੇ ਦੇ ਦਾਇਰੇ ਤੋਂ ਬਾਹਰ ਹਨ।

# ਓਰਲ (ਮੂੰਹ) ਦੇ ਅੰਦਰ ਦੀ ਕਰੋ ਕੇਅਰ

***"ਵਿਸ਼ਵ ਭਰ 'ਚ ਬੱਚਿਆਂ ਤੋਂ ਲੈ ਕੇ ਸੀਨੀਅਰਜ਼ ਅੰਦਰ ਮੂੰਹ ਦਾ ਕੈਂਸਰ, ਛੋਟੀ ਉਮਰ ਵਿਚ ਹੀ ਕਿਸੇ ਵੀ ਇਨਫੈਕਸ਼ਨ ਤੇ ਬਿਮਾਰੀਆਂ ਨਾਲ ਦੰਦਾਂ ਦਾ ਦਰਦ ਰਹਿਣਾ, ਜਾਂ ਝੜ ਜਾਣ ਦੀ ਸਮੱਸਿਆ ਤੇਜ਼ੀ ਨਾਲ ਵੱਧ ਰਹੀ ਹੈ"- ਅਨਿਲ ਧੀਰ***

ਮੌਖਿਕ ਸਿਹਤ ਮਹੀਨਾ 2023 ਤੰਦਰੁਸਤ ਜ਼ਿੰਦਗੀ ਲਈ ਮੌਖਿਕ ਸਿਹਤ ਸੰਬੰਧੀ ਜਾਗਰੂਕਤਾ ਅਤੇ ਹਰ ਉਮਰ 'ਚ ਓਰਲ-ਕੇਅਰ ਦੀ ਮਹੱਤਤਾ ਬਾਰੇ ਗੱਲ ਕੀਤੀ ਜਾ ਰਹੀ ਹੈ। ਅੱਜ 531 ਮਿਲੀਅਨ ਤੋਂ ਵੱਧ ਬੱਚੇ ਦੰਦਾਂ ਦੇ ਰੋਗਾਂ ਦੇ ਸ਼ਿਕਾਰ ਹਨ ਅਤੇ ਵਿਸ਼ਵ ਦੀ 18% ਆਬਾਦੀ ਮੌਖਿਕ ਰੋਗਾਂ ਦੇ ਘੇਰੇ ਵਿਚ ਆ ਚੁੱਕੇ ਹਨ। ਸਰੀਰ ਅੰਦਰ ਹੋਣ ਵਾਲੇ ਕੈਂਸਰ ਵਿਚੋਂ ਮੂੰਹ ਯਾਨਿ ਮੌਖਿਕ ਕੈਂਸਰ ਤੇਜ਼ੀ ਨਾਲ ਵੱਧ ਰਿਹਾ ਹੈ। ਓਰਲ ਯਾਨਿ ਲਿੱਪ, ਮੂੰਹ ਦੇ ਦੂਜੇ ਹਿੱਸਿਆਂ ਅਤੇ ਓਰੋਫੈਨਿਕਸ ਕੈਂਸਰ ਔਰਤਾਂ-ਮਰਦਾਂ ਵਿਚ ਦੇਖਿਆ ਜਾ ਰਿਹਾ ਹੈ। ਕੁੱਝ ਏਸ਼ਿਆਈ ਮੁਲਕਾਂ ਵਿਚ ਨੌਜਵਾਨਾਂ ਵਿਚ ਮੂੰਹ ਦੇ ਕੈਂਸਰ ਦਾ ਆਂਕੜਾ ਵੀ ਵੱਧਿਆ ਹੈ।

ਵਿਸ਼ਵ ਭਰ ਵਿਚ ਮੂੰਹ ਦਾ ਕੈਂਸਰ, ਦੰਦਾਂ ਦੀ ਇਨਫੈਕਸ਼ਨ, ਕੈਵਿਟੀ, ਸੂਜਨ, ਵਰਗੀ ਬਿਮਾਰੀਆਂ ਦਾ ਪ੍ਰਤੀਸ਼ਤ ਘਰੋਂ-ਘਰੀ ਤੇਜ਼ੀ ਨਾਲ ਵੱਧ ਰਿਹਾ ਹੈ। ਅੱਜ ਸਕੂਲੀ ਬੱਚੇ 75-90% ਅਤੇ ਕਰੀਬਨ 90-95% ਬਾਲਗ ਮੂੰਹ ਦੇ ਰੋਗਾਂ ਦੇ ਸ਼ਿਕਾਰ ਹਨ। ਹਰ ਸਾਲ ਕੈਨੇਡਾ ਵਿਚ ਅੰਦਾਜ਼ਨ 2.4 ਮਿਲੀਅਨ ਬੱਚਿਆਂ ਨੂੰ ਦੰਦਾਂ ਦੀ ਤਕਲੀਫ ਕਾਰਨ ਸਕੂਲ ਤੋਂ ਛੁੱਟੀ ਕਰਨੀ ਪੈਂਦੀ ਹੈ। ਅਮਰੀਕਾ ਵਿਚ ਬੱਚੇ ਦਮੇ ਨਾਲੋਂ ਜ਼ਿਆਦਾ ਮੂੰਹ ਦੇ ਰੋਗਾਂ ਦੇ ਸ਼ਿਕਾਰ ਹਨ।

ਵਿਸ਼ਵ ਸਿਹਤ ਸੰਸਥਾ ਨੇ ਓਰਲ ਸਿਹਤ ਪ੍ਰੋਗਰਾਮਾਂ ਵਿਚ ਦੰਦਾਂ ਦੇ ਰੋਗਾਂ ਦੀ ਰੋਕਥਾਮ ਲਈ ਫਲੋਰਾਈਡ ਪ੍ਰਭਾਵਸ਼ਾਲੀ ਵਰਤੋਂ, ਪੌਸ਼ਟਿਕ ਖੁਰਾਕ ਦੁਆਰਾ ਓਰਲ ਬਿਮਾਰੀ ਦੀ ਰੋਕਥਾਮ, ਸੀਨੀਅਰਜ਼ ਅਤੇ ਗਰਭਵਤੀ ਔਰਤਾਂ ਵਿਚ ਮੌਖਿਕ ਸਿਹਤ ਬਾਰੇ ਦੇਖਭਾਲ, ਤੰਬਾਕੂ ਸੰਬੰਧੀ ਰੋਗਾਂ 'ਤੇ ਕੰਟਰੋਲ, ਸਕੂਲੀ ਪੱਧਰ'ਤੇ ਮੌਖਿਕ ਸਿਹਤ ਨੂੰ ਉਤਸ਼ਾਹਤ ਕਰਨਾ, ਜ਼ੁਬਾਨੀ ਸਿਹਤ ਪ੍ਰਣਾਲੀਆਂ ਦਾ ਵਿਕਾਸ ਅਤੇ ਰੋਕਥਾਮ ਤੇ ਸਿਹਤ ਨੂੰ ਉਤਸ਼ਾਹਤ ਕਰਨ




ਲਈ ਸੇਵਾਵਾਂ ਦਾ ਰੁਝਾਨ, ਰਾਸ਼ਟਰੀ-ਅੰਤਰਰਾਸ਼ਟਰੀ ਪੱਧਰ 'ਤੇ ਮੌਖਿਕ ਸਿਹਤ ਪ੍ਰਤੀ ਅਵੇਅਰਨੈੱਸ ਨੂੰ ਅੱਗੇ ਰੱਖਿਆ ਹੈ।

ਪੀਰੀਅਡੌਂਟਿਲ ਬਿਮਾਰੀ ਵਿਚ ਦੰਦਾਂ ਦੇ ਆਲੇ-ਦੁਆਲੇ ਦੇ ਟਿਸ਼ੂਆਂ ਨੂੰ ਪ੍ਰਭਾਵਤ ਕਰਦੇ ਹਨ। ਖ਼ੂਨ ਵਗਣ ਦੇ ਨਾਲ ਦਰਦ ਅਤੇ ਸਾਹ ਬਦਬੂਦਾਰ ਆਉਂਦਾ ਹੈ। ਗੰਭੀਰ ਹਾਲਤ ਵਿਚ ਦੰਦ ਲੂਜ਼ ਹੋ ਕੇ ਬਾਹਰ ਵੀ ਆ ਜਾਂਦੇ ਹਨ। ਗੰਭੀਰ ਪੀਰੀਅਡੌਂਟਲ ਬਿਮਾਰੀਆਂ ਨੇ ਵਿਸ਼ਵ ਦੀ ਅਦਾਜ਼ਨ 15% ਆਬਾਦੀ ਨੂੰ ਪ੍ਰਭਾਵਿਤ ਕੀਤਾ ਹੈ। ਮੁੱਖ ਕਾਰਨ ਤੰਬਾਕੂ ਦੀ ਜ਼ਿਆਦਾ ਵਰਤੋਂ ਜ਼ੁਬਾਨ ਦੀ ਸਫਾਈ ਪ੍ਰਤੀ ਲਾਪ੍ਰਵਾਹੀ ਦੇਖੀ ਜਾ ਰਹੀ ਹੈ। ਤੰਬਾਕੂ, ਅਲਕੋਹਲ, ਖੰਡ (ਚੀਨੀ) ਦਾ ਜ਼ਿਆਦਾ ਇਸਤੇਮਾਲ, ਮੂੰਹ ਦੀ ਸਫਾਈ ਪ੍ਰਤੀ ਲਾਪ੍ਰਵਾਹੀ, ਆਰਿਥਕ ਤੰਗੀ ਕਾਰਨ ਮੌਖਿਕ ਬਿਮਾਰੀਆਂ ਵਿਚ ਵਾਧਾ ਹੋ ਰਿਹਾ ਹੈ।

**ਜ਼ਰੂਰੀ ਹੈ ਮੂੰਹ ਦੀ ਕੇਅਰ :** ਮੌਖਿਕ ਸਿਹਤ ਬਣਾਈ ਰੱਖਣ ਤੇ ਪੀਰੀਅਡੌਂਟਲ ਰੋਗ ਅਤੇ ਹੋਰ ਬਿਮਾਰੀਆਂ ਦੇ ਵਿਕਾਸ ਦੇ ਖਤਰੇ ਨੂੰ ਘੱਟ ਕਰਨ ਅੱਗੇ ਲਿਖੇ ਉਪਾਅ ਕਰ ਸਕਦੇ ਹੋ :

- ਕਾਰਬੋਹਾਈਡ੍ਰੇਟਸ ਦਾ ਜ਼ਿਆਦਾ ਸੇਵਨ, ਬੈਕਟੀਰੀਆ 'ਚ ਐਸਿਡ ਦੰਦਾਂ ਦੀ ਬਾਹਰੀ ਪਰਤ ਜਾਂ ਜੜ੍ਹਾਂ ਤੋਂ ਤੋੜ ਸਕਦੇ ਹਨ।
- ਦੰਦਾਂ ਦੀ ਆਮ ਸ਼ਿਕਾਇਤ ਦਾ ਇਲਾਜ ਨਾ ਕੀਤੇ ਜਾਣ ਨਾਲ ਮਸੂੜਿਆਂ ਦੇ ਹੇਠ ਗੰਭੀਰ ਇਨਫੈਕਸ਼ਨ ਜੋ ਸਰੀਰ ਦੇ ਦੂਜੇ ਹਿੱਸਿਆਂ ਵਿਚ ਫੈਲ ਸਕਦੇ ਹਨ। ਨਤੀਜਾ ਖਤਰਨਾਕ ਹੋ ਸਕਦਾ ਹੈ।
- ਸ਼ੂਗਰ-ਫ੍ਰੀ ਪੌਸ਼ਟਿਕ ਖੁਰਾਕ ਅਤੇ ਸਨੈਕਸ ਰੂਟੀਨ ਵਿਚ ਸ਼ਾਮਲ ਕਰੋ।
- ਵਾਈਨ ਲੀਮਿਟ ਵਿਚ ਲਵੋ।
- ਦੰਦਾਂ ਦੇ ਰੋਗਾਂ ਦੀ ਰੋਕਥਾਮ ਲਈ ਫਲੋਰਾਈਡ ਦੇ ਅਨੁਕੂਲ ਪੱਧਰ ਲਈ ਫਲੋਰਿਡੇਟਿਡ ਪੀਣ ਵਾਲਾ ਪਾਣੀ, ਨਮਕ, ਦੁੱਧ, ਦੀ ਵਰਤੋਂ ਦੇ ਨਾਲ ਇੱਕ ਹਜ਼ਾਰ ਤੋਂ 1500 ਪੀ.ਪੀ.ਐੱਮ. ਫਲੋਰਾਈਡ ਵਾਲੀ ਟੂੱਥਪੇਸਟ ਨਾਲ ਸਵੇਰੇ-ਸ਼ਾਮ ਦੰਦਾਂ ਨੂੰ ਕਲੀਨ ਕਰੋ।
- ਦੰਦ ਦੇ ਆਮ ਰੋਗਾਂ ਤੋਂ ਬਚਣ ਲਈ ਹਰ ਖਾਣੇ ਤੋਂ ਬਾਅਦ ਗਰਮ ਪਾਣੀ ਨਾਲ ਕੁਰਲੀ ਕਰਨ ਦੀ ਆਦਤ ਪਾ ਲਵੋ। ਦੰਦਾਂ ਦੇ ਵਿਚਕਾਰ ਫਸੇ ਹੋਏ ਖਾਣੇ ਨੂੰ ਕੱਢਣ ਲਈ ਡੇਲੀ ਫਲਾਸ ਕਰੋ। ਰਾਤ ਦੇ ਸਮੇਂ ਸੌਣ ਤੋਂ ਪਹਿਲਾਂ ਬਰੱਸ਼ ਜ਼ਰੂਰ ਕਰੋ।
- ਟੁੱਥ-ਬੁਰਸ਼ ਨੂੰ ਹਰ 2 ਮਹੀਨੇ ਬਾਅਦ ਜ਼ਰੂਰ ਬਦਲੋ। ਆਪਣੇ ਦੰਦਾਂ ਦੇ ਮੁਤਾਬਿਕ ਨਰਮ ਜਾਂ ਸਖ਼ਤ ਬ੍ਰਿਸਟਲ ਵਾਲਾ ਟੁੱਥ-ਬੁਰਸ਼ ਇਸਤੇਮਾਲ ਕਰੋ।
- ਦੰਦਾਂ ਨੂੰ ਹੇਲਦੀ ਰੱਖਣ ਲਈ ਸਾਲ ਵਿਚ 1 ਬਾਰ ਡੈਂਟਿਸਟ ਤੋਂ ਚੈਕ-ਅੱਪ ਕਰਾਉਣ ਦੀ ਆਦਤ ਪਾ ਲਵੋ।
- ਮੂੰਹ ਦੀ ਬਦਬੂ ਲਈ ਨਮਕ ਵਾਲੇ ਪਾਣੀ ਦੇ ਗਰਾਰੇ ਡੇਲੀ 2-3 ਬਾਰ ਕਰੋ। ਘਰੇਲੂ ਮਾਊਥ-ਵਾਸ਼ ਲਈ 1 ਕੱਪ ਘੱਟ ਗਰਮ ਪਾਣੀ ਵਿਚ 3 ਬੂੰਦਾਂ ਟੀ-ਟ੍ਰੀ ਆਇਲ ਪਾ ਕੇ ਇਸਤੇਮਾਲ ਕਰਨਾ ਚਾਹੀਦਾ ਹੈ।
- ਰਾਤ ਨੂੰ ਬੈਡ 'ਤੇ ਜਾਣ ਤੋਂ ਪਹਿਲਾਂ 1-2 ਬੂੰਦਾਂ ਲੌਂਗ ਦਾ ਤੇਲ ਲਗਾਓ।
- ਅੱਜ ਰਾਸ਼ਟਰੀ-ਅੰਤਰਰਾਸ਼ਟਰੀ ਪੱਧਰ 'ਤੇ ਮੂੰਹ ਸਬੰਧੀ ਬਿਮਾਰੀਆਂ ਤੋਂ ਬਚਾਅ, ਦੇਖਭਾਲ ਅਤੇ ਜਾਗਰੂਕ ਕਰਨ ਲਈ ਕਮਿਊਨਿਟੀ ਡੈਂਟਲ ਤੇ ਓਰਲ ਹੈਲਥ ਪ੍ਰੋਗਰਾਮ, ਸੇਵਾਵਾਂ ਰਾਹੀਂ ਐਜੂਕੇਟ ਕੀਤਾ ਜਾ ਰਿਹਾ ਹੈ।

ਅਨਿਲ ਧੀਰ
ਬਰੈਂਟਪਨ, ਕੈਨੇਡਾ
647-853-5800
healthmedia1@hotmail.com
(Punjab Mail USA)



# ਭਾਰਤ ਅਤੇ ਭੂਟਾਨ: ਸਦੀਆਂ ਪੁਰਾਣੀ ਦੋਸਤੀ ਦਾ ਸਬੂਤ





**ਪ੍ਰਿਅੰਕਾ ਸੌਰਭ**
ਰਾਜਨੀਤੀ ਵਿਗਿਆਨ ਵਿਚ ਖੋਜ ਵਿਦਵਾਨ,
ਹਿਸਾਰ, (ਹਰਿਆਣਾ)
ਮੋ : 70153-75570
(Punjab Mail USA)

ਭਾਰਤ ਅਤੇ ਭੂਟਾਨ ਦਰਮਿਆਨ ਸਬੰਧ ਵਿਸ਼ਵਾਸ, ਸਦਭਾਵਨਾ ਅਤੇ ਆਪਸੀ ਸਮਝ ਦੇ ਥੰਮ੍ਹਾਂ 'ਤੇ ਆਧਾਰਿਤ ਹਨ। ਦੋਵੇਂ ਗੁਆਂਢੀ ਸਦੀਆਂ ਪੁਰਾਣੇ ਸੱਭਿਆਚਾਰਕ ਅਤੇ ਆਰਥਿਕ ਸਬੰਧ ਸਾਂਝੇ ਕਰਦੇ ਹਨ। ਭਾਰਤ-ਭੂਟਾਨ ਸਬੰਧਾਂ ਦਾ ਬੁਨਿਆਦੀ ਢਾਂਚਾ 1949 ਵਿਚ ਦੋਹਾਂ ਦੇਸ਼ਾਂ ਦਰਮਿਆਨ ਹਸਤਾਖਰਤ ਦੋਸਤੀ ਅਤੇ ਸਹਿਯੋਗ ਦੀ ਸੰਧੀ ਹੈ, ਜਿਸ ਦਾ 2007 ਵਿਚ ਨਵੀਨੀਕਰਨ ਕੀਤਾ ਗਿਆ ਸੀ। ਭਾਰਤ ਅਤੇ ਭੂਟਾਨ ਵਿਚ ਬਹੁ-ਖੇਤਰੀ ਸਹਿਯੋਗ ਹੈ, ਵਪਾਰ ਅਤੇ ਆਰਥਿਕ ਸਬੰਧਾਂ ਵਿਚ ਭਾਰਤ ਭੂਟਾਨ ਦਾ ਸਭ ਤੋਂ ਵੱਡਾ ਵਪਾਰਕ ਭਾਈਵਾਲ ਹੈ ਅਤੇ ਭੂਟਾਨ ਵਿਚ ਨਿਵੇਸ਼ ਦਾ ਇੱਕ ਵੱਡਾ ਸਰੋਤ ਬਣਿਆ ਹੋਇਆ ਹੈ। 2021 ਵਿਚ, ਭਾਰਤ ਨੇ ਭੂਟਾਨ ਦੇ ਭਾਰਤ ਨਾਲ ਦੁਵੱਲੇ ਅਤੇ ਟਰਾਂਜ਼ਿਟ ਵਪਾਰ ਲਈ ਸੱਤ ਨਵੇਂ ਵਪਾਰਕ ਮਾਰਗਾਂ ਨੂੰ ਖੋਲ੍ਹਣ ਦੀ ਰਸਮੀ ਸ਼ੁਰੂਆਤ ਕੀਤੀ। ਭੂਟਾਨ ਤੋਂ ਭਾਰਤ ਨੂੰ 12 ਖੇਤੀ-ਉਤਪਾਦਾਂ ਦੇ ਰਸਮੀ ਨਿਰਯਾਤ ਦੀ ਇਜਾਜ਼ਤ ਦੇਣ ਲਈ ਨਵੀਂ ਮਾਰਕੀਟ ਪਹੁੰਚ ਵੀ ਦਿੱਤੀ ਗਈ ਸੀ। ਡਿਜ਼ੀਟਲ ਸਹਿਯੋਗ ਲਈ ਹਾਲ ਹੀ ਦੇ ਸਮੇਂ ਵਿਚ, ਸਹਿਯੋਗ ਦੇ ਰਵਾਇਤੀ ਦਾਇਰੇ ਤੋਂ ਬਾਹਰ ਨਵੇਂ ਖੇਤਰਾਂ ਵਿਚ ਸਹਿਯੋਗ ਹੋਇਆ ਹੈ। ਉਦਾਹਰਨ ਲਈ: ਡਿਜੀਟਲ ਬੁਨਿਆਦੀ ਢਾਂਚੇ ਦੀ ਸਥਾਪਨਾ, ਜਿਵੇਂ ਕਿ ਤੀਜਾ ਅੰਤਰਰਾਸ਼ਟਰੀ ਇੰਟਰਨੈੱਟ ਗੇਟਵੇ। ਇਸ ਤੋਂ ਇਲਾਵਾ ਭਾਰਤ ਦੇ ਰਾਸ਼ਟਰੀ ਗਿਆਨ ਨੈੱਟਵਰਕ ਨਾਲ ਭੂਟਾਨ ਦੇ ਡਰੁਕਰੇਨ ਦਾ ਏਕੀਕਰਨ ਈ-ਲਰਨਿੰਗ ਦੇ ਖੇਤਰ ਵਿਚ ਇੱਕ ਮਹੱਤਵਪੂਰਨ ਸਹਿਯੋਗ ਹੈ।

ਭਾਰਤ ਨਾ ਸਿਰਫ ਭੂਟਾਨ ਦਾ ਸਭ ਤੋਂ ਵੱਡਾ ਵਿਕਾਸ ਭਾਈਵਾਲ ਹੈ, ਸਗੋਂ ਇਸਦਾ ਸਭ ਤੋਂ ਮਹੱਤਵਪੂਰਨ ਵਪਾਰਕ ਭਾਈਵਾਲ ਵੀ ਹੈ, ਵਸਤੂਆਂ ਅਤੇ ਸੇਵਾਵਾਂ ਵਿਚ ਇਸਦੇ ਵਪਾਰ ਲਈ ਇੱਕ ਸਰੋਤ ਅਤੇ ਬਾਜ਼ਾਰ ਦੇ ਰੂਪ ਵਿਚ। ਭਾਰਤ ਨਾ ਸਿਰਫ ਭੂਟਾਨ ਨੂੰ ਲੈਂਡ-ਲਾਕਡ ਭੂਟਾਨ ਲਈ ਇੱਕ ਟਰਾਂਜ਼ਿਟ ਰੂਟ ਪ੍ਰਦਾਨ ਕਰਦਾ ਹੈ, ਸਗੋਂ ਭੂਟਾਨ ਦੇ ਬਹੁਤ ਸਾਰੇ ਨਿਰਯਾਤ ਲਈ ਸਭ ਤੋਂ ਵੱਡਾ ਬਾਜ਼ਾਰ ਵੀ ਹੈ, ਜਿਸ ਵਿਚ ਪਣ-ਬਿਜਲੀ, ਅਰਧ-ਤਿਆਰ ਉਤਪਾਦ, ਫੈਰੋਸਿਲਿਕਨ ਅਤੇ ਡੋਲੋਮਾਈਟ ਸ਼ਾਮਲ ਹਨ। ਵਿੱਤੀ ਸਹਿਯੋਗ/ਏਕੀਕਰਨ ਦੇ ਤਹਿਤ, **RuPay** ਪ੍ਰੋਜੈਕਟ ਦਾ ਪਹਿਲਾ ਪੜਾਅ ਭੂਟਾਨ ਵਿਚ ਲਾਂਚ ਕੀਤਾ ਗਿਆ ਸੀ। ਭਾਰਤ ਦਾ ਭਾਰਤ ਇੰਟਰਫੇਸ ਫਾਰ ਮਨੀ ਵੀ 2021 ਵਿਚ ਲਾਂਚ ਕੀਤਾ ਗਿਆ ਸੀ। ਪੁਲਾੜ ਸਹਿਯੋਗ ਦੁਵੱਲੇ ਸਹਿਯੋਗ ਦਾ ਇੱਕ ਨਵਾਂ ਅਤੇ ਵਾਅਦਾ ਕਰਨ ਵਾਲਾ ਖੇਤਰ ਹੈ। ਭਾਰਤ ਅਤੇ ਨੇਪਾਲ ਦੇ ਦੋਵਾਂ ਪ੍ਰਧਾਨ ਮੰਤਰੀਆਂ ਨੇ ਸਾਂਝੇ ਤੌਰ 'ਤੇ 2019 ਵਿਚ ਥਿੰਫੂ ਵਿਚ ਦੱਖਣੀ ਏਸ਼ੀਆ ਉਪਗ੍ਰਹਿ ਦੇ ਜ਼ਮੀਨੀ ਅਰਥ ਸਟੇਸ਼ਨ ਦਾ ਉਦਘਾਟਨ ਕੀਤਾ, ਜੋ ਇਸਰੋ ਦੇ ਸਹਿਯੋਗ ਨਾਲ ਬਣਾਇਆ ਗਿਆ ਸੀ। ਇਸ ਤੋਂ ਇਲਾਵਾ, ਭਾਰਤ-ਭੂਟਾਨ **SAT** ਨੂੰ 2022 ਵਿਚ ਇਸਰੋ ਦੇ ਪੋਲਰ ਸੈਟੇਲਾਈਟ ਲਾਂਚ ਵਹੀਕਲ ਦੁਆਰਾ ਪੁਲਾੜ ਵਿਚ ਲਾਂਚ ਕੀਤਾ ਜਾਣਾ ਹੈ।

ਭੂਟਾਨ ਨਾਲ ਆਪਸੀ ਲਾਭਦਾਇਕ ਪਣ-ਬਿਜਲੀ ਸਹਿਯੋਗ ਦੁਵੱਲੇ ਆਰਥਿਕ ਸਹਿਯੋਗ ਦਾ ਧੁਰਾ ਹੈ। ਮੰਗਦੇਚੂ ਸਮੇਤ 4 ਹਾਈਡਰੋ ਇਲੈਕਟ੍ਰਿਕ ਪ੍ਰੋਜੈਕਟ (**HEP**) ਪਹਿਲਾਂ ਹੀ ਭੂਟਾਨ ਵਿਚ ਕਾਰਜਸ਼ੀਲ ਹਨ ਅਤੇ ਭਾਰਤ ਨੂੰ ਬਿਜਲੀ ਸਪਲਾਈ ਕਰ ਰਹੇ ਹਨ। ਭਾਰਤ ਅਤੇ ਭੂਟਾਨ ਵਿਚ ਵਿਦਿਅਕ, ਸੱਭਿਆਚਾਰਕ ਸਹਿਯੋਗ ਅਤੇ ਲੋਕਾਂ ਤੋਂ ਲੋਕਾਂ ਦੇ ਆਦਾਨ-ਪ੍ਰਦਾਨ ਲਈ ਵਿਦਿਅਕ ਅਤੇ ਸੱਭਿਆਚਾਰਕ ਖੇਤਰਾਂ ਵਿਚ ਨਜ਼ਦੀਕੀ ਦੁਵੱਲੇ ਸਹਿਯੋਗ ਹਨ। ਭਾਰਤ ਸਰਕਾਰ ਦੁਆਰਾ ਭੂਟਾਨ ਦੇ ਵਿਦਿਆਰਥੀਆਂ ਨੂੰ ਮੈਡੀਸਨ, ਇੰਜਨੀਅਰਿੰਗ ਆਦਿ ਸਮੇਤ ਵੱਖ-ਵੱਖ ਵਿਸ਼ਿਆਂ ਵਿਚ ਭਾਰਤ ਵਿਚ ਪੜ੍ਹਨ ਲਈ 950 ਤੋਂ ਵੱਧ ਸਕਾਲਰਸ਼ਿਪਾਂ ਦਿੱਤੀਆਂ ਜਾਂਦੀਆਂ ਹਨ। ਬਹੁਤ ਸਾਰੇ ਭੂਟਾਨੀ ਸ਼ਰਧਾਲੂ ਬੋਧ ਗਯਾ, ਰਾਜਗੀਰ, ਨਾਲੰਦਾ, ਸਿੱਕਮ, ਉਦਯਾਗਿਰੀ ਅਤੇ ਭਾਰਤ ਦੇ ਹੋਰ ਬੋਧੀ ਸਥਾਨਾਂ 'ਤੇ ਜਾਂਦੇ ਹਨ।

ਰਣਨੀਤਕ ਸਬੰਧਾਂ ਨੂੰ ਮਜ਼ਬੂਤ ਕਰਨ ਲਈ ਭਾਰਤ ਨੇ ਭੂਟਾਨ ਦੇ ਸੁਰੱਖਿਆ ਬਲਾਂ ਨੂੰ ਸਿਖਲਾਈ ਦੇਣ ਲਈ 1961 ਵਿਚ ਭੂਟਾਨ ਵਿਚ ਆਪਣੀ ਫੌਜੀ ਸਿਖਲਾਈ ਟੀਮ ਤਾਇਨਾਤ ਕੀਤੀ ਅਤੇ ਉਦੋਂ ਤੋਂ ਭੂਟਾਨੀ ਸੁਰੱਖਿਆ ਲਈ ਜ਼ਿੰਮੇਵਾਰ ਹੈ। ਸੁਰੱਖਿਆ ਅਤੇ ਸੀਮਾ ਪ੍ਰਬੰਧਨ ਮੁੱਦਿਆਂ, ਖਤਰੇ ਦੀ ਧਾਰਨਾ, ਭਾਰਤ-ਭੂਟਾਨ ਸਰਹੱਦ ਦੇ ਪ੍ਰਵੇਸ਼/ਨਿਕਾਸ ਪੁਆਇੰਟਾਂ ਦੇ ਤਾਲਮੇਲ ਅਤੇ ਹੋਰ ਪਹਿਲੂਆਂ ਵਿਚਕਾਰ ਅਸਲ-ਸਮੇਂ ਦੀ ਜਾਣਕਾਰੀ ਸਾਂਝੀ ਕਰਨ ਨਾਲ ਸਬੰਧਤ ਕਈ ਗਤੀਵਿਧੀਆਂ ਦੋਵਾਂ ਦੇਸ਼ਾਂ ਦੁਆਰਾ ਨਿਯਮਤ ਤੌਰ 'ਤੇ ਕੀਤੀਆਂ ਜਾ ਰਹੀਆਂ ਹਨ। ਸਮੇਂ ਦੇ ਨਾਲ ਭਾਰਤ ਅਤੇ ਭੂਟਾਨ ਦਰਮਿਆਨ ਸਬੰਧ ਊਰਜਾ ਸੁਰੱਖਿਆ, ਵਪਾਰ ਅਤੇ ਕਾਰੋਬਾਰ, ਸੁਰੱਖਿਆ ਅਤੇ ਖੁਫੀਆ ਜਾਣਕਾਰੀ ਸਾਂਝਾਕਰਨ, ਡਿਜੀਟਾਈਜੇਸ਼ਨ, ਪੁਲਾੜ ਤਕਨਾਲੋਜੀ ਅਤੇ ਸੰਭਾਲ ਜੀਵ ਵਿਗਿਆਨ ਖੇਤਰਾਂ ਸਮੇਤ ਕਈ ਮੁੱਦਿਆਂ 'ਤੇ ਵਿਆਪਕ ਸਾਂਝੇਦਾਰੀ ਅਤੇ ਸਹਿਯੋਗ ਵਿਚ ਪਰਿਪੱਕ ਹੋਏ ਹਨ। ਭਾਰਤ ਅਤੀਤ ਵਿਚ ਔਕੜਾਂ ਅਤੇ ਚੁਣੌਤੀਆਂ ਦੇ ਸਮੇਂ ਵਿਚ ਹਮੇਸ਼ਾ ਭੂਟਾਨ ਦੇ ਨਾਲ ਖੜ੍ਹਾ ਰਿਹਾ ਹੈ ਅਤੇ ਭੂਟਾਨ ਨੇ ਇਸ ਗੱਲ ਨੂੰ ਸਵੀਕਾਰ ਕੀਤਾ ਹੈ। ਇੱਕ ਦੋਸਤਾਨਾ ਅਤੇ ਮਦਦਗਾਰ ਗੁਆਂਢੀ ਹੋਣ ਦੇ ਨਾਤੇ, ਭਾਰਤ ਭੂਟਾਨ ਦੀਆਂ ਲੋੜਾਂ ਪ੍ਰਤੀ ਜਵਾਬਦੇਹ ਰਿਹਾ ਹੈ, ਜਿਸਦੀ ਉਦਾਹਰਣ ਭੂਟਾਨ ਨੂੰ ਸਮੇਂ-ਸਮੇਂ 'ਤੇ ਦਿੱਤੇ ਗਏ ਸਮਰਥਨ ਦੁਆਰਾ, ਜ਼ਰੂਰੀ ਵਸਤਾਂ ਅਤੇ ਸੇਵਾਵਾਂ ਦੀ ਸਪਲਾਈ ਅਤੇ ਜੋ ਵੀ ਲੋੜੀਂਦਾ ਹੈ, ਦੁਆਰਾ ਦਿੱਤਾ ਗਿਆ ਹੈ।

ਭਾਰਤ ਅਤੇ ਭੂਟਾਨ ਦਰਮਿਆਨ ਸਦਭਾਵਨਾਪੂਰਣ ਅਤੇ ਟਿਕਾਊ ਸਬੰਧਾਂ ਲਈ ਕੁਝ ਮੁੱਦਿਆਂ ਜਿਵੇਂ ਕਿ ਚੀਨ ਕਾਰਕ ਨੂੰ ਸੰਬੋਧਿਤ ਕਰਨ ਦੀ ਲੋੜ ਹੁੰਦੀ ਹੈ। ਦੇਸ਼ ਦੀ ਭੂ-ਰਣਨੀਤਕ ਸਥਿਤੀ ਭੂਟਾਨ ਨੂੰ ਰਾਸ਼ਟਰੀ ਸੁਰੱਖਿਆ ਦੀ ਭਾਰਤ ਦੀ ਧਾਰਨਾ ਵਿਚ ਬਹੁਤ ਮਹੱਤਵਪੂਰਨ ਬਣਾਉਂਦੀ ਹੈ। ਚੀਨ ਅਤੇ ਭੂਟਾਨ ਵਿਚਕਾਰ ਇੱਕ ਸੀਮਾ ਸਮਝੌਤਾ ਦੀ ਸੰਭਾਵਨਾ ਨੂੰ ਖੇਤਰ ਵਿਚ ਭਾਰਤ ਦੇ ਰਣਨੀਤਕ ਹਿੱਤਾਂ ਲਈ ਇਸਦੇ ਪ੍ਰਭਾਵਾਂ ਦੇ ਮੱਦੇਨਜ਼ਰ ਦੇਖਿਆ ਜਾਣਾ ਚਾਹੀਦਾ ਹੈ। ਮਾਹਿਰਾਂ ਦੁਆਰਾ ਦਰਸਾਏ ਗਏ ਮੁੱਦਿਆਂ ਵਿਚੋਂ ਇੱਕ ਭੂਟਾਨ ਪ੍ਰਤੀ ਭਾਰਤ ਦਾ ਪਿਤਾਵਾਦੀ ਰਵੱਈਆ ਹੈ। ਭਾਰਤ-ਭੂਟਾਨ ਸਬੰਧਾਂ ਵਿਚ ਇੱਕ ਸੰਕਟ 2013 ਵਿਚ ਆਪਣੀ ਵਿਦੇਸ਼ ਨੀਤੀ ਵਿਚ ਵਿਭਿੰਨਤਾ ਲਿਆਉਣ ਲਈ ਭੂਟਾਨ ਦੀ ਕੋਸ਼ਿਸ਼ ਨੂੰ ਨਾਕਾਮ ਕਰਨ ਦੀ ਭਾਰਤ ਦੀ ਕਥਿਤ ਕੋਸ਼ਿਸ਼ ਕਾਰਨ ਪੈਦਾ ਹੋਇਆ ਸੀ। ਅੰਦਰੂਨੀ ਰਾਜਨੀਤੀ ਵਿਚ ਦਖਲਅੰਦਾਜ਼ੀ ਆਲੋਚਕਾਂ ਦੀ ਦਲੀਲ ਹੈ ਕਿ ਕਈ ਵਾਰ ਭੂਟਾਨ ਦੀ ਅੰਦਰੂਨੀ ਰਾਜਨੀਤੀ ਵਿਚ ਭਾਰਤ ਦੀ ਦਖਲਅੰਦਾਜ਼ੀ ਹੁੰਦੀ ਰਹੀ ਹੈ। ਮਾਹਰਾਂ ਦੀ ਦਲੀਲ ਹੈ ਕਿ ਪਣ-ਬਿਜਲੀ ਪ੍ਰਾਜੈਕਟਾਂ 'ਤੇ ਸਹਿਯੋਗ ਦੇ ਆਰਥਿਕ ਲਾਭਾਂ ਵਿਚ ਕਮੀ ਆਈ ਹੈ। ਵਿਆਜ ਦਰਾਂ ਵਧੀਆਂ ਹਨ ਅਤੇ ਬਿਜਲੀ ਦੀ ਪ੍ਰਤੀ ਯੂਨਿਟ ਮੁਨਾਫ਼ਾ ਘਟਿਆ ਹੈ, ਜਿਸ ਨਾਲ ਭੂਟਾਨ ਦੇ ਕਰਜ਼ੇ ਵਿਚ ਵੱਡਾ ਵਾਧਾ ਹੋਇਆ ਹੈ।

ਭਾਰਤ ਅਤੇ ਭੂਟਾਨ ਦਰਮਿਆਨ ਸਬੰਧ ਵਿਸ਼ਵਾਸ, ਸਦਭਾਵਨਾ ਅਤੇ ਆਪਸੀ ਸਮਝ ਦੇ ਥੰਮ੍ਹਾਂ 'ਤੇ ਆਧਾਰਿਤ ਹਨ। ਦੋਵੇਂ ਗੁਆਂਢੀ ਸਦੀਆਂ ਪੁਰਾਣੇ ਸੱਭਿਆਚਾਰਕ ਅਤੇ ਆਰਥਿਕ ਸਬੰਧ ਸਾਂਝੇ ਕਰਦੇ ਹਨ। ਭੂਟਾਨ ਭਾਰਤ ਨੂੰ ਗਯਾਗਰ, ਜਾਂ ਪਵਿੱਤਰ ਭੂਮੀ ਮੰਨਦਾ ਹੈ, ਕਿਉਂਕਿ ਬੁੱਧ ਧਰਮ ਦੀ ਸ਼ੁਰੂਆਤ ਭਾਰਤ ਵਿਚ ਹੋਈ ਸੀ, ਜੋ ਕਿ ਭੂਟਾਨੀਆਂ ਦੀ ਬਹੁਗਿਣਤੀ ਦੁਆਰਾ ਅਪਣਾਇਆ ਜਾਂਦਾ ਧਰਮ ਹੈ। ਭਾਰਤ ਇੱਕ ਦੋਸਤਾਨਾ ਅਤੇ ਮਦਦਗਾਰ ਗੁਆਂਢੀ ਵਜੋਂ ਭੂਟਾਨ ਦੀਆਂ ਲੋੜਾਂ ਪ੍ਰਤੀ ਜਵਾਬਦੇਹ ਰਿਹਾ ਹੈ। ਭੂਟਾਨ ਭਾਰਤ ਦੀ ਵਿਦੇਸ਼ ਨੀਤੀ ਵਿਚ ਬਹੁਤ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ ਅਤੇ ਭਾਰਤ ਲਈ ਰਣਨੀਤਕ ਤੌਰ 'ਤੇ ਮਹੱਤਵਪੂਰਨ ਹੈ। ਇਸ ਲਈ ਉਪਰੋਕਤ ਮੁੱਦਿਆਂ ਨੂੰ ਸੰਬੋਧਿਤ ਕਰਦੇ ਹੋਏ ਇੱਕ ਸਥਾਈ ਸਬੰਧ ਬਣਾਈ ਰੱਖਣ ਲਈ ਹੋਰ ਕਦਮ ਚੁੱਕਣੇ ਚਾਹੀਦੇ ਹਨ।

# ਕਿੱਧਰ ਨੂੰ ਤੁਰ ਪਿਆ ਸਮਾਜ






**ਸੰਜੀਵ ਸਿੰਘ ਸੈਣੀ**
ਮੋਹਾਲੀ
78889-66168
(Punjab Mail USA)

ਹਰ ਰਿਸ਼ਤੇ ਦੀ ਬਹੁਤ ਅਹਿਮੀਅਤ ਹੁੰਦੀ ਹੈ। ਜ਼ਿੰਦਗੀ ਬਹੁਤ ਖ਼ੂਬਸੂਰਤ ਹੈ। ਉਤਾਰ-ਚੜ੍ਹਾਅ ਆਉਂਦੇ ਹੀ ਰਹਿੰਦੇ ਹਨ। ਹਮੇਸ਼ਾ ਇੱਕੋ ਜਿਹਾ ਸਮਾਂ ਨਹੀਂ ਰਹਿੰਦਾ। ਸਾਡੇ ਸਮਾਜ ਦੀ ਤਾਣੀ ਲਗਾਤਾਰ ਉਲਝ ਰਹੀ ਹੈ। ਦਿਨ-ਪ੍ਰਤੀ-ਦਿਨ ਹਾਲਾਤ ਵਿਗੜਦੇ ਜਾ ਰਹੇ ਹਨ। ਹਾਲਾਤ ਬਹੁਤ ਜ਼ਿਆਦਾ ਚਿੰਤਾਜਨਕ ਬਣਦੇ ਜਾ ਰਹੇ ਹਨ। ਕੱਲ੍ਹ ਹੀ ਖ਼ਬਰ ਪੜ੍ਹਨ ਨੂੰ ਮਿਲੀ ਕਿ ਸਮਰਾਲਾ ਵਿਖੇ ਨਸ਼ੇੜੀ ਪਤੀ ਨੇ ਕੁਹਾੜੀ ਨਾਲ ਆਪਣੀ ਹੀ ਪਤਨੀ ਤੇ ਪੁੱਤਰ 'ਤੇ ਹਮਲਾ ਕਰ ਦਿੱਤਾ। ਦੇਖੋ ਇਨਸਾਨੀਅਤ ਕਿੰਨੀ ਸ਼ਰਮਸਾਰ ਹੋਈ ਹੈ। ਦੇਖੋ ਆਪਣੇ ਹੀ ਪਰਿਵਾਰ ਨੂੰ ਜ਼ਖਮੀ ਕਰ ਦਿੱਤਾ ਗਿਆ। ਦੋਵੇਂ ਮਾਂ-ਪੁੱਤ ਖੇਤਾਂ ਵਿਚ ਕਾਫ਼ੀ ਲੰਮਾ ਸਮਾਂ ਤੜਫਦੇ ਰਹੇ। ਰਾਹ ਜਾਂਦਾ ਕੋਈ ਵੀ ਸੱਜਣ ਉਨ੍ਹਾਂ ਦੇ ਨੇੜੇ ਤੱਕ ਨਹੀਂ ਆਇਆ। ਥੋੜ੍ਹੀ ਦੇਰ ਮਗਰੋਂ ਜਦੋਂ ਉਨ੍ਹਾਂ ਦੇ ਰਿਸ਼ਤੇਦਾਰ ਉੱਥੇ ਪੁੱਜੇ, ਤਾਂ ਉਨ੍ਹਾਂ ਜ਼ਖਮੀਆਂ ਨੂੰ ਨਿੱਜੀ ਹਸਪਤਾਲ ਵਿਚ ਲੈ ਕੇ ਗਏ। ਜ਼ਿਆਦਾ ਜ਼ਖਮੀ ਹੋਣ ਕਾਰਨ ਉਨ੍ਹਾਂ ਨੂੰ ਚੰਡੀਗੜ੍ਹ ਦੇ ਪੀ.ਜੀ.ਆਈ. ਵਿਚ ਦਾਖ਼ਲ ਕਰਵਾਇਆ ਗਿਆ। ਹਾਲਾਂਕਿ ਦੋਸ਼ੀ ਦੇ ਖ਼ਿਲਾਫ਼ ਕੇਸ ਵੀ ਦਰਜ ਕਰ ਲਿਆ ਗਿਆ ਹੈ। ਕੁੱਝ ਦਿਨ ਪਹਿਲਾਂ ਇੱਕ ਪੰਜਾਬ ਪੁਲਿਸ ਦੇ ਏ.ਐੱਸ.ਆਈ. ਨੇ ਆਪਣੀ ਪਿਸਤੌਲ ਨਾਲ ਆਪਣਾ ਸਾਰਾ ਹੀ ਪਰਿਵਾਰ ਖ਼ਤਮ ਕਰ ਦਿੱਤਾ। ਖ਼ਬਰ ਪੜ੍ਹ ਕੇ ਸਾਰਿਆਂ ਦੇ ਹੀ ਰੌਂਗਟੇ ਖੜ੍ਹੇ ਹੋ ਗਏ। ਦਿਲ ਕੰਬਾਉਣ ਵਾਲੀ ਖ਼ਬਰ ਸੀ। ਰਿਸ਼ਤਿਆਂ ਦੀ ਅਹਿਮੀਅਤ ਖ਼ਤਮ ਹੋ ਚੁੱਕੀ ਹੈ। ਅੱਜ ਹਾਲਾਤ ਇਹ ਬਣਦੇ ਜਾ ਰਹੇ ਹਨ ਕਿ ਕਤਲ ਕਰਨ ਤੋਂ ਕੋਈ ਵੀ ਨਹੀਂ ਡਰਦਾ ਹੈ। ਕਾਨੂੰਨ ਵਿਚ ਸਖ਼ਤੀ ਹੋਣੀ ਚਾਹੀਦੀ ਹੈ। ਦੇਖੋ ਪਰਿਵਾਰਾਂ ਵਿਚ ਕਦੀ ਵੀ ਅਜਿਹੇ ਕਦਮ ਨਹੀਂ ਚੁੱਕਣੇ ਚਾਹੀਦੇ।

ਦਿਨ-ਪ੍ਰਤੀ-ਦਿਨ ਖ਼ੁਦਕੁਸ਼ੀਆਂ ਦਾ ਰੁਝਾਨ ਵੱਧ ਰਿਹਾ ਹੈ। ਲੋਕਾਂ ਵਿਚ ਸ਼ਹਿਣਸ਼ੀਲਤਾ ਖ਼ਤਮ ਹੋ ਚੁੱਕੀ ਹੈ। ਚਾਹੇ ਕੋਈ ਵੀ ਵਰਗ ਲੈ ਲਵੋ। ਬੱਚਿਆਂ ਨੂੰ ਅੱਜ ਦੇ ਸਮੇਂ ਵਿਚ ਬਿਲਕੁੱਲ ਵੀ ਝਿੜਕ ਨਹੀਂ ਸਕਦੇ। ਕੋਈ ਕਰਜ਼ੇ ਤੋਂ ਪ੍ਰੇਸ਼ਾਨ ਖੁਦਕੁਸ਼ੀ ਕਰ ਰਿਹਾ ਹੈ। ਕੋਈ ਆਪਣੀ ਔਲਾਦ ਤੋਂ ਦੁੱਖੀ ਹੈ। ਕੁੱਝ ਕੁ ਦਿਨਾਂ ਪਹਿਲਾਂ ਕਿਸੇ ਰਿਟਾਇਰਡ ਅਫ਼ਸਰ ਜੋੜੇ ਨੇ ਆਪਣੀ ਹੀ ਔਲਾਦ ਤੋਂ ਤੰਗ ਪ੍ਰੇਸ਼ਾਨ ਹੋ ਕੇ ਖੁਦਕੁਸ਼ੀ ਕਰ ਲਈ। ਦੇਖੋ ਜੋ ਬਜ਼ੁਰਗ ਆਪਣੇ ਘਰ ਵਿਚ ਪੈਨਸ਼ਨ ਲੈ ਰਹੇ ਹਨ, ਉਨ੍ਹਾਂ ਦੀ ਔਲਾਦ ਉਨ੍ਹਾਂ ਨੂੰ ਬਿਲਕੁੱਲ ਵੀ ਨਹੀਂ ਪੁੱਛ ਰਹੀ ਹੈ। ਦੁੱਖੀ ਪ੍ਰੇਸ਼ਾਨ ਹੋ ਕੇ ਫ਼ਿਰ ਅਜਿਹਾ ਕਦਮ ਚੁੱਕਣਾ ਪਿਆ। ਖੁਦਕੁਸ਼ੀ ਦੀ ਤਾਂ ਹਰ ਰੋਜ਼ ਚਾਰ ਤੋਂ ਪੰਜ ਖ਼ਬਰਾਂ ਅਖ਼ਬਾਰਾਂ ਵਿਚ ਪੜ੍ਹਨ ਨੂੰ ਮਿਲਦੀਆਂ ਹਨ। ਹਰ ਹਾਲਾਤਾਂ ਵਿਚ ਰਹਿਣਾ ਸਿੱਖਣਾ ਚਾਹੀਦਾ ਹੈ। ਕਿਉਂ ਅਜਿਹਾ ਗ਼ਲਤ ਰਸਤਾ ਚੁਣਦੇ ਹਨ। ਸਾਰਿਆਂ ਦੇ ਹੀ ਘਰ ਵਿਚ ਛੋਟੀ-ਮੋਟੀ ਤਕਰਾਰ ਹੋ ਜਾਂਦੀ ਹੈ। ਪਰ ਕਦੀ ਵੀ ਅਜਿਹਾ ਗ਼ਲਤ ਕਦਮ ਨਾ ਚੁੱਕੋ ਕਿ ਪਿਛਲਿਆਂ ਨੂੰ ਸਮਾਜ ਵਿਚ ਨੀਵਾਂ ਹੋ ਕੇ ਸਮਾਂ ਲਗਾਉਣਾ ਪਵੇ। ਅੱਜਕੱਲ੍ਹ ਦਿਖਾਵੇ ਦੀ ਹੋੜ ਬਹੁਤ ਜ਼ਿਆਦਾ ਹੈ। ਆਪਣੇ ਆਪ ਨੂੰ ਕੋਈ ਕਿਸੇ ਤੋਂ ਘੱਟ ਨਹੀਂ ਸਮਝਦਾ। ਬੈਂਕਾਂ ਤੋਂ ਆਪਣੇ ਆਪ ਨੂੰ ਇੱਕ ਦੂਜੇ ਤੋਂ ਉੱਪਰ ਚੁੱਕਣ ਲਈ ਕਰਜ਼ਾ ਤੱਕ ਚੁੱਕ ਲੈਂਦੇ ਹਨ। ਫਿਰ ਜਦੋਂ ਕਰਜ਼ੇ ਦੀ ਕਿਸ਼ਤਾਂ ਨਹੀਂ ਲਾਈਆਂ ਜਾਂਦੀਆਂ, ਤਾਂ ਫ਼ਿਰ ਖੁਦਕੁਸ਼ੀ ਕਰਨੀ ਪੈ ਰਹੀ ਹੈ।

ਜੇ ਮਾੜਾ-ਮੋਟਾ ਕਿਸੇ ਨਾਲ ਕੋਈ ਲੜਾਈ-ਝਗੜਾ ਹੋ ਵੀ ਜਾਂਦਾ ਹੈ, ਤਾਂ ਲੋਕ ਮਾਰ-ਕੁਟਾਈ ਕਰਨ ਤੱਕ ਉਤਰ ਜਾਂਦੇ ਹਨ। ਪਿੱਛੇ ਜਿਹੇ ਇੱਕ ਖਬਰ ਪੜ੍ਹਨ ਨੂੰ ਮਿਲੀ ਸੀ ਕਿ ਕੁੱਝ ਥੋੜ੍ਹੇ ਬਹੁਤ ਪੈਸਿਆਂ ਪਿੱਛੇ ਇਕ ਬੰਦੇ ਦਾ ਕਤਲ ਕਰ ਦਿੱਤਾ ਗਿਆ। ਕੁੱਝ ਸਮਾਂ ਪਹਿਲਾਂ ਇੱਕ ਵੀਡੀਓ ਵੀ ਵਾਇਰਲ ਹੋ ਰਹੀ ਸੀ ਕਿ ਜਿਸ ਵਿਚ ਜੀ.ਟੀ. ਰੋਡ 'ਤੇ ਜਾਂਦੇ ਹੋਏ ਇਕ ਗੱਡੀ ਨੇ ਦੂਜੀ ਗੱਡੀ ਨੂੰ ਸਾਈਡ ਨਾ ਦਿੱਤੀ। ਦੂਜੀ ਗੱਡੀ ਵਾਲੇ ਨੇ ਕਿਸੇ ਨਾ ਕਿਸੇ ਤਰ੍ਹਾਂ ਗੱਡੀ ਅੱਗੇ ਕਰਕੇ ਉਸ ਗੱਡੀ ਦੇ ਮੂਹਰੇ ਲਿਆ ਕੇ ਰੋਕ ਦਿੱਤੀ। ਫਿਰ ਬੰਦੂਕ ਉਸ ਬੰਦੇ ਦੇ ਕੰਨ 'ਤੇ ਰੱਖ ਦਿੱਤੀ। ਦੇਖੋ ਲੋਕਾਂ ਵਿਚ ਕਿੰਨੀ ਕੁ ਸਹਿਣਸ਼ੀਲਤਾ ਹੈ। ਕਤਲ ਕਰਨ ਤੋਂ ਬਿਲਕੁੱਲ ਵੀ ਨਹੀਂ ਡਰਦੇ। ਫਿਰ ਉਸ ਬੰਦੇ ਦੀ ਪਤਨੀ ਨੇ ਬਾਹਰ ਨਿਕਲ ਕੇ ਉਸ ਬੰਦੇ ਦੇ ਪੈਰਾਂ ਨੂੰ ਹੱਥ ਲਗਾ ਮਾਫ਼ੀ ਮੰਗੀ ਕਿ ਮੇਰਾ ਘਰ ਉੱਜੜ ਜਾਵੇਗਾ। ਇਹ ਗਲਤ ਕਦਮ ਨਾ ਚੁੱਕੋ।

ਨੌਜਵਾਨ ਪੀੜ੍ਹੀ ਰਸਾਤਲ ਵੱਲ ਲਗਾਤਾਰ ਵੱਧ ਰਹੀ ਹੈ। ਆਪਣੇ ਘਰ ਵਿਚ ਚਾਹੇ ਜ਼ਿਆਦਾ ਪੈਸਾ ਹੈ, ਜਾਂ ਥੋੜਾ ਪੈਸਾ ਹੈ। ਸਾਨੂੰ ਉਸੇ ਵਿਚ ਹੀ ਸਬਰ ਕਰਨਾ ਚਾਹੀਦਾ ਹੈ। ਪਿਆਰ ਨਾਲ ਜ਼ਿੰਦਗੀ ਜਿਉਣੀ ਚਾਹੀਦੀ ਹੈ। ਕੋਈ ਕਿਸੇ ਨੂੰ ਖਾਣ ਨੂੰ ਨਹੀਂ ਦਿੰਦਾ। ਸ਼ੁਕਰ ਕਰਦੇ-ਕਰਦੇ ਹੀ ਪ੍ਰਮਾਤਮਾ ਦਾ ਸ਼ੁਕਰਾਨਾ ਕਰਨਾ ਚਾਹੀਦਾ ਹੈ। ਕਦੀ ਵੀ ਅਜਿਹਾ ਗਲਤ ਕਦਮ ਨਾ ਚੁੱਕੋ। ਨੈਤਿਕ ਕਦਰਾਂ-ਕੀਮਤਾਂ ਬਾਰੇ ਬੱਚਿਆਂ ਨੂੰ ਜ਼ਰੂਰ ਦੱਸਣਾ ਚਾਹੀਦਾ ਹੈ। ਛੋਟਿਆਂ ਨਾਲ ਪਿਆਰ ਕਰਨਾ ਚਾਹੀਦਾ ਹੈ ਤੇ ਵੱਡਿਆਂ ਦਾ ਸਤਿਕਾਰ ਕਰੋ। ਹਰ ਰਿਸ਼ਤੇ ਦੀ ਅਹਿਮੀਅਤ ਨੂੰ ਸਮਝੋ। ਜਿਸ ਨੂੰ ਕਿਸੇ ਨੇ ਦੋ ਗੱਲਾਂ ਕਹਿ ਵੀ ਲਈਆਂ ਹਨ, ਉਸਨੂੰ ਦਿਲ 'ਤੇ ਕਦੇ ਵੀ ਨਾ ਲਾਓ। ਕਿਹੜਾ ਸਾਡੇ ਲੱਗ ਗਈਆਂ ਹਨ। ਹੱਸ ਖੇਡ ਕੇ ਜ਼ਿੰਦਗੀ ਨੂੰ ਗੁਜ਼ਾਰੋ। ਅੱਜਕੱਲ੍ਹ ਦੀ ਜ਼ਿੰਦਗੀ ਤਾਂ ਵੈਸੇ ਹੀ ਬਹੁਤ ਛੋਟੀ ਹੈ। ਪਤਾ ਹੀ ਨਹੀਂ ਲੱਗਦਾ ਕਦੋਂ ਬੰਦਾ ਇਸ ਸੰਸਾਰ ਤੋਂ ਰੁਖ਼ਸਤ ਕਰ ਜਾਂਦਾ ਹੈ। ਸਕੂਲਾਂ ਵਿਚ ਸੈਮੀਨਾਰ ਲਗਾ ਕੇ ਬੱਚਿਆਂ ਨੂੰ ਜਾਗਰੂਕ ਕਰਨਾ ਚਾਹੀਦਾ ਹੈ। ਸਮਾਜ ਸੇਵਕਾਂ ਨੂੰ ਧਾਰਮਿਕ ਜੱਥੇਬੰਦੀਆਂ ਨੂੰ ਅੱਗੇ ਆਉਣਾ ਚਾਹੀਦਾ ਹੈ। ਜ਼ਿਲ੍ਹਾ ਪੱਧਰ 'ਤੇ ਸਮਾਜ ਨੂੰ ਸੇਧ ਦੇਣ ਵਾਲੇ ਪ੍ਰੋਗਰਾਮ ਉਲੀਕਣੇ ਚਾਹੀਦੇ ਹਨ, ਤਾਂ ਜੋ ਕੋਈ ਵੀ ਅਜਿਹਾ ਕਦਮ ਨਾ ਚੁੱਕੇ।

## (ਖਾਲਸਾ ਸਾਜਨਾ ਦਿਵਸ) "ਉੱਠਕੇ ਕੋਈ ਆਵੇ ਸੂਰਮਾ"

ਇੱਕ ਸਿਰ ਮੰਗੇ ਮੇਰੀ ਤਲਵਾਰ,
ਉਠਕੇ ਕੋਈ ਆਵੇ ਸੂਰਮਾ
ਕਿਹਾ ਗੁਰਾਂ ਨੇ ਤੰਬੂ 'ਚੋਂ ਹੋ ਕੇ ਬਾਹਰ,
ਉੱਠਕੇ ਕੋਈ ਆਵੇ ਸੂਰਮਾ।

ਸੱਜੇ ਹੱਥ ਵਿਚ ਚੰਡੀ ਚੇਹਰਾ ਲਾਲ ਸੀ,
ਕੀਤਾ ਸੰਗਤਾਂ ਤੇ ਗੁਰਾਂ ਨੇ ਸਵਾਲ ਸੀ,
ਕੰਬ ਗਿਆ ਸੀ ਸਾਰਾ ਹੀ ਦਰਬਾਰ,
ਉੱਠਕੇ ਕੋਈ ਆਵੇ ਸੂਰਮਾ।

ਸੀਸ ਰੱਖਕੇ ਜੋ ਤਲੀ 'ਤੇ ਲਿਆਊਗਾ
ਗੁਰੂ ਘਰੋਂ ਸਦਾ ਖੁਸ਼ੀਆਂ ਉਹ ਪਾਊਗਾ
ਵਿਚ ਦਰਗਾਹ ਦੇ ਹੋਊ ਸਤਿਕਾਰ
ਉੱਠਕੇ ਕੋਈ ਆਵੇ ਸੂਰਮਾ।

ਐਸਾ ਅੰਮ੍ਰਿਤ ਖੰਡੇ ਦਾ ਛਕਾਉਣਾ ਏ
ਨਿਆਰਾ ਜੱਗ ਤੋਂ ਮੈਂ ਖ਼ਾਲਸਾ ਸਜਾਉਣਾ ਏ
ਫੌਜ ਖ਼ਾਲਸੇ ਦੀ ਕਰਨੀ ਤਿਆਰ,
ਉੱਠਕੇ ਕੋਈ ਆਵੇ ਸੂਰਮਾ।

ਪੰਜ ਪਿਆਰੇ ਸਤਿਗੁਰਾਂ ਨੇ ਸਿੰਗਾਰ 'ਤੇ
ਸਿੰਘ ਸੂਰੇ ਬਣੇ ਪੰਜ ਕੱਕੇ ਧਾਰ ਕੇ
ਹੋ ਗਈ "ਗਿੱਲ ਮਲਕੀਤ" ਜੈ ਜੈ ਕਾਰ
ਉੱਠਕੇ ਕੋਈ ਆਵੇ ਸੂਰਮਾ।
ਇਕ ਸਿਰ ਮੰਗੇ ਮੇਰੀ ਤਲਵਾਰ
ਉੱਠਕੇ ਕੋਈ ਆਵੇ ਸੂਰਮਾ।



**ਮਲਕੀਤ ਸਿੰਘ ਗਿੱਲ (ਭੱਠਲਾਂ)**
**ਸੰਪਰਕ : 79865-28225**

(Punjab Mail USA)

## ਖਾਲਸਾ ਪੰਥ ਦੀ ਸਾਜਨਾ

ਸੰਨ 1699 ਦੀ ਵਿਸਾਖੀ ਦੇ ਦਿਨ
ਸੰਗਤ ਦੂਰੋਂ-ਦੂਰੋਂ ਅਨੰਦਪੁਰ ਸਾਹਿਬ ਪਹੁੰਚੀ।
ਦਸਵੇਂ ਗੁਰੂ ਜੀ ਨੇ ਹੱਥ ਤਲਵਾਰ ਫੜਕੇ
ਵਾਰੀ-ਵਾਰੀ ਪੰਜ ਸੀਸਾਂ ਦੀ ਮੰਗ ਕੀਤੀ।
ਗੁਰੂ ਜੀ ਦਾ ਹੁਕਮ ਮੰਨ ਕੇ ਸੰਗਤ ਵਿਚੋਂ
ਪੰਜ ਜਣੇ ਉਨ੍ਹਾਂ ਅੱਗੇ ਪੇਸ਼ ਹੋਏ।
ਇੱਕੋ ਬਾਟੇ 'ਚ ਛਕਾ ਅੰਮ੍ਰਿਤ
ਇਨ੍ਹਾਂ ਨੂੰ ਸਿੰਘ ਬਣਾ ਦਿੱਤਾ ਗੁਰੂ ਜੀ ਨੇ।
ਪਿਛਲੀਆਂ ਜ਼ਾਤਾਂ, ਗੋਤ ਖਤਮ ਹੋ ਗਏ
ਪੰਜ ਪਿਆਰੇ ਬਣ ਗਏ ਗੁਰੂ ਜੀ ਦੇ।
ਪਿੱਛੋਂ ਆਪ ਇਨ੍ਹਾਂ ਤੋਂ ਛਕ ਅੰਮ੍ਰਿਤ
ਗੋਬਿੰਦ ਰਾਏ ਤੋਂ ਗੋਬਿੰਦ ਸਿੰਘ ਬਣ ਗਏ।
ਪੰਜਾਂ ਪਿਆਰਿਆਂ ਨਾਲ ਗੁਰੂ ਜੀ ਨੇ
ਖਾਲਸਾ ਪੰਥ ਦੀ ਨੀਂਹ ਰੱਖ ਦਿੱਤੀ।
ਇੱਕੋ ਬਾਟੇ 'ਚ ਸਭ ਨੂੰ ਛਕਾ ਅੰਮ੍ਰਿਤ
ਇੱਕੋ ਜਹੀ ਰਹਿਤ ਮਰਿਆਦਾ ਦਿੱਤੀ।
ਗੁਰੂ ਜੀ ਨੇ ਜ਼ੁਲਮ, ਜਬਰ, ਅਨਿਆਂ ਵਿਰੁੱਧ
ਸੰਘਰਸ਼ ਦਾ ਬਿਗਲ ਵਜਾ ਦਿੱਤਾ।
ਗਿੱਦੜ ਵੀ ਸ਼ੇਰ ਬਣ ਸਕਦੇ
ਮੌਕੇ ਦੇ ਹਾਕਮਾਂ ਨੂੰ ਦਰਸਾ ਦਿੱਤਾ।



**-ਮਹਿੰਦਰ ਸਿੰਘ ਮਾਨ, ਨਵਾਂ ਸ਼ਹਿਰ**
**99158-03554**

(Punjab Mail USA)

## "ਚਾਹੀਦਾ ਇੱਕ ਸਿਰ ਮੈਨੂੰ"

ਧੂਹ ਕੇ ਜਦ ਮਿਆਨ ਦੇ ਵਿਚੋਂ
ਖਿੱਚੀ ਤਲਵਾਰ ਸੀ,
ਕਲਗੀਧਰ ਬਾਜ਼ਾਂ ਵਾਲੇ
ਮਾਰੀ ਲਲਕਾਰ ਸੀ
ਅਪਣਾ ਸਿਰ ਤਲੀ ਦੇ ਉੱਤੇ
ਰੱਖੋ ਕੋਈ ਸੂਰਮਾ।
ਚਾਹੀਦਾ ਇੱਕ ਸਿਰ ਮੈਨੂੰ
ਉੱਠੋ ਕੋਈ ਸੂਰਮਾ।
ਖਾਲਸਾ ਪੰਥ ਸਜਾਉਣਾ,
ਸਿੱਖੀ ਦਾ ਬੂਟਾ ਲਾਉਣਾ,
ਚਿੜੀਆਂ ਤੋਂ ਬਾਜ਼ ਤੁੜਾਉਣੇਂ,
ਐਸਾ ਅੰਮ੍ਰਿਤ ਛਕਾਉਣਾ
ਲਾੜ੍ਹੀ ਅੱਜ ਮੌਤ ਵਰਨ ਲਈ,
ਢੁੱਕੋ ਕੋਈ ਸੂਰਮਾ।
ਚਾਹੀਦਾ ਇੱਕ ਸਿਰ ਮੈਨੂੰ....।
ਉੱਠਕੇ ਦਇਆ ਰਾਮ ਸੀ ਆਇਆ,
ਗਲ ਦੇ ਵਿਚ ਪੱਲੂ ਪਾਇਆ
ਦੋਨੋਂ ਹੱਥ ਜੋੜ ਸਿੱਖ ਨੇ ,
ਚਰਨਾਂ 'ਤੇ ਸੀਸ ਨਿਵਾਇਆ,
ਮੋਢਿਆਂ 'ਤੇ ਭਾਰ ਕੌਮ ਦਾ
ਚੁੱਕੋ ਕੋਈ ਸੂਰਮਾ।
ਚਾਹੀਦਾ ਇੱਕ ਸਿਰ ਮੈਨੂੰ....।
ਤੰਬੂ ਵਿਚ ਜਾਕੇ ਸਤਿਗੁਰ,
ਸੀਸ ਇੱਕ ਲਾਹਕੇ ਸਤਿਗੁਰ
ਤੇਗ ਫਿਰ ਖੂਨ 'ਚ ਭਿੱਜੀ
ਬੋਲੇ ਲਿਸ਼ਕਾਕੇ ਸਤਿਗੁਰ,
ਨੰਗੀਆਂ ਤਲਵਾਰਾਂ ਉੱਤੇ
ਨੱਚੋ ਕੋਈ ਸੂਰਮਾ।
ਚਾਹੀਦਾ ਇੱਕ ਸਿਰ ਮੈਨੂੰ....।
ਧਰਮ ਤੇ ਹਿੰਮਤ ਆਗੇ,
ਸੀਸਾਂ ਦੀ ਭੇਂਟ ਚੜ੍ਹਾਗੇ
ਮੋਹਕਮ ਤੇ ਸਾਹਿਬ ਸਿੰਘ ਵੀ
ਸਤਿਗੁਰ ਦੀਆਂ ਖੁਸੀਆਂ ਪਾਗੇ,
ਜ਼ਾਲਮ ਦੀਆਂ ਜੜ੍ਹਾਂ ਡੂੰਘੀਆਂ,
ਪੁੱਟੋ ਕੋਈ ਸੂਰਮਾ।
ਚਾਹੀਦਾ ਇੱਕ ਸਿਰ ਮੈਨੂੰ....।
ਬਾਟੇ ਵਿਚ ਪਾਣੀ ਭਰਕੇ,
ਲੋਹੇ ਦਾ ਖੰਡਾ ਫੜਕੇ
ਪਾਣੀ ਨੂੰ ਅੰਮ੍ਰਿਤ ਕਰਤਾ,
ਸਤਿਗੁਰ ਪੰਜ ਬਾਣੀਆਂ ਪੜ੍ਹਕੇ,
ਅੰਮ੍ਰਿਤ ਦਾ ਤਿਆਰ ਹੈ ਬਾਟਾ,
ਛਕੋ ਕੋਈ ਸੂਰਮਾ।
ਚਾਹੀਦਾ ਇੱਕ ਸਿਰ ਮੈਨੂੰ....।
ਪੰਜਾਂ ਨੂੰ ਅੰਮ੍ਰਿਤ ਪਿਆਇਆ,
ਮਜ੍ਹਬਾਂ ਦਾ ਭੇਦ ਮਿਟਾਇਆ,
ਛਕਿਆ ਫਿਰ ਆਪ ਪੰਜਾਂ ਤੋਂ,
ਚੇਲਾ-ਗੁਰ ਆਪ ਕਹਾਇਆ।
ਮਹਿਮਾ "ਮਲਕੀਤ" ਗੁਰਾਂ ਦੀ
ਲਿਖੋ ਕੋਈ ਸੂਰਮਾ।
ਚਾਹੀਦਾ ਇਕ ਸਿਰ ਮੈਨੂੰ
ਉੱਠੋ ਕੋਈ ਸੂਰਮਾ।

**ਮਲਕੀਤ ਸਿੰਘ ਗਿੱਲ (ਭੱਠਲਾਂ)**
**ਸੰਪਰਕ : 94174-90943**
**79865-28225**

(Punjab Mail USA)

## ਉਥਲ -ਪੁਥਲ

ਕਾਰਨਾਮੇ ਕਰਦਾ ਕਾਲ਼ੇ ਕਾਲ਼ੇ, ਛੁਪਦਾ ਫਿਰੇ ਉਹ ਉਹਲੇ ਉਹਲੇ,
ਚੋਰ ਦੀ ਦਾਹੜੀ ਵਿਚ ਤਿਨਕੇ, ਬਿਨ ਬੁਲਾਇਆਂ ਹੀ ਫਿਰ ਬੋਲੇ।

ਨਾਲ਼ੇ ਚੋਰ ਨਾਲ਼ੇ ਕਰੇ ਚਤੁਰਾਈ, ਸਾਰੇ ਜਹਾਨ ਦਾ ਕੁਫ਼ਰ ਜੂੰ ਤੋਲੇ,
ਧਰਮ ਰਾਜ ਤੋਂ ਫਿਰਦਾ ਡਰਿਆ, ਪਾਰੇ ਵਾਂਗੂੰ ਤਦੋਂ ਮਨ ਤਨ ਡੋਲੇ।

ਲੋਭ, ਮੋਹ, ਹੰਕਾਰ ਵਿਚ ਫਸਿਆ, ਚੁਗਲੀ, ਨਿੰਦਾ ਕੰਨ-ਰਸ ਘੋਲੇ,
ਕਾਮ, ਕਰੋਧ ਕਾਇਆ ਨੂੰ ਗਾਲੇ, ਡਿੱਗਦਾ ਢਹਿੰਦਾ ਖਾ ਹਿਚਕੋਲੇ।

ਝੂਠ ਦੀ ਕੰਧ ਕਰੀ ਅੰਦਰ ਖੁਦ, ਸੱਚ ਦੇ ਪਾਉਂਦਾ ਹੈ ਉੱਪਰ ਚੋਲੇ,
ਕਿਰਦਾਰ ਦਾ ਦੰਭੀ ਅੰਦਰੋਂ ਹੋਰ, ਮਗਰਮੱਛ ਦੇ ਨਿੱਤ ਹੰਝੂ ਡੋਹਲੇ।

ਮਰੀਆਂ ਜ਼ਮੀਰਾਂ ਬਣੇ ਰਹਿਬਰ, ਕਰਨ ਚੋਚਲੇ ਖੇਲ੍ਹ ਤਾਸ਼ ਤੰਬੋਲੇ,
ਕਰਦੇ ਠੱਗੀਆਂ ਧਰਮਾਂ ਤੋਂ ਕੋਰੇ, ਪੰਡਿਤ, ਮੁੱਲਾਂ, ਭਾਈ ਜੇਬ ਟਟੋਲ੍ਹੇ।

ਮੰਦਿਰ, ਮਸਜ਼ਿਦ, ਠਾਕੁਰਦਵਾਰੇ, ਬੈਠ ਪੰਸਾਰੀ ਬੱਸ ਨਫ਼ਰਤ ਤੋਲੇ,
ਕਾਲ਼ੇ, ਚਿੱਟੇ, ਹਰੇ, ਪੀਲੇ ਭਗਵੇਂ ਨੇ, ਇੱਕ ਥੈਲੀ ਚੱਟੇ-ਵੱਟੇ ਮਾਸੇ ਤੋਲ਼ੇ।

ਰੱਬ ਨੂੰ ਸਮਝ ਮਲਕੀਅਤ ਆਪੇ, ਬਣ ਬੈਠੇ ਹਨ ਦਲਾਲ ਵਿਚੋਲੇ,
ਨਾਲ਼ ਸਿਆਸਤ ਗੂੜ੍ਹੇ ਨੇ ਰਿਸ਼ਤੇ, ਜ਼ਿਆਦਾਤਰ
ਮਿਲਦੇ ਕੰਨੋਂ ਬੋਲ਼ੇ।



**-ਸੇਵਾ ਸਿੰਘ "ਨੂਰਪੁਰੀ"**

(Punjab Mail USA)

## ਦਿਲੀ ਅਰਮਾਨ (ਨਜ਼ਮ)

(ਵਿਸਾਖੀ 'ਤੇ ਵਿਸ਼ੇਸ਼)

ਭਾਗ੍ਹਾਂ ਭਰੀ ਵਿਸਾਖੀ ਦੇ ਦਿਨ ਉੱਤੇ, ਕੇਸਗੱੜ੍ਹ ਵਿਚ ਸਜਿਆ ਦੀਵਾਨ ਹੋਵੇ।
ਪੁੱਜ ਪੁੱਜ ਕੇ ਗੁਰਾਂ ਦੇ ਹੁਕਮਨਾਮੇ, ਸੰਗਤ ਜੁੜੀ ਹੋਈ ਬੇ ਅਨੁਮਾਨ ਹੋਵੇ।

ਮੇਰੇ ਦਾਤਾ ਜੀ ਤੰਬੂ 'ਚੋਂ ਬਾਹਰ ਆਵਣ, ਸੀਸ ਲੈਣ ਦਾ ਮੁਖੋਂ ਫ਼ੁਰਮਾਨ ਹੋਵੇ।
ਸਾਇਆ ਹੋਏ ਸਨਾਟਾ ਦੀਵਾਨ ਅੰਦਰ, ਸੰਗਤ ਦੇਖ ਕੇ ਸਾਰੀ ਹੈਰਾਨ ਹੋਵੇ।

ਅੱਗੇ ਹੋ ਕੇ ਝੁਕਾਵਾਂ ਮੈਂ ਸੀਸ ਅਪਣਾ, ਉਤੋਂ ਗੁਰਾਂ ਦੀ ਪੈਂਦੀ ਕਿਰਪਾਨ ਹੋਵੇ।
ਲੰਘ ਕੇ ਖੰਡੇ 'ਚੋਂ ਖੰਡੇ ਦਾ ਪੀਆਂ ਅੰਮ੍ਰਿਤ, ਪੂਰਾ ਇਸ ਤਰ੍ਹਾਂ ਮੇਰਾ ਅਰਮਾਨ ਹੋਵੇ।

ਮਰਾਂ ਸਦਾ ਗਰੀਬਾਂ ਅਨਾਥਾਂ ਦੇ ਲਈ, ਭਰੀ ਦਿਲ ਵਿਚ ਏਹੋ ਉਮੰਗ ਹੋਵੇ।
ਲਥਣ ਕਾਮ ਕਰੋਧ ਦੇ ਰੰਗ ਕੱਚੇ, ਚੜ੍ਹਿਆ ਨਾਮ ਵਾਲਾ ਪੱਕਾ ਰੰਗ ਹੋਵੇ।

ਸੜਾਂ ਹੱਸ ਕੇ ਕੌਮ ਤੇ ਦੇਸ਼ ਬਦਲੇ, ਸੜਦਾ ਸ਼ਮਾਂ ਤੋਂ ਜਿਵੇਂ ਪ੍ਰਤੰਗ ਹੋਵੇ।
ਅੱਗੇ ਹੋ ਕੇ ਮਰਾਂ ਮੈਂ ਸਾਰਿਆਂ ਤੋਂ, ਕੌਮੀ ਅਣਖ ਖ਼ਾਤਰ ਲੱਗੀ ਜੰਗ ਹੋਵੇ।

ਗੋਲੀ ਖ਼ਾ ਕੇ ਧਰਮ ਦੇ ਜੰਗ ਅੰਦਰ, ਤੜਫ ਤੜਫ ਕੇ ਨਿਕਲਦੀ ਜਾਨ ਹੋਵੇ।
ਰੁਲਾਂ ਮੈਂ ਤੇ ਵਤਨ ਦੀ ਸ਼ਾਨ ਚਮਕੇ, ਪੂਰਾ ਇਸ ਤਰ੍ਹਾਂ ਮੇਰਾ ਅਰਮਾਨ ਹੋਵੇ।

ਮੈਨੂੰ ਆਪਣੇ ਮਾਣ ਦੀ ਲੋੜ ਕੋਈ ਨਹੀਂ, ਕਰਨਾ ਦੇਸ਼ ਦਾ ਉੱਚਾ ਵਕਾਰ ਚਾਉਨਾਂ।
ਮੈਂ ਚਾਉਨਾਂ ਕਿ ਅਮਨ ਨਾਲ ਵਸੇ ਦਨੀਆਂ, ਨਾ ਮੈਂ ਜਿੱਤ ਚਾਉਨਾਂ ਨਾ ਮੈਂ ਹਾਰ ਚਾਉਨਾਂ।

ਕਰ ਕੇ ਦੂਰ ਦੇਸ਼ੋਂ ਫਰਕ ਫਿਰਕਿਆਂ ਦੇ, ਭਾਈ ਭਾਈ ਦਾ ਗੁੰਦਣਾ ਪਿਆਰ ਚਾਉਨਾਂ।
ਨਾ ਹੈ ਅਗਲੇ ਸਵਰਗ ਦੀ ਝਾਕ ਕੋਈ, ਸੁਖੀ ਦੇਖਣਾ ਏਹੋ ਸੰਸਾਰ ਚਾਉਨਾਂ।

ਹੋਵੇ ਸਾਰੇ ਇਨਸਾਨਾਂ ਦਾ ਇਕ ਦਰਜਾ, ਬ੍ਰਾਹਮਣ ਸ਼ੂਦਰ ਦੀ ਮਿਟੀ ਪਹਿਚਾਨ ਹੋਵੇ।
ਲੱਗ ਜਾਏ ਲੋਕ ਭਲਾਈ ਲਈ ਜਾਨ ਜੇਕਰ, ਪੂਰਾ ਇਸ ਤਰ੍ਹਾਂ ਮੇਰਾ ਅਰਮਾਨ ਹੋਵੇ।

ਗਾਲ਼ਣ ਲਈ ਜਹਾਨ ਦੀਆਂ ਔਕੜਾਂ ਨੂੰ, ਹੱਸ ਹੱਸ ਜ਼ਿਲਾਂ ਵਿਚ ਜ਼ਿੰਦਗੀ ਗਾਲ ਦੇਵਾਂ।
ਲੈ ਕੇ ਸਿੱਖਿਆ ਭਾਈ ਦਿਆਲੇ ਜੀ ਤੋਂ, ਭਾਵੇਂ ਦੇਗਾਂ ਵਿਚ ਆਪਾ ਉਬਾਲ ਦੇਵਾਂ।

ਤੁਰਿਆ ਜਾਵ੍ਹਾਂ ਇਸ ਰਾਹ ਉਤੇ, ਜੀਵਨ ਮਰਨ ਦਾ ਛੱਡ ਖਿਆਲ ਦੇਵਾਂ।
ਜਾਲ ਦੇਸ਼ ਤੇ ਕੌਮ ਦੇ ਕੱਟਣੇ ਲਈ, ਭਾਵੇਂ ਜੰਡਾਂ ਨਾਲ ਜ਼ਿੰਦਗੀ ਜਾਲ ਦੇਵਾਂ।

ਤਨ ਮਨ ਧਨ ਸਭ ਕੌਮ ਤੋਂ ਕਰਾਂ ਅਰਪਣ, ਸਿੱਖਿਆ ਗੁਰਾਂ ਤੋਂ ਇਹੋ ਗਿਆਨ ਹੋਵੇ।
ਤਾਰੂ ਸਿੰਘ ਵਾਗੂੰ ਤਰ ਜਾਂ ਜ਼ੁਲਮ ਵਿਚੋਂ, ਪੂਰਾ ਇਸ ਤਰਾਂਹ ਮੇਰਾ ਅਰਮਾਨ ਹੋਵੇ।

ਭਗਤ ਸਿੰਘ ਵਾਗੂੰ ਝੂਟਾਂ ਫਾਂਸੀਆਂ 'ਤੇ, ਖਿੜੀ ਬੁੱਲ੍ਹਾਂ ਦੇ ਉਤੇ ਮੁਸਕਾਨ ਹੋਵੇ।
ਸੀਸ ਤਲੀ ਧਰ ਯਾਰ ਦੀ ਗਲੀ ਲੰਘਾਂ, ਭੇਟਾ ਤੁਛ ਜਿਹੀ ਜੇ ਕਰ ਪਰਵਾਨ ਹੋਵੇ।

ਪਹੁੰਚ ਕਿਸੇ ਨਿਸ਼ਾਨੇ 'ਤੇ ਮੈਂ ਜਾਵਾਂ, ਮਿਟਦਾ ਜੱਗ ਤੋਂ ਭਾਵੇਂ ਨਿਸ਼ਾਨ ਹੋਵੇ।
ਕਰਨ ਖੁਸ਼ੀ ਨਾਲ ਮਾਣ ਮਹਿਸੂਸ ਸਾਰੇ, ਜਦੋਂ ਬਲ਼ ਰਿਹਾ ਮੇਰੇ ਸਮਸ਼ਾਨ ਹੋਵੇ।

ਆਉਣਾ ਜੱਗ 'ਤੇ ਸਮਝਾਂਗਾ ਸਫਲ ਹੋਇਆ, ਜੇ ਕਰ ਦੇਸ਼ ਖ਼ਾਤਰ ਬਲੀਦਾਨ ਹੋਵੇ।
ਜੀਆਂ ਕੌਮ ਖ਼ਾਤਰ ਮਰਾਂ ਕੌਮ ਖ਼ਾਤਰ, ਪੂਰਾ ਇਸ ਤਰ੍ਹਾਂ ਮੇਰਾ ਅਰਮਾਨ ਹੋਵੇ।



**-ਸਤਨਾਮ ਸਿੰਘ ਦਰਦੀ ਚਾਨੀਆਂ, ਜਲੰਧਰ**
92569-73526
(Punjab Mail USA)

## ਮਾਡਰਨ ਵਿਸਾਖੀ

ਨਾ ਦਾਤੀ ਨੂੰ ਲਗਦੇ ਘੁੰਗਰੂ
ਨਾ ਖੇਤੀ ਆਉਦੇ ਭੱਤੇ ਨੇ
ਵਾਢੀ ਵਸ ਮਸ਼ੀਨਾਂ ਪੈਗੀ
ਨਾ ਹੁਣ ਚੱਲਦੇ ਯੱਕੇ ਨੇ ।

ਭਲੇ ਦਿਨ ਸੀ ਉਹ ਮਿੱਤਰਾ
ਮਛਕਾ ਨਾਲ ਪਾਣੀ ਪਿਉਂਦੇ ਸੀ
ਰੁੱਘ ਭਰ ਵੱਲੀਆ ਦਾ ਲੈ ਕੇ
ਟੱਬਰ ਦੀ ਪਿਆਸ ਬੁਝਾਉਂਦੇ ਸੀ।

ਨਾ ਹੁਣ ਸਾਂਝੇ ਪਿੜ ਹੀ ਰਹਿਗੇ
ਨਾ ਪਹਿਲਾ ਜਿਹਾ ਪਿਆਰ ਰਿਹਾ
ਧਰਤੀ ਨੂੰ ਮਾਂ ਕਹਿੰਦੇ ਸੀ ਪਰ
ਬਣ ਉਹ ਅੱਜ ਵਪਾਰ ਗਿਆ।

ਹੁਣ ਨਾ ਵੱਜਣ ਦਮਾਮੇ ਜੱਟ ਤੋਂ
ਕਰਜ਼ੇ ਦਾ ਢੋਲ ਬਜਾਉਂਦਾ ਹੈ
ਨੱਕ ਤੱਕ ਡੁਬਿਆ ਫਿਰ ਵੀ ਦੇਖੋ
ਪੈਲੇਸਾਂ ਵਿਚ ਭੰਗੜੇ ਪਾਉਂਦਾ ਹੈ।

ਗਾਣਿਆਂ ਦੇ ਵਿਚ ਔਡੀ ਤੇ ਜੱਟ
ਮੌਜਾਂ ਖੂਬ ਮਨਾਉਂਦੇ ਨੇ
ਅਸਲ ਹਕੀਕਤ ਦੇਖੋਂ ਜਾ ਕੇ
ਮਰ ਮਰ ਜ਼ਿੰਦਗੀ ਜਿਉਂਦੇ ਨੇ।

ਧਾਲੀਵਾਲ ਸਮਾਂ ਹੁਣ ਬਦਲ ਗਿਆ ਹੈ
ਝੂਠੇ ਦੇ ਸਿਰ ਤਾਜ ਸਜੇ
ਵੋਟਾਂ ਨੇ ਹੁਣ ਪੈਸੇ ਦੇ ਨਾਲ
ਤਦੇ ਰਾਜ ਤੋਂ ਪਹਿਲਾ ਸੇਵਾ ਕਰੇ।

**-ਐਡਵੋਕੇਟ ਰਵਿੰਦਰ ਸਿੰਘ ਧਾਲੀਵਾਲ**
**ਪੰਜਾਬ ਹਰਿਆਣਾ ਹਾਈ ਕੋਰਟ ਚੰਡੀਗੜ**
**ਮੋਬ:** 78374-90309
(Punjab Mail USA)




## ਉਦਮੀ ਮਜ਼ਦੂਰਾ ਸਿਰਜਕ ਕਿਰਸਾਨਾਂ ਸੁਣ


### ਵਿਸਾਖੀ 'ਤੇ ਵਿਸ਼ੇਸ਼

ਉਦਮੀ ਮਜ਼ਦੂਰਾ ਸਿਰਜਕ ਕਿਰਸਾਨਾਂ ਸੁਣ।
ਹਾਸੇ ਖੁਸ਼ੀਆਂ ਤੇਰੇ ਨਾਲ ਜਵਾਨਾਂ ਸੁਣ।
ਤੇਰੇ ਖ਼ੂਨ ਪਸੀਨੇ ਦੇ ਵਿਚ ਸੂਰਜ ਹੈ।
ਸੁੰਦਰ ਕਾਏਨਾਤ ਤਿਰੀ ਹੀ ਮੂਰਤ ਹੈ।
ਰੀਸ ਤੇਰੀ ਕਰ ਸਕਦਾ ਵੀ ਭਗਵਾਨ ਨਹੀਂ।
ਤੇਰੇ ਵਰਗਾ ਦੁਨੀਆਂ 'ਤੇ ਇਨਸਾਨ ਨਹੀਂ।
ਦੇਸ਼ ਦੀਆਂ ਨੀਹਾਂ ਵਿਚ ਮੁੜਕਾ ਤੇਰਾ ਹੈ।
ਅੰਬਰ ਤੀਕਰ ਤੇਰੇ ਨਾਲ ਸਵੇਰਾ ਹੈ।
ਤੇਰੇ ਨੈਣਾਂ ਕਰਕੇ ਚੰਨ ਸਿਤਾਰੇ ਨੇ।
ਤੇਰੇ ਕਰਕੇ ਧਰਤੀ ਕੋਲ ਨਜ਼ਾਰੇ ਨੇ।
ਤੈਥੋਂ ਉਚੀ ਸੁੱਚੀ ਕੋਈ ਸ਼ਾਨ ਨਹੀਂ।
ਤੇਰੇ ਵਰਗਾ ਦੁਨੀਆਂ 'ਤੇ ਇਨਸਾਨ ਨਹੀਂ।
ਧਰਮ ਤਿਰਾ ਹੈ ਧਰਤੀ, ਧਰਤੀ ਜਾਤ ਤਿਰੀ।
ਸਭਨਾਂ ਦੇ ਲਈ ਚੜ੍ਹਦੀ ਹੈ ਪ੍ਰਭਾਤ ਤਿਰੀ।
ਕਣ ਕਣ ਤੇਰਾ ਅਪਣਾ ਕੋਈ ਨਾ ਦੂਜਾ ਹੈ।
ਕਿਰਤ ਤਿਰੀ ਵਿਚ ਮੰਦਿਰ ਵਰਗੀ ਪੂਜਾ ਹੈ।
ਕਿਹੜਾ ਤੇਰੀ ਹਿੰਮਤ ਤੋਂ ਕੁਰਬਾਨ ਨਹੀਂ।
ਤੇਰੇ ਵਰਗਾ ਦੁਨੀਆਂ 'ਤੇ ਇਨਸਾਨ ਨਹੀਂ।
ਤੇਰੇ ਕਰਕੇ ਔੜਾਂ ਵਿਚ ਖੁਸ਼ਹਾਲੀ ਹੈ।
ਮਹਿਕ ਰਹੀ ਗੁਲਸ਼ਨ ਦੀ ਡਾਲੀ ਡਾਲੀ ਹੈ।
ਪਰਬਤ ਚੀਰ ਵਿਖਾਵੇਂ ਨਹਿਰਾਂ ਕੱਢ ਦੇਵੇਂ।
ਧਰਤੀ ਦੀ ਹਿੱਕ ਚੀਰ ਸੁਨਹਿਰਾਂ ਕੱਢ ਦੇਵੇਂ।
ਹੋਰ ਕਿਸੇ ਦਾ ਏਦਾਂ ਦਾ ਈਮਾਨ ਨਹੀਂ।
ਤੇਰੇ ਵਰਗਾ ਦੁਨੀਆਂ 'ਤੇ ਇਨਸਾਨ ਨਹੀਂ।
ਖੋਜਾਂ ਦੇ ਸਿਰ ਉਤੇ ਤਾਜ ਰਖਾਏ ਤੂੰ।
ਚੰਨ ਦੇ ਉਤੇ ਚੜ੍ਹਕੇ ਚੰਨ ਸਜਾਏ ਤੂੰ।
ਯਾਰ ਤਰੱਕੀ ਦਾ ਤੂੰ ਸੂਤਰਧਾਰ ਰਿਆ।
ਤੇਰੇ ਵਿਚ ਅਲੌਕਿਕ ਇੱਕ ਭੰਡਾਰ ਰਿਆ।
ਤੂੰ ਅੰਨਦਾਤਾ ਏਂ ਤੇਰੀ ਪਹਿਚਾਨ ਨਹੀਂ।
ਤੇਰੇ ਵਰਗਾ ਦੁਨੀਆਂ 'ਤੇ ਇਨਸਾਨ ਨਹੀਂ।
ਕਦਰ ਤਿਰੀ ਨਾ ਜਾਣਨ ਨੇਤਾ ਰਿਸ਼ਵਤ ਖੋਰ।
ਕਦਰ ਤੇਰੀ ਪੈਣੀਂ ਸੀ ਜੇਕਰ ਹੁੰਦੇ ਹੋਰ।
ਤੇਰਾ ਖ਼ੂਨ ਪਸੀਨਾ ਲੁੱਟ ਲਿਆ ਚੋਰਾਂ ਨੇ।
ਬਾਗ਼ 'ਚ ਸੁੰਦਰ ਪੈਲਾਂ ਪਾਂਦੇ ਮੋਰਾਂ ਨੇ।
ਤੂੰ ਨਈਂ ਕੋਈ ਭੋਲਾ ਤੂੰ ਨਾਦਾਨ ਨਹੀਂ।
ਤੇਰੇ ਵਰਗਾ ਦੁਨੀਆਂ 'ਤੇ ਇਨਸਾਨ ਨਹੀਂ।
ਵੇਖ ਕਰਾਂਤੀ ਆਉਣੀ ਹਿੰਮਤ ਰੱਖ ਜਰਾ।
ਜ਼ਹਿਰ ਖੜੱਪੇ, ਬੀਸੀਅਰ ਦਾ ਵੀ ਚੱਖ ਜਰਾ।
ਸੱਪਾਂ ਦਾ ਕਬਜ਼ਾ ਹੈ ਵਰਮੀ ਉਤੇ ਅੱਜ।
ਕੱਢ ਕੱਢ ਮਾਰ ਮੁਕਾਣੇਂ, ਕਰ ਕਰ ਪੁੱਠੇ ਅੱਜ।
ਹੁਣ ਸੱਪਾਂ ਦਾ ਵਰਮੀ ਵਿਚ ਸਥਾਨ ਨਹੀਂ।
ਤੇਰੇ ਵਰਗਾ ਦੁਨੀਆਂ 'ਤੇ ਇਨਸਾਨ ਨਹੀਂ।
'ਲਾਲੋ' ਬਣਕੇ ਹੱਕ ਹਲਾਲ ਕਮਾਵੇਂ ਤੂੰ।
'ਬਾਲਮ' ਨਾਨਕ ਦਾ ਸੇਵਕ ਕਹਿਲਾਵੇਂ ਤੂੰ।
ਮਿੱਟੀ ਤੇਰੀ ਪੂਜਾ ਮਿੱਟੀ ਭਗਤੀ ਹੈ।
ਤੇਰੇ ਸਿਰ 'ਤੇ ਮਾਨਵਤਾ ਦੀ ਸ਼ਕਤੀ ਹੈ।
'ਸੱਜਣ' ਠੱਗਾਂ ਵਰਗਾ ਤੂੰ ਧਨਵਾਨ ਨਹੀਂ।
ਤੇਰੇ ਵਰਗਾ ਦੁਨੀਆਂ 'ਤੇ ਇਨਸਾਨ ਨਹੀਂ।

**-ਬਲਵਿੰਦਰ ਬਾਲਮ ਗੁਰਦਾਸਪੁਰ**
**ਓਂਕਾਰ ਨਗਰ, ਗੁਰਦਾਸਪੁਰ ਪੰਜਾਬ**
**ਮੋ. 98156-25409**

(Punjab Mail USA)




REALTYONEGROUP
FOR SALE & PURCHASE OF ANY KIND OF PROPERTY
Recently Sold Properties
Caravaggio, Sacramento
Stroman, Sacramento
Mason Ct, Tracy
Windsong Dr, Tracy
Oak Valley Way, Stockton
Van Eych, Sacramento
Valenda Ct, Elk Grove
Rodfo Ct, Sacramento
Masters St, Elk Grove
Little Harbor Ct, Elk Grove
Bond Road, Elk Grove
Bond Road, Elk Grove
New Listings
Bradshaw Road, Elk Grove
Neutra Way, Elk Grove
Pawcatuck Way, Rancho Cordova
Gurjatinder S. Randhawa
web: www.RealtorRandhawa.com
916-320-9444
garysingh123@yahoo.com
Gurjatinder S. Randhawa
REALTOR CA DRE licence # 01490567